ਕੈਨੇਡਾ ਦਰਪਣ

ਮਾਰਚ 22, 1985

March 22, 1985

ਸੰਪਾਦਕ: ਦਰਸ਼ਨ ਗਿੱਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਕੈਨੇਡਾ ਦਰਪਣ ਦਾ ਇਹ ਅੰਕ ਚਰਨਜੀਤ ਕੌਰ ਗਿੱਲ ਤੋਂ ਪ੍ਰਾਪਤ ਹੋਇਆ।

ਸਪਤਾਹਿਕ

ਕੈਨੇਡਾ ਦਰਪਣ

Second Class Mail
Reg. No. 5991

(ਆਨ.) ਚੀਫ ਐਡੀਟਰ: ਦਰਸ਼ਨ ਗਿੱਲ

ਕੀਮਤ 30 ਸੈਂਟ   Out of Greater Vancouver Price 40¢

THE CANADA DARPAN
Punjabi Weekly Newspaper

Weekending March 22, 1985
Vol. 4 No. 11
Editor-in-chief: (Hon.) Darshan Gill
Mailing Address:
P.O. Box 67344 Stn. 'O', Vancouver, B.C. V5W 3T1
Phone: 321-6360

ਬਿਦੇਸ਼ੀ ਅਤਿਵਾਦੀਆਂ ਦੀਆਂ ਜਾਇਦਾਦਾਂ ਜ਼ਬਤ ਲਈ ਕਾਨੂੰਨ ?

ਨਵੀਂ ਦਿਲੀ: ਭਾਰਤ ਦੇ ਗ੍ਰਹਿ ਮੰਤਰੀ ਐਸ. ਬੀ. ਚਵਾਨ ਨੇ ਅਕਾਲੀ ਲੀਡਰਾਂ ਦੀ ਰਿਹਾਈ ਦੇ ਐਲਾਨ ਕਰਨ ਸਮੇਂ ਪੱਤਰਕਾਰਾਂ ਨੂੰ ਦੱਸਿਆ ਕਿ ਸਰਕਾਰ ਪਾਰਲੀਮੈਂਟ ਵਿਚ ਅਜਿਹਾ ਬਿੱਲ ਲਿਆ ਰਹੀਂ ਹੈ ਜਿਸ ਨਾਲ ਬਦੇਸ਼ਾਂ ਵਿਚ ਅਤਿਵਾਦੀ ਅਤੇ ਵੱਖਵਾਦੀ ਕਾਰਵਾਈਆਂ ਵਿਚ ਰੁਝੇ ਹੋਏ ਭਾਰਤੀ ਮੂਲ ਦੇ ਲੋਕਾਂ ਦੀਆਂ ਜਾਇਦਾਦਾਂ ਜ਼ਬਤ ਕੀਤੀਆਂ ਜਾ ਸਕਣ।

ਗ੍ਰਹਿ ਮੰਤਰੀ ਨੇ ਆਪਣੇ ਬਿਆਨ ਵਿਚ ਕਿਹਾ ਕਿ ਇਸ ਕਾਨੂੰਨ ਨੂੰ 11 ਮਾਰਚ, 1985 ਤੋਂ ਹੀਂ ਲਾਗੂ ਕੀਤਾ ਜਾਵੇਗਾ। ਗ੍ਰਹਿ ਮੰਤਰੀ ਅਨੁਸਾਰ ਸਰਕਾਰ ਅਤਿਵਾਦੀਆਂ ਕਾਰਵਾਈਆਂ ਨਾਲ ਸਖਤੀ ਨਾਲ ਨਜਿਠੇਗੀ। ਹਰ ਕਿਸਮ ਦੀ ਅਤਿਵਾਦੀ ਦੇਸ਼-ਵਿਰੋਧੀ ਅਤੇ ਗੈਰ-ਸਮਾਜੀ ਕਾਰਵਾਈ ਨਾਲ ਸਖਤੀ ਨਾਲ ਨਿਪਟਿਆ ਜਾਵੇਗਾ।

ਬਿਆਨ ਵਿਚ ਕਿਹਾ ਗਿਆ ਹੈ ਕਿ ਜਿਨ੍ਹਾਂ ਲੋਕਾਂ ਦੀਆਂ ਜਾਇਦਾਦਾਂ ਭਾਰਤ ਵਿਚ ਹਨ ਪਰ ਬਦੇਸ਼ਾਂ ਵਿਚ ਉਹ ਭਾਰਤ-ਵਿਰੋਧੀ ਕਾਰਵਾਈਆਂ ਕਰ ਰਹੇ ਹਨ ਅਤੇ ਦੇਸ਼ ਦੀ ਅਖੰਡਤਾ ਨੂੰ ਭੰਗ ਕਰਨਾ ਚਾਹੁੰਦੇ ਹਨ, ਉਨ੍ਹਾਂ ਦੀ ਜਾਇਦਾਦਾਂ ਜ਼ਬਤ ਕਰਨ ਦੀ ਵਿਵਸਥਾ ਉਸ ਨਵੇਂ ਕਾਨੂੰਨ ਵਿਚ ਹੋਵੇਗੀ।

ਇਕ ਸਵਾਲ ਦਾ ਜਵਾਬ ਦਿੰਦਿਆਂ ਗ੍ਰਹਿਮੰਤਰੀ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਪੰਜਾਬ ਦੇ ਕੁਝ ਇਲਾਕਿਆਂ ਵਿਚੋਂ ਫੌਜ ਪਹਿਲਾਂ ਹੀ ਹਟਾ ਲਈ ਗਈ ਹੈ ਪਰ ਅਮਨ ਅਤੇ ਕਾਨੂੰਨ ਦੀ ਸਥਿਤੀ ਨੂੰ ਮੁੱਖ ਰੱਖਦਿਆਂ ਕੁਝ ਇਲਾਕਿਆਂ ਵਿਚ ਫੌਜ ਪੂਰੀ ਤਰ੍ਹਾਂ ਉਸ ਸਮੇਂ ਹਟਾਈ ਜਾਵੇਗੀ ਜਦ ਹਾਲਾਤ ਨਾਰਮਲ ਹੋ ਜਾਣ।

ਅਜੀਤ ਸਿੰਘ ਡਮਰੀ ਉਤੇ ਹਮਲਾ ਕਰਨ ਵਾਲਿਆਂ ਦੀ ਸ਼ਨਾਖਤ

ਵੈਨਕੂਵਰ: ਪਿਛਲੇ ਦਿਨੀਂ ਗੁਰਦੁਆਰਾ ਨੀਊ ਵੈਸਟ ਵਿਚ ਲੰਗਰ ਛਕ ਰਹੇ ਅਜੀਤ ਸਿੰਘ ਡਮਰੀ ਉਤੇ ਹਮਲਾ ਕਰਨ ਵਾਲਿਆਂ ਦੀ ਸ਼ਨਾਖਤ ਹੋ ਗਈ ਹੈ। ਅਜੀਤ ਸਿੰਘ ਡਮਰੀ ਨੂੰ ਡਰਾਉਣ ਧਮਕਾਉਣ ਤੋਂ ਪਿਛੋਂ ਤਿੰਨਾਂ ਵਿਅਕਤੀਆਂ ਨੇ ਗੁਰਦੁਆਰਾ ਨੀਊਵੈਸਟ ਵਿਚ ਉਨ੍ਹਾਂ ਦੇ ਘਸੁੰਨ ਏਨੇ ਜ਼ੋਰ ਨਾਲ ਮਾਰੇ ਕਿ ਉਨ੍ਹਾਂ ਦੇ ਕੰਨ ਦੇ ਉਪਰੇਸ਼ਨ ਨੂੰ ਤਿੰਨ ਘੰਟੇ ਲੱਗੇ। ਸ੍ਰੀ ਡਮਰੀ ਵੈਨਕੂਵਰ ਸਕੂਲ ਬੋਰਡ ਵਿਚ ਜੈਨੀਟਰ ਦਾ ਕੰਮ ਕਰਦੇ ਹਨ।

ਸ੍ਰੀ ਡਮਰੀ ਅਨੁਸਾਰ ਉਨ੍ਹਾਂ ਕੇਵਲ ਇੰਨਾ ਕਿਹਾ ਸੀ ਕਿ ਬਦੇਸ਼ਾਂ ਵਿਚ ਆਪਾਂ ਬੈਠੇ ਹਾਂ। ਕਮਿਊਨਿਟੀ ਵਿਚ ਹਰ ਇਕ ਨੂੰ ਆਪਣੇ ਵਿਚਾਰ ਰੱਖਣ ਦਾ ਹੱਕ ਹੈ। ਧੱਕੇ ਨਾਲ ਕਿਸੇ ਨੂੰ ਤੁਸੀਂ ਆਪਣੇ ਵਿਚਾਰਾਂ ਨਾਲ ਸਹਿਮਤ ਨਹੀਂ ਕਰ ਸਕਦੇ। ਇਸ ਲਈ ਗਲਬਾਤ ਹੀ ਅਜਿਹਾ ਜ਼ਰੀਆ ਹੈ।

ਇਕ ਖਬਰ ਅਨੁਸਾਰ ਹਮਲਾ ਕਰਨ ਵਾਲੇ ਤਿੰਨ ਵਿਅਕਤੀ ਸਨ।

ਸੰਤ ਲੌਂਗੋਵਾਲ ਸਮੇਤ ਅੱਠ ਅਕਾਲੀ ਲੀਡਰ ਰਿਹਾ

ਨਵੀਂ ਦਿੱਲੀ —(ਪੀ. ਟੀ. ਆਈ.) ਭਾਰਤ ਸਰਕਾਰ ਨੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੰਤ ਹਰਚੰਦ ਸਿੰਘ ਲੌਂਗੋਵਾਲ ਸਮੇਤ ਅੱਠ ਅਕਾਲੀ ਲੀਡਰ ਜੇਲ੍ਹਾਂ ਵਿਚੋਂ ਰਿਹਾ ਕਰ ਦਿੱਤੇ ਹਨ। ਰਿਹਾ ਹੋਣ ਵਾਲੇ ਲੀਡਰਾਂ ਵਿਚ ਜਗਦੇਵ ਸਿੰਘ ਤਲਵੰਡੀ, ਸੁਰਜੀਤ ਸਿੰਘ ਬਰਨਾਲਾ, ਆਤਮਾ ਸਿੰਘ, ਰਣਧੀਰ ਸਿੰਘ ਚੀਮਾਂ, ਉਜਾਗਰ ਸਿੰਘ ਸੇਖਵਾਂ, ਦਲੀਪ ਸਿੰਘ ਪਾਂਧੀ ਅਤੇ ਬਲਦੇਵ ਸਿੰਘ ਬਰਾੜ ਸ਼ਾਮਲ ਹਨ।

11 ਮਾਰਚ ਦੀ ਸ਼ਾਮ ਨੂੰ ਨਵੀਂ ਦਿੱਲੀ ਵਿਚ ਗ੍ਰਹਿ ਮੰਤਰੀ ਐਸ. ਬੀ. ਚਵਾਨ ਨੇ ਇਕ ਪ੍ਰੈਸ ਕਾਨਫਰੰਸ ਵਿਚ ਇਨ੍ਹਾਂ ਲੀਡਰਾਂ ਦੀ ਰਿਹਾਈ ਦਾ ਐਲਾਨ ਕੀਤਾ। ਐਲਾਨ ਤੋਂ ਪਿਛੋਂ ਉਸੇ ਰਾਤ ਇਹ ਅਕਾਲੀ ਲੀਡਰ ਜੇਲ੍ਹਾਂ ਵਿਚੋਂ ਛੱਡ ਦਿਤੇ ਗਏ। ਗ੍ਰਹਿ ਮੰਤਰੀ ਨੇ ਕਿਹਾ ਕਿ ਅਕਾਲੀ ਲੀਡਰਾਂ ਦੀ ਰਿਹਾਈ ਇਸ ਲਈ ਕੀਤੀ ਗਈ ਹੈ ਤਾਂਕਿ ਪੰਜਾਬ ਦੀ ਸਮੱਸਿਆ ਨੂੰ ਹੱਲ ਕਰਨ ਲਈ ਚੰਗਾ ਵਾਤਾਵਰਣ ਪੈਦਾ ਕੀਤਾ ਜਾ ਸਕੇ।

ਗ੍ਰਹਿ ਮੰਤਰੀ ਨੇ ਪ੍ਰੈਸ ਕਾਨਫਰੰਸ ਵਿਚ ਕਿਹਾ ਕਿ ਇਹ ਕਦਮ ਇਸ ਲਈ ਚੁਕਿਆ ਗਿਆ ਹੈ ਤਾਕਿ ਅਕਾਲੀ ਦਲ ਦਾ ਵਤੀਰਾ ਹਾਂ-ਪੱਖੀ ਹੋਵੇ। ਉਨ੍ਹਾਂ ਆਸ ਜ਼ਾਹਿਰ ਕੀਤੀ ਕਿ ਅਕਾਲੀ ਦਲ ਸਮੇਤ ਬਾਕੀ ਦੀਆਂ ਰਾਜਸੀ ਪਾਰਟੀਆਂ ਵੀ ਪੰਜਾਬ ਦੇ ਮਸਲੇ ਨੂੰ ਹੱਲ ਕਰਨ ਵਿਚ ਯੋਗਦਾਨ ਪਾਉਣਗੀਆਂ।

ਗ੍ਰਹਿ ਮੰਤਰੀ ਨੇ ਇਕ ਪੱਤਰਕਾਰ ਨੂੰ ਸਵਾਲ ਦਾ ਜਵਾਬ ਦਿੰਦਿਆਂ ਕਿਹਾ ਕਿ ਹੁਣ ਅਕਾਲੀ ਦਲ ਉਤੇ ਨਿਰਭਰ ਕਰਦਾ ਹੈ ਕਿ ਉਹ ਮਸਲੇ ਨੂੰ ਹੱਲ ਕਰਨ ਲਈ ਯੋਗ ਕਦਮ ਚੁੱਕੇ।

ਕਮਿਊਨਿਟੀ ਵਿਚ ਇਸ ਤਰ੍ਹਾਂ ਦੀ ਇਹ ਤੀਜੀ ਘਟਨਾ ਹੈ। ਪਹਿਲਾਂ ਪੰਜਾਬੀ ਲੇਖਕ ਗੁਰਚਰਨ ਰਾਮਪੁਰੀ ਉਤੇ ਅਜਿਹਾ ਹਮਲਾ ਕੀਤਾ ਗਿਆ ਸੀ। ਫਿਰ ਉਜੱਲ ਦੁਸਾਂਝ ਹਿੰਸਾ ਦਾ ਸ਼ਿਕਾਰ ਹੋਏ ਸਨ। ਤੇ ਹੁਣ ਅਜੀਤ ਸਿੰਘ ਡਮਰੀ ਉਤੇ ਹਮਲਾ ਕੀਤਾ ਗਿਆ ਹੈ। ਇਕ ਅਜਿਹੀ ਹਿੰਸਾਤਮਕ ਘਟਨਾ ਸਰੀ ਗੁਰੂ ਘਰ ਵਿਚ ਵੀ ਕੁਝ ਦੇਰ ਪਹਿਲਾਂ ਵਾਪਰੀ ਸੀ।

ਵਿਰੋਧੀ ਪਾਰਟੀਆਂ ਵਲੋਂ ਰਿਹਾਈ ਦਾ ਸਵਾਗਤ

ਭਾਰਤੀ ਜਨਤਾ ਪਾਰਟੀ ਦੇ ਇਕ ਬੁਲਾਰੇ ਨੇ ਆਸ ਜ਼ਾਹਿਰ ਕੀਤੀ ਹੈ ਕਿ ਪੰਜਾਬ ਵਿਚਲੀ ਖਿਚੋਤਾਣ ਨੂੰ ਦੂਰ ਕਰਨ ਲਈ ਇਹ ਪਹਿਲਾ ਚੰਗਾ ਕਦਮ ਹੈ।

ਜਨਤਾ ਪਾਰਟੀ ਨੇ ਕੇਂਦਰ ਸਰਕਾਰ ਨੂੰ ਤੁਰੰਤ ਅਕਾਲੀ ਲੀਡਰਾਂ ਨਾਲ ਸਮਝੌਤੇ ਦੀ ਗਲਬਾਤ ਸ਼ੁਰੂ ਕਰਨ ਲਈ ਜ਼ੋਰ ਦਿੰਦਿਆਂ ਕਿਹਾ ਹੈ ਬੜੀ ਦੇਰ ਤੋਂ ਲਟਕਦੀ ਆ ਰਹੀ ਪੰਜਾਬ ਸਮੱਸਿਆ ਦਾ ਹੱਲ ਤੁਰੰਤ ਕੀਤਾ ਜਾਣਾ ਚਾਹੀਦਾ ਹੈ

ਡੀ. ਐਮ. ਕੇ. ਪੀ. ਲੀਡਰ ਐਚ. ਐਨ. ਬਹੁਗੁਣਾ ਨੇ ਵੀ ਅਕਾਲੀ ਲੀਡਰਾਂ ਨਾਲ ਗਲਬਾਤ ਸ਼ੁਰੂ ਕਰਨ ਉਤੇ ਜ਼ੋਰ ਦਿਤਾ ਹੈ।

ਪੰਜ ਸਿੰਘ ਸਾਹਿਬਾਨਾਂ ਵਲੋਂ ਫੈਸਲੇ ਦਾ ਸਵਾਗਤ

ਪੀ. ਟੀ. ਆਈ. ਦੀ ਖਬਰ ਅਨੁਸਾਰ ਪੰਜਾਂ ਸਿੰਘ ਸਾਹਿਬਾਨਾਂ ਨੇ ਵੀ ਅਕਾਲੀ ਲੀਡਰਾਂ ਦੀ ਰਿਹਾਈ ਦਾ ਸਵਾਗਤ ਕੀਤਾ ਹੈ।

ਬਲਵੰਤ ਸਿੰਘ ਨੇ ਚੰਗਾ ਕਦਮ ਕਿਹਾ

ਸਾਬਕਾ ਖਜ਼ਾਨਾ ਮੰਤਰੀ ਸ. ਬਲਵੰਤ ਸਿੰਘ ਨੇ ਅਕਾਲੀ ਲੀਡਰਾਂ ਦੀ ਰਿਹਾਈ ਬਾਰੇ ਫੈਸਲੇ ਨੂੰ ਚੰਗਾ ਕਦਮ ਕਿਹਾ ਹੈ।

ਟੌਹੜਾ ਤੇ ਬਾਦਲ ਬਾਰੇ ਚਿੰਤਾ

ਰਾਜਸੀ ਹਲਕਿਆਂ ਵਿਚ ਇਸ ਗੱਲ ਉਤੇ ਹੈਰਾਨੀ ਤੇ ਚਿੰਤਾ ਪ੍ਰਗਟਾਈ ਜਾ ਰਹੀ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਅਤੇ ਸਾਬਕ ਮੁਖ ਮੰਤਰੀ ਸ: ਪ੍ਰਕਾਸ਼ ਸਿੰਘ ਬਾਦਲ ਨੂੰ ਰਿਹਾਈ ਵਿਚ ਹਿਚਕਚਾਹਟ ਕਿਉਂ ਕੀਤੀ ਗਈ ਹੈ।

ਕੈਨੇਡਾ ਦਰਪਣ

ਵੈਨਕੂਵਰ ਵਿਚ ਪ੍ਰਤੀਕਰਮ "ਮੈਂ ਵੱਖਵਾਦੀ ਨਹੀਂ ਹਾਂ" ਮੋਤਾ ਸਿੰਘ ਝੀਤਾ

ਵੈਨਕੂਵਰ: 12 ਮਾਰਚ ਦੇ 'ਪ੍ਰੋਵਿੰਨਸ' ਅਖਬਾਰ ਨੂੰ ਇੰਟਰਵਿਊ ਵਿਚ ਖਾਲਸਾ ਦੀਵਾਨ ਸੁਸਾਇਟੀ, ਵੈਨਕੂਵਰ ਦੇ ਸਾਬਕਾ ਪ੍ਰਧਾਨ ਸ: ਮੋਤਾ ਸਿੰਘ ਝੀਤਾ ਨੇ ਕਿਹਾ ਹੈ ਕਿ ਉਹ ਵੱਖਵਾਦੀ ਨਹੀਂ ਹਨ ਪਰ ਉਨ੍ਹਾਂ ਨੂੰ ਡਰ ਹੈ ਕਿ ਉਹ ਵੀ ਕੈਨੇਡੀਅਨ ਸਿੱਖਾਂ ਵਿਚੋਂ ਇਕ ਹੋ ਸਕਦੇ ਹਨ ਜਿਨ੍ਹਾਂ ਦੀ ਜਾਇਦਾਦਾਂ ਨੂੰ ਖਤਰਾ ਹੈ।

11 ਮਾਰਚ ਨੂੰ ਨਵੀਂ ਦਿਲੀ ਵਿਚ ਗ੍ਰਹਿਮੰਤਰੀ ਐਸ. ਬੀ. ਚਵਾਨ ਨੇ ਕਿਹਾ ਹੈ ਕਿ ਭਾਰਤ ਸਰਕਾਰ ਅਜਿਹਾ ਕਾਨੂੰਨ ਬਣਾ ਰਹੀ ਹੈ ਜਿਸ ਨਾਲ ਬਦੇਸ਼ਾਂ ਵਿਚ ਵਸਦੇ ਭਾਰਤੀ ਮੂਲ ਦੇ ਲੋਕ ਜੋ ਭਾਰਤ ਦੇ ਸ਼ਹਿਰੀ ਨਹੀਂ ਹਨ ਅਤੇ ਬਦੇਸ਼ਾਂ ਵਿਚ ਅਤਿਵਾਦੀ ਅਤੇ ਵੱਖਵਾਦੀ ਕਾਰਵਾਈਆਂ ਵਿਚ ਰੁਝੇ ਹੋਏ ਹਨ, ਉਨ੍ਹਾਂ ਦੀਆਂ ਜਾਇਦਾਦਾਂ ਜ਼ਬਤ ਕੀਤੀਆਂ ਜਾਣਗੀਆਂ।

'ਕਿਸੇ ਨੂੰ ਕੀ ਪਤਾ ਹੈ ਕਿ ਕੌਣ ਵੱਖਵਾਦੀ ਹੈ, ਕੌਣ ਨਹੀਂ ?' ਸ. ਸਿੱਧੂ

ਸ: ਮੋਤਾ ਸਿੰਘ ਝੀਤਾ, ਜਿਨ੍ਹਾਂ ਨੂੰ 60,000 ਸਿੱਖ ਕਮਿਊਨਿਟੀ ਦਾ ਬੁਲਾਰਾ ਕਿਹਾ ਗਿਆ ਹੈ, ਅੱਗੇ ਕਿਹਾ ਕਿ ਇਹ 'ਡਿਕਟੇਟਰਾਨਾ ਕਾਰਵਾਈ' ਹੈ।

ਰੌਸ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਸ. ਜੋਗਿੰਦਰ ਸਿੰਘ ਸਿੱਧੂ ਨੇ ਕਿਹਾ 'ਇਹ ਸਿੱਖਾਂ ਨਾਲ ਹੋਰ ਬੇਇਨਸਾਫੀ ਹੈ।'

ਅਖਬਾਰ ਨੇ ਲਿਖਿਆ ਹੈ ਕਿ ਸ. ਸਿੱਧੂ ਦੀ ਪੰਜਾਬ ਵਿਚ 15 ਏਕੜ ਜ਼ਮੀਨ ਹੈ ਅਤੇ ਉਨ੍ਹਾਂ ਨੇ ਕਿਹਾ ਹੈ ਬਹੁਤੇ ਸਿੱਖ ਪੰਜਾਬ ਵਿਚ 'ਆਪਣਾ ਰਾਜ' ਚਾਹੁੰਦੇ ਹਨ ਇਸ ਲਈ 'ਬਲੈਕ ਲਿਸਟ' ਕੀਤੇ ਗਏ ਹਨ। ਸ: ਸਿੱਧੂ ਨੇ ਅਖਬਾਰ ਨੂੰ ਕਿਹਾ, "ਕਿਸੇ ਨੂੰ ਕੀ ਪਤਾ ਹੈ ਕਿ ਕੌਣ ਵੱਖਵਾਦੀ ਹੈ ਅਤੇ ਕੌਣ ਨਹੀਂ ?"

ਸਮਾਨਤਾ ਅਤੇ ਅੰਤ੍ਰਰਾਸ਼ਟਰੀ ਨਾਰੀ ਦਿਵਸ 1985:

ਸਮਾਨਤਾ ਨੇ ਇਸ ਵਾਰ ਵੀ ਔਰਤਾਂ ਦੇ ਅੰਤ੍ਰਰਾਸ਼ਟਰੀ ਦਿਵਸ ਉੱਤੇ ਮਾਰਚ 9, ਨੂੰ ਪੈਦਲ ਜਲੂਸ ਅਤੇ ਰੈਲੀ ਵਿਚ ਹਿਸਾ ਲਿਆ ਅਤੇ ਜਾਣਕਾਰੀ ਬੂਥ ਲਾਇਆ। ਕੋਈ ਦੋ ਢਾਈ ਹਜ਼ਾਰ ਔਰਤਾਂ ਵੱਲੋਂ ਵੈਨਕੂਵਰ ਵਿਚ ਮਾਰਚ 9 ਨੂੰ ਸਵੇਰੇ ਗਿਆਰਾਂ ਵਜੇ ਜਲੂਸ ਕਢਿਆ ਗਿਆ ਜਿਹੜਾ ਵਿਕਟਰੀ ਸੁਕੇਅਰ ਤੋਂ ਸ਼ੁਰੂ ਹੋ ਕੇ ਆਰਟ ਗੈਲਰੀ ਤੱਕ ਗਿਆ ਕੋਈ ਅੱਸੀ ਜਥੇਬੰਦੀਆਂ ਦੀਆਂ ਔਰਤਾਂ ਵੱਖੋ ਵੱਖ ਤੇ ਰੰਗ ਬਰੰਗੇ ਝੰਡੇ ਚੁਕੀ ਮਾਰਚ ਕਰਦੀਆਂ ਹੋਈਆਂ ਰੈਲੀ ਵਾਲੀ ਥਾਂ ਤੇ ਗਈਆਂ ਜਿਥੇ ਵੱਖ ਵੱਖ ਜਥੇਬੰਦੀਆਂ ਦੀਆ ਪ੍ਰਤੀਨਿਧ ਔਰਤਾਂ ਨੇ ਆਪਣੇ ਹੱਕਾਂ, ਸੱਮਸਿਆਵਾਂ ਅਤੇ ਮੰਗਾਂ ਬਾਰੇ ਵਿਚਾਰ ਰਖੇ। ਸਮਾਨਤਾ ਦੀ ਅਗਜ਼ੇਕਟਿਵ ਦੀ ਮੈਂਬਰ ਕਰੁਣਾ ਅਗਰਵਾਲ ਨੇ ਰੈਲੀ ਵਿਚ ਬੋਲਦਿਆਂ ਅੰਗਰੇਜ਼ੀ ਦੂਜੀ ਭਾਸ਼ਾ ਦੇ ਤੌਰ ਤੇ ਪੜ੍ਹਾਏ ਜਾਣ ਦੇ ਬੱਜਟ ਵਿਚ ਸਰਕਾਰ ਵਲੋਂ ਕਟੌਤੀ ਕਰਨ ਦੀ ਪੁਰਜ਼ੋਰ ਸ਼ਬਦਾ ਵਿਚ ਨਿਖੇਧੀ ਕੀਤੀ।

ਮਾਰਚ 10 ਨੂੰ ਵੈਨਕੂਵਰ ਟੈਕਨੀਕਲ ਸਕੂਲ ਵਿਖੇ ਅੰਤ੍ਰਰਾਸ਼ਟਰੀ ਨਾਰੀ ਦਿਵਸ ਦੀਆਂ ਸਰਗਰਮੀਆਂ ਦੇ ਸਿਲਸਿਲੇ ਵਿਚ ਵੱਖ ਵੱਖ ਜਥੇਬੰਦੀਆਂ ਵਲੋਂ ਜਾਣਕਾਰੀ ਬੂਥ ਲਾਏ ਗਏ ਅਤੇ ਵਰਕਸ਼ਾਪਾਂ ਕੀਤੀਆ ਗਈਆਂ। ਸਮਾਨਤਾ ਦੇ ਬੂਥ ਵਿਚ ਸਮਾਨਤਾ ਦੇ ਇਤਿਹਾਸ ਦੀ ਡਾਇਰੀ, ਉਦੇਸ਼ਾਂ ਬਾਰੇ ਪੱਤਰਕਾ, ਪਿਛਲੇ ਸਾਲਾਂ ਦੀਆਂ ਨਿਊਜ਼ ਲੈਟਰਜ਼ ਤੇ ਵਰਕਸ਼ਾਪਾਂ ਲਈ ਤਿਆਰ ਕੀਤੇ ਪੇਪਰ ਰਖੇ ਗਏ। ਕਈ ਹੋਰ ਜਥੇਬੰਦੀਆਂ ਦੇ ਪ੍ਰਤੀਨਿਧਾਂ ਨਾਲ ਵਿਚਾਰ ਵਟਾਂਦਰੇ ਵਿਚ ਸਮਾਨਤਾ ਦੇ ਮੈਂਬਰਾ ਨੇ ਔਰਤਾਂ ਉਤੇ ਹੁੰਦੇ ਤਸ਼ੱਦਦ, ਅਤੇ ਉਨ੍ਹਾਂ ਔਰਤਾਂ ਨੂੰ ਕਿਵੇਂ ਸਹਾਇਤਾ ਪਹੁੰਚਾਈ ਜਾਂਦੀ ਹੈ ਬਾਰੇ ਗੱਲਬਾਤ ਕੀਤੀ। ਟ੍ਰਾਂਜੀਸ਼ਨ ਘਰਾਂ ਬਾਰੇ ਕਮਿਊਨਿਟੀ ਵਿਚ ਕਿਸ ਤਰਾਂ ਜਾਣਕਾਰੀ ਭੇਜੀ ਜਾਏ ਬਾਰੇ ਸੁਝਾ ਦੇਂਦਿਆਂ ਸਮਾਨਤਾ ਦੀ ਇਕ ਮੈਂਬਰ ਨੇ ਸੁਝਾ ਦਿਤਾ ਕਿ ਸਾਡੇ ਲੋਕਲ ਅਖਬਾਰਾਂ ਨਾਲ ਸੰਪਰਕ ਕੀਤਾ ਜਾਏ ਅਤੇ ਆਰਟੀਕਲ ਲਿਖਕੇ ਜਾਂ ਜਾਣਕਾਰੀ ਲਿਖ ਕੇ ਉਨ੍ਹਾਂ ਨੂੰ ਭੇਜੀ ਜਾਏ ਤਾਂ ਜੋ ਉਹ ਛਾਪ ਕੇ ਆਮ ਲੋਕਾਂ ਤੱਕ ਪਹੁੰਚਾ ਸਕਣ।

1985 ਦੇ ਔਰਤਾਂ ਦੇ ਅੰਤ੍ਰਰਾਸ਼ਟਰੀ ਦਿਵਸ ਤੇ ਸਮਾਨਤਾ ਵਲੋਂ ਸਾਰੀਆਂ ਔਰਤਾਂ ਨੂੰ ਵਧਾਈ ਹੋਵੇ, ਅਤੇ ਅਪੀਲ ਹੈ ਕਿ ਆਪਣੇ ਹੱਕਾਂ ਪ੍ਰਤੀ ਹੋਰ ਸੁਚੇਤ ਹੋਣ, ਤਸ਼ੱਦਦ ਸਹਿਣ ਤੋਂ ਇਨਕਾਰ ਕਰਨ ਅਤੇ ਆਪਣੀ ਜਿੰਦਗੀ ਨੂੰ ਚੰਗੇਰੀ ਬਣਾਉਣ ਲਈ ਆਪਣੇ ਹੱਕਾਂ ਪ੍ਰਤੀ ਸੰਘਰਸ਼ ਜਾਰੀ ਰੱਖਣ।

(ਸਮਾਨਤਾ ਐਗਜ਼ੇਕਟਿਵ ਕਮੇਟੀ)

ਵਪਾਰੀ ਵੀਰਾਂ ਲਈ ਸੂਚਨਾ

ਵੈਨਕੂਵਰ ਅਤੇ ਸਰੀ ਵਿਚ ਕੁਝ ਕੁ ਵਿਅਕਤੀਆਂ ਨੇ 'ਕੈਨੇਡਾ ਦਰਪਣ' ਨੂੰ ਵਪਾਰਕ ਨੁਕਤੇ ਤੋਂ ਨੁਕਸਾਨ ਪਹੁੰਚਾਣ ਦੀ ਕੋਸ਼ਿਸ਼ ਕੀਤੀ ਹੈ ਅਤੇ ਜ਼ਬਰਦਸਤੀ ਕੁਝ ਦੁਕਾਨਾਂ ਤੋਂ ਅਖਬਾਰ ਚੁਕੇ ਹਨ। ਵਪਾਰੀ ਵੀਰਾਂ ਅੱਗੇ ਬੇਨਤੀ ਹੈ ਕਿ ਅਜਿਹੇ ਹੁਲੜਬਾਜ਼ਾਂ ਤੋਂ ਘਬਰਾਉਣ ਦੀ ਲੋੜ ਨਹੀਂ। ਕਾਨੂੰਨੀ ਚਾਰਜੋਈ ਹੀ ਇਨ੍ਹਾਂ ਲੋਕਾਂ ਦਾ ਸਹੀ ਇਲਾਜ ਹੈ। ਸੋ ਅਜਿਹੀ ਗੈਰ ਕਾਨੂੰਨੀ ਕਾਰਵਾਈ ਲਈ ਕਾਨੂੰਨੀ ਢੰਗ ਨਾਲ ਹੀ ਨਜਿਠਿਆ ਜਾਵੇਗਾ।

ਐਡਵਰਟਾਇਜ਼ਮਿੰਟ ਦੇਣ ਲਈ ਮਿਲੋ ਜਾਂ ਫੂਨ ਕਰੋ। ਭਵਖੰਡਨ 324-4381



ਪੰਜਾਬੀ ਲੇਖਕ ਹਰਭਜਨ ਹਾਂਸ ਦੇ ਘਰ ਕਾਕੇ ਰਵੀਰਾਜ ਨੇ 28 ਦਸੰਬਰ 1984 ਨੂੰ ਜਨਮ ਲਿਆ। 'ਕੈਨੇਡਾ ਦਰਪਣ' ਕਾਮਨਾ ਕਰਦਾ ਹੈ ਕਿ ਰਵੀਰਾਜ ਦੀ ਉਮਰ ਜੁਗਾਂ ਜੇਡੀ ਲੰਮੀ ਹੋਵੇ!

ਪੰਜਾਬੀ ਸਾਹਿਤ ਅਤੇ ਸਭਿਆਚਾਰਕ ਸਭਾ ਵਿਨੀਪੇਗ ਵਲੋਂ:

ਪ੍ਰੈਸ ਰੀਲੀਜ਼

ਪੰਜਾਬੀ ਸਾਹਿਤ ਅਤੇ ਸਭਿਆਚਾਰਕ ਸਭਾ ਵਿੰਨੀਪੈਗ ਦੀ ਮੀਟਿੰਗ 24 ਫਰਵਰੀ ਨੂੰ ਹੋਈ। ਪੰਜਾਬ ਦੀ ਮੌਜੂਦਾ ਸਥਿਤੀ ਬਾਰੇ ਵਿਚਾਰ ਵਟਾਂਦਰਾ ਕਰਨ ਤੋਂ ਬਾਅਦ ਸਾਰੇ ਮੈਂਬਰਾਂ ਦੀ ਸਹਿਮਤੀ ਨਾਲ ਹੇਠ ਲਿਖੇ ਮਤੇ ਪਾਸ ਕੀਤੇ ਗਏ।

ਸਭਾ ਦੇ ਮੈਂਬਰ ਪੰਜਾਬ ਦੀ ਸਥਿਤੀ ਉਤੇ ਚਿੰਤਾ ਅਤੇ ਦੁਖ ਪ੍ਰਗਟ ਕਰਦੇ ਹਨ। ਪੰਜਾਬ ਵਿਚ ਫੌਜ ਆਇਆਂ ਲਗਭਗ ਇਕ ਸਾਲ ਹੋ ਗਿਆ ਹੈ। ਕੇਂਦਰੀ ਸਰਕਾਰ ਦੀਆਂ ਚੋਣਾਂ ਵੀ ਹੋ ਚੁੱਕੀਆਂ ਹਨ। ਪਰ ਪੰਜਾਬ ਦੇ ਹਾਲਾਤ ਨੌਰਮਲ ਕਰਨ ਵਿਚ ਕੇਂਦਰੀ ਸਰਕਾਰ ਦੀ ਕੋਈ ਦਿਲਚਸਪੀ ਨਹੀਂ ਲਗਦੀ। ਫੋਕੀ ਬਿਆਨਬਾਜ਼ੀ ਤੋਂ ਇਲਾਵਾ ਪੰਜਾਬ ਦੀ ਹਾਲਤ ਸੁਧਾਰਣ ਬਾਰੇ ਕੋਈ ਠੋਸ ਕਦਮ ਨਹੀਂ ਚੁਕੇ ਗਏ। ਪੰਜਾਬ ਦੀ ਜਨਤਾ ਫੌਜੀ ਅਤੇ ਪੁਲਸੀ ਜਬਰ ਥੱਲੇ ਤ੍ਰਾਹ ਰਹੀ ਹੈ ਜਨਸਾਧਾਰਣ ਦੀ ਅਜ਼ਾਦੀ ਅਤੇ ਮੁਢਲੇ ਹੱਕਾਂ ਉਤੇ ਕੇਂਦਰੀ ਹਕੂਮਤ ਛਾਪਾ ਮਾਰੀ ਬੈਠੀ ਹੈ। ਸਭਾ ਕੇਂਦਰੀ ਸਰਕਾਰ ਤੋਂ ਮੰਗ ਕਰਦੀ ਹੈ ਕਿ ਉਹ ਪੰਜਾਬ ਦੇ ਮਸਲੇ ਨੂੰ ਹੱਲ ਕਰਨ ਲਈ ਗੰਭੀਰ ਹੋ ਕੇ ਕੋਈ ਠੋਸ ਕਦਮ ਚੁਕੇ। ਪੰਜਾਬ ਦੀ ਸਮਸਿਆ ਨੂੰ ਹੱਲ ਕਰਨ ਦੀ ਨੇਕ-ਨੀਅਤੀ ਦਰਸਾਉਣ ਲਈ ਕੇਂਦਰੀ ਸਰਕਾਰ ਨੂੰ ਹੇਠ ਲਿਖੇ ਕੰਮ ਕਰਨੇ ਚਾਹੀਦੇ ਹਨ।

1. ਪੰਜਾਬ ਵਿਚੋਂ ਫੌਜ ਫੌਰਨ ਵਾਪਸ ਬੁਲਾਈ ਜਾਵੇ।
2. ਲੋਕਾਂ ਉਤੇ ਕੀਤਾ ਜਾਂਦਾ ਫੌਜੀ-ਪੁਲਸੀ ਜਬਰ ਬੰਦ ਕੀਤਾ ਜਾਵੇ।
3. ਲੋਕਾਂ ਉਤੇ ਠੋਸੇ ਜਾਬਰ ਕਾਨੂੰਨ ਭੰਗ ਕੀਤੇ ਜਾਣ ਅਤੇ ਇਹਨਾਂ ਕਾਨੂੰਨਾਂ ਥੱਲੇ ਫੜੇ ਜਨ ਸਾਧਾਰਣ ਨੂੰ ਰਿਹਾ ਕੀਤਾ ਜਾਵੇ।
4. ਦਿੱਲੀ ਅਤੇ ਹੋਰ ਸ਼ਹਿਰਾਂ ਵਿਚ ਹੋਏ ਫਾਸ਼ਿਸ਼ਟ ਦੰਗੇ ਜਿਨ੍ਹਾਂ ਵਿਚ ਹਜ਼ਾਰਾਂ ਬੇ-ਗੁਨਾਹ ਮਾਰੇ ਗਏ ਅਤੇ ਜਾਇਦਾਦ ਦਾ ਨੁਕਸਾਨ ਹੋਇਆ, ਦੀ ਅਦਾਲਤੀ ਜਾਂਚ ਕਰਵਾ ਕੇ ਦੋਸ਼ੀਆਂ ਨੂੰ ਉਚਿਤ ਸਜ਼ਾਵਾਂ ਦਿਤੀਆਂ ਜਾਣ।
5. ਪੰਜਾਬ ਦੇ ਸਮੁੱਚੇ ਲੋਕਾਂ ਦੇ ਹਿੱਤਾਂ ਨੂੰ ਸਾਹਮਣੇ ਰਖਦੇ ਹੋਏ ਪੰਜਾਬ ਦਾ ਸਿਆਸੀ ਹੱਲ ਲਭਿਆ ਜਾਏ।

ਸਭਾ ਪੰਜਾਬ ਦੇ ਲੋਕਾਂ ਨੂੰ ਅਪੀਲ ਕਰਦੀ ਹੈ ਕਿ ਵਰਤਮਾਨ ਗੰਭੀਰ ਸੰਕਟ ਸਮੇਂ ਸਾਰੇ ਪੰਜਾਬੀ ਲੋਕ ਇਕੱਠੇ ਹੋ ਕੇ ਕੇਂਦਰੀ ਸਰਕਾਰ ਦੇ ਇਸ ਧੱਕੇ ਵਿਰੁੱਧ ਜਦੋ ਜਹਿਦ ਕਰਨ। ਇਹ ਮਸਲਾ ਕਿਸੇ ਇਕ ਫਿਰਕੇ, ਧਰਮ ਜਾਂ ਸੂਬੇ ਦਾ ਨਹੀਂ, ਇਹ ਸਮੁਚੇ ਭਾਰਤ ਦੇ ਜਨਸਾਧਾਰਣ ਦਾ ਮਸਲਾ ਹੈ ਜਿਸਨੂੰ ਸਾਰੇ ਭਾਰਤ ਦੇ ਲੋਕ ਇਕਠੇ ਹੋ ਕੇ ਹੀ ਹਲ ਕਰ ਸਕਦੇ ਹਨ।

ਸ਼ਾਂਤਾ ਕੁਮਾਰ ਨੂੰ ਹਾਰ

ਧਰਮਸ਼ਾਲਾ: (ਵਿਸ਼ੇਸ਼ ਪ੍ਰਤੀਨਿਧ) ਹਿਮਾਚਲ ਪ੍ਰਦੇਸ਼ ਵਿਚ ਭਾਰਤੀ ਜਨਤਾ ਪਾਰਟੀ ਨੂੰ ਉਦੋਂ ਵੱਡੀ ਸੱਟ ਵੱਜੀ ਜਦੋਂ ਸਾਬਕਾ ਮੁਖ ਮੰਤਰੀ ਸ਼ਾਂਤਾ ਕੁਮਾਰ ਕਾਂਗੜਾ ਜ਼ਿਲੇ ਦੇ ਸੁਲ੍ਹਾ ਹਲਕੇ ਤੋਂ ਕਾਂਗਰਸ (ਆਈ) ਦੇ ਉਮੀਦਵਾਰ ਮਾਨ ਚੰਦ ਤੋਂ 461 ਵੋਟਾਂ ਦੇ ਫਰਕ ਨਾਲ ਹਾਰ ਗਏ।

ਪੁਸਤਕ ਵਿਰੁਧ ਕੇਸ ਦੀ ਸੁਣਵਾਈ 25 ਨੂੰ

ਚੰਡੀਗੜ੍ਹ: ਚੰਡੀਗੜ੍ਹ ਦੇ ਸਬ ਜੱਜ ਦਰਜਾ ਅਵੱਲ ਸ੍ਰੀ ਆਰ. ਪੀ. ਸ਼ਰਮਾ ਨੇ ਸ੍ਰੀ ਨਵਜੀਤ ਸਿੰਘ ਬਰਾੜ ਐਡਵੋਕੇਟ ਵਲੋਂ "ਸਿੱਖ ਆਨ ਦੀ ਕਰਾਸ ਰੋਡ" ਦੀ ਪੁਸਤਕ ਦੇ ਲੇਖਕ ਸ. ਭਗਵੰਤ ਸਿੰਘ ਸਿੱਧੂ ਐਡਵੋਕੇਟ ਜਨਰਲ ਪੰਜਾਬ, ਸ੍ਰੀ ਧਨਵੰਤ ਸਿੰਘ ਮਾਨ, ਡਾਇਰ੦ਕਟਰ ਪੰਜਾਬ ਸਟੇਟ ਕੋਆਪ੍ਰੇਟਿਵ ਬੈਂਕ ਤੇ ਇਸ ਦੇ ਪ੍ਰਕਾਸ਼ਕ ਵਿਰੁਧ ਦਾਇਰ ਕੀਤੇ ਕੇਸ ਦੀ ਸੁਣਵਾਈ 25 ਮਾਰਚ ਤਕ ਅੱਗੇ ਪਾ ਦਿਤੀ ਹੈ।

ਅਦਾਲਤ ਵਲੋਂ ਜਾਰੀ ਕੀਤੇ ਨੋਟਿਸ ਦੀ ਤਾਮੀਲ ਹੋਣ ਮਗਰੋਂ ਤਿੰਨ ਮਾਰਚ ਨੂੰ ਸੁਣਵਾਈ ਹੋਈ ਸੀ। ਪ੍ਰੰਤੂ ਪ੍ਰਕਾਸ਼ਕ ਤੇ ਲੇਖਕ ਦੇ ਵਕੀਲ ਸ੍ਰੀ ਅਨਿਲ ਸ਼ਰਮਾ ਨੇ ਜੁਆਬੀ ਦਾਖਲੇ ਲਈ 25 ਮਾਰਚ ਤਕ ਸਮਾ ਮੰਗਿਆ। ਅਦਾਲਤ ਨੇ ਇਸ ਲਈ 25 ਮਾਰਚ ਤਕ ਸੁਣਵਾਈ ਅੱਗੇ ਪਾ ਦਿਤੀ।

ਪਬਲਿਕ ਅਨਾਊਂਸਮੈਂਟ

ਫਰੇਜ਼ਰ ਕੇਬਲ 10 — ਨਿਆਂ ਸੰਸਾਰ ਪ੍ਰੋਗਰਾਮ

ਨਿਆਂ ਸੰਸਾਰ ਪ੍ਰੋਗਰਾਮ ਕੇਬਲ 10 ਤੇ ਹਰ ਮੰਗਲਵਾਰ ਸ਼ਾਮ ਨੂੰ 7 ਤੋਂ 7.30 ਵਜੇ ਆਇਆ ਕਰੇਗਾ। ਇਹ ਪਰੋਗਰਾਮ ਪੋਰਟ ਕੁਕਟਿਲਮ, ਪੋਰਟ ਮੂਡੀ, ਕੁਕਟਿਲਮ ਅਤੇ ਮਿਸ਼ਨ ਆਦਿ ਸ਼ਹਿਰਾਂ ਵਿਚ ਆਇਆ ਕਰੇਗਾ। ਹੋਰ ਜਾਣਕਾਰੀ ਲਈ :

521-3473
ਪਰਮਿੰਦਰ ਹੇਰ
ਸਟੂਡੀਓ ਦਾ ਫੋਨ :
941-9431

ਸਿੱਖ ਫਿਰਕੇ 'ਤੇ 'ਵੱਖਵਾਦੀ' ਹੋਣ ਦਾ ਠੱਪਾ ਲਾਉਣ ਦੀ ਉੱਘੇ ਪੰਜਾਬੀਆਂ ਵਲੋਂ ਨਿਖੇਧੀ

ਅੰਮ੍ਰਿਤਸਰ: (ਵਿਸ਼ੇਸ਼ ਪ੍ਰਤੀਨਧ) — ਕੁਝ ਉਘੇ ਪੰਜਾਬੀਆਂ ਨੇ ਪੂਰੇ ਸਿੱਖ ਫਿਰਕੇ ਨੂੰ "ਵੱਖਵਾਦੀ" ਕਹਿ ਕੇ ਬਦਨਾਮ ਕਰਨ ਦੀਆਂ ਕੋਸ਼ਿਸ਼ਾਂ ਦੀ ਕਰੜੀ ਨਿਖੇਧੀ ਕੀਤੀ ਹੈ ਅਤੇ ਮੰਗ ਕੀਤੀ ਹੈ ਕਿ ਅਜਿਹੀਆ ਕੋਸ਼ਿਸ਼ਾਂ ਬੰਦ ਕੀਤੀਆਂ ਜਾਣੀਆਂ ਚਾਹੀਦੀਆਂ ਹਨ।

ਇਥੇ ਖਾਲਸਾ ਕਾਲਜ ਵਿਖੇ ਪੰਜਾਬ ਮਸਲੇ ਬਾਰੇ ਇਕ ਵਿਚਾਰ ਗੋਸ਼ਟੀ ਵਿਚ ਭਾਗ ਲੈਂਦਿਆਂ ਇਨ੍ਹਾ ਪੰਜਾਬੀਆ ਨੇ ਕਿਹਾ ਕਿ ਸਿੱਖ ਹਮੇਸ਼ਾ ਹੀ ਭਾਰਤੀ ਕੌਮ ਦਾ ਅਟੁੱਟ ਅੰਗ ਰਹੇ ਹਨ ਅਤੇ ਉਨ੍ਹਾ ਨੂੰ ਅਜਿਹਾ ਹੋਣ 'ਤੇ ਮਾਣ ਵੀ ਹੈ।

ਵਿਚਾਰ ਗੋਸ਼ਟੀ ਵਿਚਲੇ ਬੁਲਾਰਿਆਂ ਦਾ ਕਹਿਣਾ ਸੀ ਕਿ ਸਰਕਾਰ ਵਲੋਂ ਸਿੱਖਾ ਨੂੰ ਦੇਸ਼-ਵਿਰੋਧੀ ਦੱਸਣ ਦੀਆਂ ਲਗਾਤਾਰ ਕੋਸ਼ਿਸ਼ਾਂ ਕਾਰਨ ਪੂਰਾ ਸਿੱਖ ਫਿਰਕਾ ਆਪਣੇ ਆਪ ਨੂੰ ਜ਼ਲੀਲ ਹੋਇਆ ਮਹਿਸੂਸ ਕਰ ਰਿਹਾ ਹੈ।

ਸਾਰੇ ਬੁਲਾਰਿਆ ਦੀ ਰਾਏ ਸੀ ਕਿ ਸਿੱਖਾ ਤੇ ਹਿੰਦੂਆਂ ਵਿਚਾਲੇ ਕੋਈ ਟਕਰਾਅ ਨਹੀਂ ਅਤੇ ਸਿੱਖਾਂ ਨੂੰ ਗਿਲਾ-ਗੁੱਸਾ ਸਰਕਾਰ 'ਤੇ ਹੈ, ਹਿੰਦੂਆਂ 'ਤੇ ਨਹੀਂ

ਵਿਚਾਰ ਗੋਸ਼ਟੀ ਦਾ ਆਯੋਜਨ ਖਾਲਸਾ ਕਾਲਜਾ ਦੇ ਸ਼ੋਸ਼ਲ ਸਾਇੰਸਜ਼ ਬਾਰੇ ਵਿਭਾਗ ਨੇ ਕੀਤਾ। ਬੁਲਾਰਿਆ ਵਿਚ ਲੈਫਟੀ ਜਨਰਲ (ਰਿਟਾ) ਜਗਜੀਤ ਸਿੰਘ ਅਰੋੜਾ, ਸਾਬਕਾ ਸੂਚਨਾ ਤੇ ਪ੍ਰਸਾਰਨ ਮੰਤਰੀ ਇੰਦਰ ਕੁਮਾਰ ਗੁਜਰਾਲ, ਉਘੇ ਪੱਤਰਕਾਰ ਸ੍ਰੀ ਕੁਲਦੀਪ ਨਈਅਰ, ਚੀਫ ਖਾਲਸਾ ਦੀਵਾਨ ਦੇ ਸਕੱਤਰ ਸ੍ਰੀ ਦਿਲਬਾਰ ਸਿੰਘ ਤੇ ਸ੍ਰੀ ਹਰਚਰਨ ਬੈਂਸ ਸ਼ਾਮਲ ਸਨ।

ਵਿਚਾਰ ਗੋਸ਼ਟੀ ਨੂੰ ਦੋ ਸੈਸ਼ਨਾਂ ਵਿਚ ਵੰਡਿਆ ਗਿਆ। ਪਹਿਲੇ ਸੈਸ਼ਨ ਦਾ ਵਿਸ਼ਾ ਸੀ: "ਮਸਲੇ ਦੀ ਪਹਿਚਾਣ"। ਦੂਜੇ ਸੈਸ਼ਨ ਵਿਚ ਮਸਲੇ ਦੇ ਸੰਭਾਵਿਤ ਹੱਲ ਬਾਰੇ ਵਿਚਾਰ-ਵਟਾਂਦਰਾ ਕੀਤਾ ਗਿਆ। ਦੋਹਾਂ ਸੈਸ਼ਨਾਂ ਵਿਚ ਬੁੱਧੀ ਜੀਵੀਆ ਅਧਿਆਪਕਾਂ, ਵਿਦਿਆਰਥੀਆ, ਸਨਅਤਕਾਰਾਂ ਤੇ ਵਕੀਲਾਂ ਦੀ ਵੱਡੀ ਗਿਣਤੀ ਨੇ ਹਿੱਸਾ ਲਿਆ।

ਵਿਚਾਰ ਗੋਸ਼ਟੀ ਦਾ ਉਦਘਾਟਨ ਕਾਲਜ ਦੇ ਪ੍ਰਿੰਸੀਪਲ ਸ੍ਰੀ ਗੁਰਬਖਸ਼ ਸਿੰਘ ਸ਼ੇਰਗਿਲ ਨੇ ਕੀਤਾ। ਉਨ੍ਹਾਂ ਕਿਹਾ ਕਿ ਇਸ ਵਿਚਾਰ ਗੋਸ਼ਟੀ ਦੇ ਆਯੋਜਨ ਦਾ ਮਨੋਰਥ ਸਿੱਖਾਂ ਨੂੰ ਉਨ੍ਹਾ ਅੰਦਰਲੇ "ਰੋਹ, ਦਰਦ ਤੇ ਗੁੱਸੇ" ਨੂੰ "ਸੋਚਣੀ" ਵਿਚ ਬਦਲਣ 'ਚ ਮੱਦਦ ਦੇਣਾ ਹੈ ਤਾਂ ਜੋ ਪੂਰਾ ਫਿਰਕਾ ਭਾਵੁਕਤਾ ਦੀ ਗ੍ਰਿਫਤ ਵਿਚੋਂ ਨਿਕਲ ਸਕੇ ਅਤੇ ਆਪਣਾ ਸਵੈਮਾਨ ਤੇ ਵੱਕਾਰ ਮੁੜ ਹਾਸਲ ਕਰ ਸਕੇ।

ਪੰਜਾਬ ਦਰਪਣ



ਗੋਸ਼ਟੀ ਵਿਚ (ਸੱਜੇ ਤੋਂ ਖੱਬੇ) ਜਨਰਲ ਜਗਜੀਤ ਸਿੰਘ ਅਰੋੜਾ, ਸ੍ਰੀ ਇੰਦਰ ਕੁਮਾਰ ਗੁਜਰਾਲ, ਡਾ. ਹਰੀਸ਼ ਪੁਰੀ, ਡਾ. ਹਰਚਰਨ ਸਿੰਘ ਬੈਂਸ, ਡਾ. ਅਮਰ ਸਿੰਘ ਧਾਲੀਵਾਲ, ਪ੍ਰਿੰਸੀਪਲ ਗੁਰਬਖਸ਼ ਸਿੰਘ ਸ਼ੇਰਗਿੱਲ ਅਤੇ ਸ੍ਰੀ ਕੁਲਦੀਪ ਨਈਯਰ ਆਪਣੇ ਵਿਚਾਰ ਪ੍ਰਗਟ ਕਰਦੇ ਹੋਏ।

ਭਾਵੇਂ ਵਿਚਾਰ ਗੋਸ਼ਟੀ ਵਿਚਲੇ ਬੁਲਾਰਿਆਂ ਦੇ ਵਿਚਾਰ ਵੱਖ ਵੱਖ ਸਨ ਪਰ ਉਹ ਸਾਰੇ ਇਸ ਮੁੱਦੇ 'ਤੇ ਸਹਿਮਤ ਸਨ ਕਿ ਪੰਜਾਬ ਮਸਲੇ ਦਾ ਫੌਰੀ ਹੱਲ ਪੂਰੇ ਦੇਸ਼ ਦੇ ਹਿਤ ਵਿਚ ਹੈ ਅਤੇ ਸਰਕਾਰ ਨੂੰ ਇਸ ਦਿਸ਼ਾ ਵਿਚ ਹੋਰ ਢਿੱਲ-ਮੱਠ ਨਹੀਂ ਵਿਖਾਉਣੀ ਚਾਹੀਦੀ।

ਵਿਚਾਰ ਗੋਸ਼ਟੀ ਵਿਚਲੇ ਸਾਰੇ ਬੁਲਾਰਿਆਂ ਨੇ ਦਿੱਲੀ ਤੇ ਹੋਰਨਾਂ ਥਾਵਾ 'ਤੇ ਹੋਏ ਦੰਗਿਆਂ ਦੀ ਅਦਾਲਤੀ ਜਾਂਚ ਕਰਵਾਏ ਜਾਣ ਦੀ ਵੀ ਮੰਗ ਕੀਤੀ ਅਤੇ ਕਿਹਾ ਕਿ ਅਜਿਹਾ ਕਰਵਾਉਣਾ ਜਨਤਕ ਹਿਤ ਵਿਚ ਹੋਵੇਗਾ। ਉਨ੍ਹਾ ਦੀ ਰਾਏ ਸੀ ਕਿ ਦੰਗਿਆਂ ਲਈ ਜ਼ਿੰਮੇਵਾਰ ਅਨਸਰ, ਚਾਹੇ ਕਿੰਨੇ ਉਚੇ ਅਹੁਦਿਆ 'ਤੇ ਵੀ ਹੋਣ, ਕਿਸੇ ਵੀ ਸੂਰਤ ਵਿਚ ਬਖਸ਼ੇ ਨਹੀਂ ਜਾਣੇ ਚਾਹੀਦੇ।

ਸਾਰੇ ਬੁਲਾਰਿਆਂ ਵਿਚ ਇਸ ਮੁੱਦੇ 'ਤੇ ਵੀ ਸਹਿਮਤੀ ਸੀ ਕਿ ਚੰਡੀਗੜ੍ਹ ਤੁਰਤ ਪੰਜਾਬ ਹਵਾਲੇ ਕੀਤਾ ਜਾਣਾ ਚਾਹੀਦਾ ਹੈ ਅਤੇ ਦਰਿਆਈ ਪਾਣੀਆਂ ਦਾ ਮਸਲਾ ਫੈਸਲੇ ਲਈ ਸੁਪਰੀਮ ਕੋਰਟ ਦੇ ਸਪੁਰਦ ਕੀਤਾ ਜਾਣਾ ਚਾਹੀਦਾ ਹੈ।

ਸਾਰੇ ਬੁਲਾਰਿਆਂ ਨੇ ਅਕਾਲੀ ਦਲ ਨੂੰ ਅਪੀਲ ਕੀਤੀ ਕਿ ਉਹ ਆਪਣੀਆਂ ਮੰਗਾਂ ਬਾਰੇ ਭਰਮ-ਭੁਲੇਖੇ ਦੂਰ ਕਰੇ ਅਤੇ ਆਨੰਦਪੁਰ ਸਾਹਿਬ ਦੇ ਮਤੇ ਨੂੰ ਸਰਕਾਰੀਆ ਕਮਿਸ਼ਨ ਦੇ ਹਵਾਲੇ ਕਰੇ।

ਸ੍ਰੀ ਗੁਜਰਾਲ ਨੇ ਵਿਚਾਰ ਗੋਸ਼ਟੀ ਵਿਚ ਪੇਸ਼ ਕੀਤੇ ਵਿਚਾਰਾਂ ਦਾ ਸਾਰ ਪੇਸ਼ ਕਰਦਿਆਂ ਕਿਹਾ ਕਿ ਹਿੰਦੂਆ ਤੇ ਸਿੱਖਾ ਵਿਚਲਾ ਪਾੜਾ ਮੇਲਣ ਅਤੇ ਦੋਹਾਂ ਫਿਰਕਿਆ ਵਿਚਾਲੇ ਸਬੰਧ ਰਵਾਇਤੀ ਪੱਧਰ ਤੇ ਮੁੜ ਸਖਾਵੇਂ ਬਨਾਉਣ ਲਈ ਠੋਸ ਯਤਨ ਕੀਤੇ ਜਾਣੇ ਚਾਹੀਦੇ ਹਨ।

ਬੁਲਾਰਿਆ ਦੀ ਇਹ ਵੀ ਰਾਏ ਸੀ ਕਿ ਪੰਜਾਬ ਵਿਚ ਫੌਜੀ ਕਾਰਵਾਈ ਦੌਰਾਨ ਨਜ਼ਰਬੰਦ ਕੀਤੇ ਵਿਅਕਤੀਆਂ ਵਿਚੋਂ ਜਿਨ੍ਹਾਂ ਵਿਰੁਧ ਠੋਸ ਕੇਸ ਨਹੀਂ ਬਣਦਾ, ਉਨ੍ਹਾ ਨੂੰ ਤੁਰੰਤ ਰਿਹਾਅ ਕੀਤਾ ਜਾਣਾ ਚਾਹੀਦਾ ਹੈ। ਜਿਨ੍ਹਾ 'ਤੇ ਕੇਸ ਬਣਦੇ ਹਨ, ਉਨ੍ਹਾ 'ਤੇ ਮੁਕੱਦਮੇ ਵਿਸ਼ੇਸ਼ ਅਦਾਲਤਾਂ ਵਿਚ ਨਹੀਂ ਸਗੋਂ ਆਮ ਅਦਾਲਤਾ ਵਿਚ ਚਲਾਏ ਜਾਣੇ ਚਾਹੀਦੇ ਹਨ ਤਾਂ ਜੋ ਅਦਾਲਤੀ ਨਿਆਂ-ਪ੍ਰਕਿਰਿਆ ਨੂੰ ਠੇਸ ਨਾ ਪਹੁੰਚੇ।

ਵਿਚਾਰ ਗੋਸ਼ਟੀ ਦੇ ਦੋਹਾਂ ਸੈਸ਼ਨਾਂ ਵਿਚ ਬੋਲਦਿਆ ਸ੍ਰੀ ਕੁਲਦੀਪ ਨਈਅਰ ਨੇ ਸੁਝਾਅ ਦਿਤਾ ਕਿ 13 ਅਪਰੈਲ, 1978 ਦੀ ਅਕਾਲੀ-ਨਿਰੰਕਾਰੀ ਝੜਪ ਤੋਂ ਲੈ ਕੇ ਨਵੰਬਰ, 1984 ਦੇ ਸਿੱਖ ਵਿਰੋਧੀ ਦੰਗਿਆਂ ਤਕ ਦੀਆਂ ਘਟਨਾਵਾ ਦੀ ਮੁਕੰਮਲ ਜਾਂਚ ਕਰਵਾਈ ਜਾਵੇ। ਸ੍ਰੀ ਨਈਅਰ ਨੇ ਪੰਜਾਬ ਮਸਲੇ ਨੂੰ ਫਿਰਕੂ ਰੂਪ ਦੇਣ ਲਈ ਜਲੰਧਰ ਦੇ ਅਖਬਾਰਾਂ ਨੂੰ ਵੀ ਦੋਸ਼ੀ ਠਹਿਰਾਇਆ ਅਤੇ ਪ੍ਰੈਸ ਕੌਂਸਲ ਨੂੰ ਕਿਹਾ ਕਿ ਉਹ ਇਨ੍ਹਾਂ ਅਖਬਾਰਾ ਨੂੰ ਸੰਕੋਚ ਤੇ ਸੰਜੀਦਗੀ ਤੋਂ ਕੰਮ ਲੈਣ ਲਈ ਕਹੇ।

ਜਨਰਲ ਅਰੋੜਾ ਦਾ ਵਿਚਾਰ ਸੀ ਕਿ ਸਿੱਖਾਂ ਵਿਚ ਇਹ ਸੋਚ ਪਾਈ ਜਾਂਦੀ ਹੈ ਕਿ ਉਨ੍ਹਾਂ ਨੂੰ ਅਜਿਹੀ ਕਸੂਤੀ ਸਥਿਤੀ ਵਿਚ ਜਾਣ-ਬੁੱਝ ਕੇ ਫਸਾਇਆ ਗਿਆ ਜਿਸ ਦਾ ਉਨ੍ਹਾਂ ਨੂੰ ਕਦੇ ਚਿਤ-ਚੇਤਾ ਵੀ ਨਹੀਂ ਸੀ। ਉਨ੍ਹਾਂ ਕਿਹਾ ਕਿ ਦਰਬਾਰ ਸਾਹਿਬ ਵਿਚ ਫੌਜੀ ਕਾਰਵਾਈ ਇਕ "ਮੂਰਖਤਾਨਾ ਕਾਰਵਾਈ" ਸੀ।

ਉਨ੍ਹਾਂ ਦੰਗਿਆ ਲਈ ਕਾਂਗਰਸ (ਆਈ) ਤੇ ਸਰਕਾਰ ਨੂੰ ਦੋਸ਼ੀ ਦੱਸਿਆ, ਪਰ ਨਾਲ ਹੀ ਪੰਜਾਬ ਦੇ ਸਿੱਖਾਂ ਨੂੰ ਕਿਹਾ ਕਿ ਕੋਈ ਮਾੜੀ ਜਾਂ ਬਦਲਾ-ਲਊ ਹਰਕਤ ਕਰਨ ਤੋਂ ਪਹਿਲਾ ਉਹ ਪੰਜਾਬੋਂ ਬਾਹਰ ਰਹਿੰਦੇ ਸਿੱਖਾਂ ਦਾ ਧਿਆਨ ਧਰ ਲੈਣ। ਉਨ੍ਹਾਂ ਦਾ ਕਹਿਣਾ ਸੀ ਕਿ ਪੰਜਾਬ ਵਿਚਲੀਆ ਘਟਨਾਵਾ ਦਾ "ਮੁਆਵਜ਼ਾ ਪੰਜਾਬੋਂ ਬਾਹਰ ਰਹਿੰਦੇ ਸਿੱਖਾਂ ਨੂੰ ਤਾਰਨਾ ਪੈਂਦਾ ਹੈ।"

ਵਿਚਾਰ ਗੋਸ਼ਟੀ ਵਿਚ ਡਾ. ਹਰੀਸ਼ ਪੁਰੀ, ਅਕਾਲੀ ਦਲ ਦੇ ਸਕੱਤਰਥ ਸ. ਗੁਰਦੇਵ ਸਿੰਘ ਤੇ ਸਿੱਖ ਰੈਫਰੈਂਸ ਲਾਇਬਰੇਰੀ ਦੇ ਇੰਚਾਰਜ ਸ. ਦਵਿੰਦਰ ਸਿੰਘ ਦੁੱਗਲ ਨੇ ਵੀ ਹਿੱਸਾ ਲਿਆ।

ਟੌਹੜਾ ਵਿਰੁਧ ਬੇਵਿਸਾਹੀ ਮਤੇ ਦਾ ਵਿਚਾਰ ਤਿਆਗਿਆ

ਅੰਮ੍ਰਿਤਸਰ: ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ. ਗੁਰਚਰਨ ਸਿੰਘ ਟੌਹੜਾ ਦੇ ਵਿਰੋਧੀਆਂ ਨੇ 25 ਮਾਰਚ ਤੋਂ ਸ਼ੁਰੂ ਹੋਣ ਵਾਲੇ ਕਮੇਟੀ ਦੇ ਬਜਟ ਅਜਲਾਸ ਦੌਰਾਨ ਸ. ਟੌਹੜਾ ਵਿਰੁਧ ਬੇਵਿਸਾਹੀ ਮਤਾ ਪੇਸ਼ ਕਰਨ ਦਾ ਵਿਚਾਰ ਤਿਆਗ ਦਿਤਾ ਹੈ।

ਸ. ਟੌਹੜਾ ਦੇ ਵਿਰੋਧੀਆਂ ਅਨੁਸਾਰ ਇਹ ਫੈਸਲਾ ਸਿੱਖ ਜਗਤ ਦੇ ਮੌਜੂਦਾ ਮੂਡ ਨੂੰ ਮੁਖ ਰੱਖ ਕੇ ਲਿਆ ਗਿਆ ਹੈ। ਸਮਝਿਆ ਜਾਂਦਾ ਹੈ ਕਿ ਆਮ ਸਿੱਖ ਅਕਾਲੀ ਨੇਤਾਵਾ ਵਲੋਂ ਇਕ-ਦੂਜੇ 'ਤੇ ਚਿੱਕੜ ਉਛਾਲਣ ਦੀਆਂ ਹਰਕਤਾਂ ਤੋਂ ਨਾਖੁਸ਼ ਹਨ ਅਤੇ ਅਕਾਲੀ ਨੇਤਾਵਾਂ ਵਿਚ ਏਕਾ ਚਾਹੁੰਦੇ ਹਨ।

ਸ. ਟੌਹੜਾ ਦੇ ਕੱਟੜ ਵਿਰੋਧੀਆ ਵਿਚੋਂ ਇਕ, ਜੋ ਕਿ ਸ਼ਰੋਮਣੀ ਕਮੇਟੀ ਦਾ ਮੈਂਬਰ ਵੀ ਹੈ, ਅਨੁਸਾਰ ਮਤਾ ਪੇਸ਼ ਕਰਨ ਦਾ ਇਰਾਦਾ ਰੱਖਣ ਵਾਲਿਆਂ ਨੂੰ ਇਸ ਗੱਲ 'ਤੇ ਸ਼ੱਕ ਸੀ ਕਿ ਜਥੇਦਾਰ ਜਗਦੇਵ ਸਿੰਘ ਤਲਵੰਡੀ ਦੀ ਅਗਵਾਈ ਹੇਠਲੇ ਅਕਾਲੀ ਦਲ ਵਿਚਲੇ ਟੌਹੜਾ ਵਿਰੋਧੀਆ ਤੋਂ ਉਨ੍ਹਾ ਨੂੰ ਭਰਵੀਂ ਹਮਾਇਤ ਮਿਲੇਗੀ।

'ਸ਼ਰਤਾਂ ਸਿਰਫ ਚੋਣ ਸਟੰਟ'

ਅੰਮ੍ਰਿਤਸਰ: ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕਾਇਮ-ਮੁਕਾਮ ਪ੍ਰਧਾਨ ਸ੍ਰੀ ਪ੍ਰੇਮ ਸਿੰਘ ਲਾਲਪੁਰਾ ਨੇ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਦੇ ਇਸ ਬਿਆਨ 'ਤੇ ਤਿੱਖੀ ਪ੍ਰਤੀਕਿਰਿਆ ਪ੍ਰਗਟ ਕੀਤੀ ਹੈ ਕਿ ਅਕਾਲੀ ਹਿੰਸਾ ਦੀ ਨਿਖੇਧੀ ਕਰਨ ਵਿਚ ਅਸਫਲ ਰਹੇ ਹਨ।

ਅਜ ਇੱਥੇ ਇਕ ਬਿਆਨ ਵਿਚ ਸ੍ਰੀ ਲਾਲਪੁਰਾ ਨੇ ਕਿਹਾ ਕਿ ਪ੍ਰਧਾਨ ਮੰਤਰੀ ਵਲੋਂ ਅਕਾਲੀਆਂ ਨਾਲ ਗੱਲਬਾਤ ਲਈ ਇਹ ਦੋ ਸ਼ਰਤਾਂ ਲਏ ਜਾਣ, — ਕਿ ਅਕਾਲੀ ਅਤਿਵਾਦ ਦੀ ਨਿਖੇਧੀ ਕਰਨ ਅਤੇ ਆਪਣੀਆਂ ਮੰਗਾਂ ਨੂੰ ਸੰਵਿਧਾਨ ਦੇ ਅੰਦਰ ਰੱਖਣ, ਇਕ ਚੋਣ-ਸਟੰਟ ਤੋਂ ਵਧ ਹੋਰ ਕੁਝ ਨਹੀਂ ਸੀ।

ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਦਾ ਅਕਾਲੀਆਂ 'ਤੇ ਸ਼ਰਤਾਂ ਲਗਾਉਣ ਦਾ ਕੋਈ ਇਖਲਾਕੀ ਹੱਕ ਨਹੀਂ ਬਣਦਾ ਕਿਉਂਕਿ ਉਹ ਖੁਦ ਦਿੱਲੀ ਦੇ ਦੰਗਿਆਂ ਦੀ ਅਦਾਲਤੀ ਜਾਂਚ ਕਰਵਾਉਣ ਵਿਚ ਅਸਫਲ ਰਹੇ ਹਨ।

ਉਨ੍ਹਾਂ ਸਪੱਸ਼ਟ ਕੀਤਾ ਕਿ ਕੇਂਦਰ ਨਾਲ ਸਿਰਫ ਆਨੰਦਪੁਰ ਸਾਹਿਬ ਮਤੇ ਦੇ ਆਧਾਰ 'ਤੇ ਹੀ ਗੱਲਬਾਤ ਹੋ ਸਕਦੀ ਹੈ।

THE CANADA DARPAN
(Punjabi Weekly Newspaper)
P.O. Box 67344 Stn. 'O', Vancouver, B.C. V5W 3T1
Chief Editor: (Hon.) DARSHAN GILL
Advertising: BHAV KHANDAN SINGH
Circulation: SATINDER SIDHU
Art: N. DHALIWAL
All office holders of CANADA DARPAN are honorary associates.
'ਕੈਨੇਡਾ ਦਰਪਣ' ਵਿੱਚ ਛਪੀਆਂ ਰਚਨਾਵਾਂ ਲਈ ਲੇਖਕ ਆਪ ਜ਼ਿੰਮੇਵਾਰ ਹਨ। ਐਡੀਟਰ ਜਾਂ ਪਬਲਿਸ਼ਰ ਦਾ ਉਹਨਾਂ ਵਿੱਚ ਦਿੱਤੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।

ਪੰਜਾਬ ਦੇ ਅਖਬਾਰਾਂ ਦੀਆਂ ਟਿੱਪਣੀਆਂ

ਹਿੰਦੂਆਂ ਅਤੇ ਸਿੱਖਾਂ ਵਿਚਕਾਰ ਫੈਲਿਆ ਅਜੋਕਾ ਅਵਿਸ਼ਵਾਸ਼, ਨਕਲੀ ਅਤੇ ਥੋਪਿਆ ਹੋਣ ਦੇ ਬਾਵਜੂਦ ਏਨਾ ਵਾਸਤਵਿਕ ਬਣਦਾ ਜਾ ਰਿਹਾ ਹੈ ਕਿ ਸਾਡਾ ਰਾਸ਼ਟਰੀ ਜੀਵਨ ਹੀ ਖਤਰੇ ਵਿਚ ਪੈ ਰਿਹਾ ਹੈ। ਦੋ ਢਾਈ ਸਾਲ ਪਹਿਲਾਂ ਇਹ ਇਉਂ ਨਹੀਂ ਸੀ। ਇਤਿਹਾਸ ਦੀ ਗੱਡੀ, ਕਿੰਨੀ ਵੀ ਤੇਜ਼ ਕਿਉਂ ਨਾ ਹੋ ਜਾਵੇ, ਕਿਸੇ ਇਕ ਦੇਸ਼ ਵਿਚਲੇ ਦੋ ਵਰਗਾਂ ਵਿਚ ਸਦੀਆਂ ਤੋਂ ਬਣੇ ਆ ਰਹੇ ਸਬੰਧ ਇਸ ਤਰ੍ਹਾਂ ਇਕ ਦਮ ਨਹੀਂ ਬਦਲਦੇ। ਦੋਵਾਂ ਵਿਚ ਜੋ ਦਵੇਸ਼ ਅਤੇ ਅਵਿਸ਼ਵਾਸ ਪੈਦਾ ਹੋਇਆ ਹੈ ਉਹ ਕੁਦਰਤੀ ਅਤੇ ਸਹਿਜ ਰੂਪ ਵਿਚ ਪੈਦਾ ਹੋ ਹੀ ਨਹੀਂ ਸਕਦਾ ਸੀ। ਇਹ ਨਕਲੀ ਗਰਭਦਾਨ ਨਾਲ ਪੈਦਾ ਕੀਤਾ ਗਿਆ ਹੈ ਅਤੇ ਇਸ ਨੂੰ ਪੈਦਾ ਕੀਤਾ ਹੈ ਭਾਰਤ ਸਰਕਾਰ ਅਤੇ ਮੀਡੀਆ ਨੇ। ਇਹ ਮੰਨਣਾ ਪਵੇਗਾ ਕਿ ਅਕਾਲੀਆਂ ਦੇ ਹੁਣ ਤਕ ਦੇ ਸਾਰੇ ਅੰਦੋਲਨ ਅਹਿੰਸਕ ਰਹੇ ਹਨ। ਅਜ ਅਸੀਂ ਅਕਾਲੀਆਂ ਦੀ ਕਿੰਨੀ ਹੀ ਨਿੰਦਾ ਕਿਉਂ ਨਾ ਕਰੀਏ, ਲੇਕਿਨ ਇਹ ਹਕੀਕਤ ਹੈ ਕਿ ਗੁਰਦੁਆਰਾ ਸੁਧਾਰ ਅੰਦੋਲਨ ਤੋਂ ਲੈ ਕੇ ਹੁਣ ਤਕ ਉਨ੍ਹਾਂ ਦੇ ਅੰਦੋਲਨ ਦੀ ਇਕ ਜ਼ਬਰਦਸਤ ਅਹਿੰਸਕ ਪ੍ਰੰਪਰਾ ਰਹੀ ਹੈ। ਗੁਰਦੁਆਰਾ ਅੰਦੋਲਨ ਦੇ ਦਿਨਾਂ ਵਿਚ ਵੀ ਸਿੱਖਾਂ ਵਿਚ ਦਹਿਸ਼ਤਪਸੰਦ ਸਨ, ਪਰ ਉਹ ਕਦੇ ਵੀ ਮੁਖ ਧਾਰਾ ਵਿਚ ਨਹੀਂ ਸਨ ਅਤੇ ਉਹ ਇਸ ਪੰਜ ਜੂਨ ਤਕ ਵੀ ਨਹੀਂ ਸਨ।

—ਲੋਅ

ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਨੇ ਇਹ ਗੱਲ ਪ੍ਰਵਾਨ ਕੀਤੀ ਹੈ ਕਿ ਸਿੱਖ ਮਨਾਂ ਵਿਚ ਕੁਝ ਸ਼ੰਕੇ ਹਨ, ਉਹ ਦੂਰ ਕੀਤੇ ਜਾਣ ਦੀ ਲੋੜ ਹੈ। ਕਿਹਾ ਜਾਣਾ ਚਾਹੀਦਾ ਹੈ ਕਿ ਪ੍ਰਧਾਨ ਮੰਤਰੀ ਨੇ ਅਸੂਲੀ ਤੌਰ 'ਤੇ ਇਹ ਪਰਵਾਨ ਕਰ ਲਿਆ ਕਿ ਸਿੱਖਾਂ ਨਾਲ ਵਧੀਕੀ ਹੋਈ ਹੈ ਤੇ ਹੋ ਰਹੀ ਹੈ, ਵਰਨਾ ਸ਼ੰਕੇ ਪੈਦਾ ਹੋਣ ਦਾ ਸੁਆਲ ਹੀ ਨਹੀਂ ਉਠਦਾ। ਜੇ ਸ੍ਰੀ ਰਾਜੀਵ ਗਾਂਧੀ ਏਸੇ ਹੀ ਮਾਮਲੇ ਨੂੰ ਆਧਾਰ ਬਣਾ ਕੇ ਅਕਾਲੀ ਦਲ ਦੀਆਂ ਮੰਗਾਂ ਨੂੰ ਹੱਲ ਕਰਨ ਲਈ ਅੱਗੇ ਵਧਦੇ ਹਨ ਤਾਂ ਇਸ ਨਾਲ ਮਾਹੌਲ ਵਿਚ ਜ਼ਰੂਰ ਸੁਖਾਵਾਂਪਨ ਆਵੇਗਾ। ਸ੍ਰੀ ਰਾਜੀਵ ਗਾਂਧੀ ਨੇ ਜਿਥੇ ਇਹ ਗੱਲ ਕਹੀ, ਉਥੇ ਅਕਾਲੀ ਦਲ ਉਪਰ ਕਿੰਤੂ ਵੀ ਕੀਤਾ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਅਕਾਲੀ ਦਲ ਸਾਹਮਣੇ ਜੋ ਦੋ ਸ਼ਰਤਾਂ ਰੱਖੀਆਂ ਸਨ, ਅਕਾਲੀ ਦਲ ਨੇ ਉਨ੍ਹਾਂ ਦਾ ਮਜ਼ਾਕ ਉਡਾਇਆ ਹੈ। ਯਾਦ ਰਹੇ ਕਿ ਸ੍ਰੀ ਰਾਜੀਵ ਗਾਂਧੀ ਨੇ ਕੁਝ ਦਿਨ ਹੋਏ ਕਿਹਾ ਸੀ ਕਿ ਅਕਾਲੀ ਆਪਣੀਆਂ ਮੰਗਾਂ ਨੂੰ ਸੰਵਿਧਾਨ ਵਿਚ ਸੀਮਤ ਰੱਖਣ ਅਤੇ ਅਤਿਵਾਦੀਆਂ ਨਾਲੋਂ ਨਾਤਾ ਤੋੜ ਕੇ ਅਤਿਵਾਦੀਆਂ ਦੀ ਨਿਖੇਧੀ ਕਰਨ ਤਾ ਉਹ ਅਕਾਲੀ ਦਲ ਨਾਲ ਗੱਲਬਾਤ ਲਈ ਤਿਆਰ ਹਨ। ਪਰ ਇਸ ਗੱਲ ਦਾ ਕੋਈ ਸਬੂਤ ਨਹੀਂ ਮਿਲਦਾ ਕਿ ਪ੍ਰਧਾਨ ਮੰਤਰੀ ਨੇ ਉਪਰੋਕਤ ਦੋਵੇਂ ਸ਼ਰਤਾ ਅਕਾਲੀ ਹਾਈ ਕਮਾਂਡ ਜਾਂ ਜੇਲ੍ਹਾਂ ਵਿਚ ਬੰਦ ਨੇਤਾਵਾਂ ਸਾਹਮਣੇ ਰੱਖੀਆਂ ਹੋਣ, ਤਾਂ ਜੋ ਅਕਾਲੀ ਦਲ ਉਨ੍ਹਾਂ ਨੂੰ ਕੋਈ ਉਤਰ ਦਿੰਦਾ। ਆਪ ਹੀ ਪ੍ਰਧਾਨ ਮੰਤਰੀ ਨੇ ਸ਼ਰਤਾਂ ਰੱਖੀਆਂ ਤੇ ਆਪ ਹੀ ਕੁਝ ਦਿਨ ਬਾਅਦ ਇਹ ਕਹਿ ਦਿਤਾ ਕਿ ਅਕਾਲੀ ਦਲ ਸ਼ਰਤਾਂ ਨੂੰ ਪ੍ਰਵਾਨ ਨਹੀਂ ਕਰ ਰਿਹਾ ਸਗੋਂ ਮਜ਼ਾਕ ਉਡਾ ਰਿਹਾ ਹੈ।

—ਅਕਾਲੀ ਪੱਤ੍ਰਕਾ

ਸ੍ਰੀਮਤੀ ਇੰਦਰਾ ਗਾਂਧੀ ਦੀ ਹੱਤਿਆ ਪਿਛੋਂ ਦਿਲੀ ਅਤੇ ਦੇਸ਼ ਦੇ ਹੋਰਨਾਂ ਹਿੱਸਿਆਂ ਵਿਚ ਜਿਹੜੀ ਦੁਖਦਾਈ ਘਟਨਾਵਾਂ ਹੋਈਆਂ ਉਨ੍ਹਾਂ ਕਾਰਨ ਸਾਰੇ ਭਾਰਤ ਦੇ ਸਿੱਖਾਂ ਵਿਚ ਗੁੱਸਾ ਪਾਇਆ ਜਾਣਾ ਸੁਭਾਵਿਕ ਸੀ। ਇਸ ਦੁਰਘਟਨਾ ਪਿਛੋਂ ਵਾਰ ਵਾਰ ਭਾਰਤ ਸਰਕਾਰ ਨੂੰ ਇਸ ਮਸਲੇ ਦੀ ਜਾਂਚ ਕਰਵਾਉਣ ਲਈ ਕਿਹਾ ਜਾ ਰਿਹਾ ਹੈ। ਪਰ ਸ੍ਰੀ ਰਾਜੀਵ ਗਾਂਧੀ ਨੇ ਆਪਣੇ ਇਕ ਭਾਸ਼ਨ ਵਿਚ ਇਸ ਮਾਮਲੇ ਦੀ ਜਾਂਚ ਨਾ ਕਰਵਾਉਣ ਦਾ ਫਤਵਾ ਦਿੰਦੇ ਹੋਏ ਇਹ ਕਿਹਾ ਕਿ ਜੇ ਇਸ ਦੀ ਜਾਂਚ ਕਰਵਾਈ ਜਾਂਦੀ ਹੈ ਤਾਂ ਇਸ ਨਾਲ ਸਿੱਖਾਂ ਨੂੰ ਹੀ ਨੁਕਸਾਨ ਹੋਵੇਗਾ। ਸ੍ਰੀ ਗਾਂਧੀ ਦੇ ਇਸ ਬਿਆਨ ਨਾਲ ਸਾਰੇ ਸਿੱਖ ਰਗਤ ਵਿਚ ਅਸੰਤੁਸ਼ਟਤਾ ਦੀ ਇਕ ਲਹਿਰ ਪੈਦਾ ਹੋ ਗਈ ਹੈ। ਸ੍ਰੀ ਰਾਜੀਵ ਗਾਂਧੀ ਵਲੋਂ ਇਸ ਮਾਮਲੇ ਦੀ ਜਾਂਚ ਨਾ ਕਰਵਾਉਣ ਪਿਛੇ ਸਿੱਖਾਂ ਨੂੰ ਇਹ ਚਾਲ ਨਜ਼ਰ ਆਉਂਦੀ ਹੈ ਕਿ ਉਹ ਆਪਣੀ ਸਰਕਾਰ ਅਤੇ ਪਾਰਟੀ ਦੇ ਕੁਝ ਮਹੱਤਵਪੂਰਨ ਸਿਆਸਤਦਾਨਾਂ ਅਤੇ ਵਰਕਰਾਂ ਨੂੰ ਜਿਹੜੇ ਕਸੂਰਵਾਰ ਹਨ, ਬਚਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਜੇ ਕਾਂਗਰਸ ਹਾਈ ਕਮਾਨ ਅਤੇ ਸ੍ਰੀ ਰਾਜੀਵ ਗਾਂਧੀ ਨੂੰ ਇਸ ਗੱਲ ਦਾ ਪੂਰਾ ਭਰੋਸਾ ਹੈ ਕਿ ਉਨ੍ਹਾਂ ਦੀ ਪਾਰਟੀ ਦਾ ਇਨ੍ਹਾਂ ਦੰਗਿਆਂ ਵਿਚ ਕੋਈ ਹੱਥ ਨਹੀਂ ਤਾਂ ਫੇਰ ਜੇ ਜਾਂਚ ਕਰਵਾਈ ਜਾਂਦੀ ਹੈ ਤਾਂ ਉਹ ਆਪਣੇ ਨਿਰਦੋਸ਼ ਸਿੱਧ ਹੋ ਜਾਵੇਗੀ। ਪਰ ਭਾਰਤ ਸਰਕਾਰ ਵਿਚ ਜਾਂਚ ਕਰਵਾਉਣ ਦੀ ਹਿੰਮਤ ਨਹੀਂ ਕਿਉਂਕਿ ਇਸ ਵਿਚ ਕਾਂਗਰਸ ਦੇ ਆਪਣੇ ਹੱਥ ਰੰਗੇ ਹੋਏ ਹਨ। ਪ੍ਰਧਾਨ ਮੰਤਰੀ ਨੂੰ ਸਿੱਖਾਂ ਦੀ ਇਹ ਮੰਗ ਮੰਨ ਲੈਣੀ ਚਾਹੀਦੀ ਹੈ ਅਤੇ ਸ੍ਰੀਮਤੀ ਗਾਂਧੀ ਦੇ ਕਤਲ ਉਪਰੰਤ ਦੇਸ਼ ਭਰ ਵਿਚ ਹੋਏ ਦੰਗਿਆਂ ਦੇ ਦੋਸ਼ੀਆਂ ਨੂੰ ਸਖਤ ਤੋਂ ਸਖਤ ਸਜ਼ਾ ਦੇਣੀ ਚਾਹੀਦੀ ਹੈ।

—ਜੱਗ ਬਾਣੀ

ਪਿਛਲੇ ਦਿਨੀਂ ਪਟਿਆਲੇ ਵਿਚ ਕਾਇਮ ਕੀਤੇ ਗਏ ਸਿੱਖ ਫੋਰਮ ਵਲੋਂ ਲੈਫਟੀਨੈਂਟ ਜਨਰਲ (ਰਿਟਾਇਰਡ) ਸ. ਜਗਜੀਤ ਸਿੰਘ ਅਰੋੜਾ ਅਤੇ ਕੈਪਟਨ ਅਮਰਿੰਦਰ ਸਿੰਘ ਵਲੋਂ ਪ੍ਰਧਾਨ ਮੰਤਰੀ ਦੇ ਨਾਂ ਤੇ ਜੋ ਖੁਲ੍ਹਾ ਪੱਤਰ ਲਿਖਿਆ ਗਿਆ ਹੈ ਉਸ ਵਿਚ ਇਨ੍ਹਾਂ ਸੱਜਣਾਂ ਨੇ ਇਹ ਜ਼ੋਰ ਦਿਤਾ ਹੈ ਕਿ ਪੰਜਾਬ ਦੇ ਮਸਲੇ ਦਾ ਛੇਤੀ ਹੱਲ ਕੱਢਣਾ ਬਹੁਤ ਜ਼ਰੂਰੀ ਹੈ ਪਰ ਇਸ ਨੂੰ ਹੱਲ ਕਰਨ ਤੋਂ ਪਹਿਲਾ ਸ੍ਰੀਮਤੀ ਇੰਦਰਾ ਗਾਂਧੀ ਦੀ ਹੱਤਿਆ ਤੋਂ ਬਾਅਦ ਹੋਈਆਂ ਫਿਰਕੂ ਘਟਨਾਵਾਂ ਦੀ ਅਦਾਲਤੀ ਜਾਂਚ ਦਾ ਐਲਾਨ ਕਰਨਾ ਬੇਹੱਦ ਜ਼ਰੂਰੀ ਹੈ। ਜੇ ਅਜਿਹਾ ਨਹੀਂ ਹੁੰਦਾ ਤਾਂ ਪੰਜਾਬ ਦਾ ਮਸਲਾ ਕਿਸੇ ਵੀ ਤਰ੍ਹਾਂ ਸੁਲਝ ਸਕਣਾ ਮੁਸ਼ਕਿਲ ਗੱਲ ਜਾਪਦੀ ਹੈ। ਅਕਾਲੀ ਦਲ ਵਲੋਂ ਵੀ ਆਨੰਦਪੁਰ ਸਾਹਿਬ ਵਿਖੇ ਹੋਲੇ ਮਹੱਲੇ ਦੇ ਅਵਸਰ ਤੇ ਮੋਰਚੇ ਸਬੰਧੀ ਅਗਲੇ ਪ੍ਰੋਗਰਾਮਾਂ ਦਾ ਐਲਾਨ ਕੀਤੇ ਜਾਣ ਦੀ ਸੰਭਾਵਨਾ ਹੈ। ਅਕਾਲੀ ਦਲ ਦਾ ਇਹ ਕਦਮ ਇਸ ਲਈ ਠੀਕ ਹੈ ਕਿਉਂਕਿ ਕੇਂਦਰ ਸਰਕਾਰ ਮਸਲਾ ਹੱਲ ਕਰਨ ਵਲ ਨਹੀਂ ਤੁਰ ਰਹੀ। ਅਕਾਲੀ ਦਲ ਵਲੋਂ ਅਗਲੇ ਐਕਸ਼ਨ ਦੇ ਪ੍ਰੋਗਰਾਮ ਨਾਲ ਪੰਜਾਬ ਦੇ ਮਾਹੌਲ ਦੇ ਹੋਰ ਵੀ ਖਰਾਬ ਹੋਣ ਦੀ ਸੰਭਾਵਨਾ ਬਣੀ ਰਹਿ ਸਕਦੀ ਹੈ। ਹੁਣ ਇਹ ਕੇਂਦਰ ਸਰਕਾਰ ਤੇ ਨਿਰਭਰ ਕਰਦਾ ਹੈ ਕਿ ਉਹ ਪੰਜਾਬ ਦੇ ਮਾਹੌਲ ਨੂੰ ਸੁਖਾਵਾਂ ਬਨਾਉਣਾ ਚਾਹੁੰਦੀ ਹੈ ਜਾਂ ਇਸ ਨੂੰ ਹੋਰ ਵਿਗਾੜਨਾ ਚਾਹੁੰਦੀ ਹੈ। ਹਾਲੇ ਵਿ ਸਮਾਂ ਹੈ ਕਿ ਸਮਝੌਤੇ ਲਈ ਕੋਈ ਰਾਹ ਕੱਢਿਆ ਜਾ ਸਕਦਾ ਹੈ।

—ਅਜੀਤ

ਪੰਜਾਬ ਵਿਚ ਅਤਿਵਾਦੀਆਂ ਦੀ ਦਹਿਸ਼ਤ ਅਤੇ ਦਹਿਸ਼ਤ ਦੇ ਖਤਰਿਆਂ ਭਰੇ ਦੌਰ ਵਿਚ ਵਧੇਰੇ ਪੰਜਾਬੀ ਲੇਖਕਾਂ ਦਾ ਚੁੱਪ ਰਹਿਣਾ ਕਿਸੇ ਅਚੰਭੇ ਤੋਂ ਘੱਟ ਨਹੀਂ। ਏਥੋਂ ਤਕ ਕਿ ਲਗਭਗ ਦੋ ਹਜ਼ਾਰ ਪੰਜਾਬੀ ਲੇਖਕਾਂ ਦੀ ਸਭ ਤੋਂ ਵੱਡੀ ਸੰਸਥਾ, "ਕੇਂਦਰੀ ਪੰਜਾਬੀ ਲੇਖਕ ਸਭਾ" ਨੇ ਵੀ ਚੁਪ ਵੱਟੀ ਰੱਖੀ ਸੀ। ਇਹ ਸ਼ਾਇਦ ਪਹਿਲਾ ਮੋਕਾ ਸੀ ਕਿ ਪੰਜਾਬੀ ਲੇਖਕਾ ਨੇ ਗੁਰੂ ਨਾਨਕ ਤੇ ਚਲੀ ਆ ਰਹੀ ਆਪਣੀ ਪੰਜ ਸੌ ਸਾਲਾ ਪੁਰਾਣੀ ਪਰੰਪਰਾ ਵਲੋਂ ਬੇਮੁੱਖ ਹੋ ਕੇ ਤੇ ਅਤਿਵਾਦੀਆਂ ਦੇ ਖਤਰਿਆਂ ਤੋਂ ਡਰ ਕੇ ਉਨ੍ਹਾਂ ਦੀ ਦਹਿਸ਼ਤ ਅਤੇ ਖਤਰਿਆਂ ਦੇ ਖਿਲਾਫ ਆਵਾਜ਼ ਨਹੀਂ ਸੀ ਉਠਾਈ ਤੇ ਚੁਪ ਰਹਿਣ ਵਿਚ ਹੀ ਆਪਣੀ ਭਲਾਈ ਸਮਝੀ ਸੀ। ਜਿਥੇ ਗੁਰੂ ਨਾਨਕ ਨੇ 'ਬਾਬਰਵਾਣੀ' ਵਿਚ ਬਾਬਰ ਦੇ ਕਤਲੇਆਮ ਦੇ ਖਿਲਾਫ ਆਵਾਜ਼ ਬੁਲੰਦ ਕੀਤੀ ਸੀ ਤੇ ਗੁਰੂ ਗੋਬਿੰਦ ਸਿੰਘ ਨੇ 'ਜਫਰਨਾਮਾ' ਵਿਚ ਔਰੰਗਜੇਬ ਦੇ ਜੁਲਮੋਂ ਜਬਰ ਦਾ ਬੜੀ ਨਿਡਰਤਾ ਨਾਲ ਪਰਦਾਫਾਸ਼ ਕੀਤਾ ਸੀ, ਉਥੇ ਪੰਜਾਬ 'ਚ ਅਤਿਵਾਦੀਆਂ ਦੇ ਖਿਲਾਫ ਮੁਸ਼ਕਲ ਨਾਲ ਪੰਜ ਸੱਤ ਲੇਖਕਾਂ, ਪੱਤਰਕਾਰਾਂ ਤੋਂ ਛੁਟ ਹਰ ਕਿਸੇ ਨੇ ਚੁਪ ਧਾਰੀ ਰੱਖੀ ਸੀ। ਪਰ ਸ੍ਰੀ ਹਰਿਮੰਦਰ ਸਮੂਹ ਵਿਚ ਹੋਈ ਫੌਜੀ ਕਾਰਵਾਈ ਤੋਂ ਬਾਅਦ, ਜਦ ਕਿ ਅਤਿਵਾਦੀਆਂ ਦਾ ਖਤਰਾ ਕਾਫੀ ਘਟ ਗਿਆ ਸੀ, ਵਧੇਰੇ ਪੰਜਾਬੀ ਲੇਖਕਾਂ ਦੀਆਂ ਕਲਮਾਂ ਬੇਸ਼ੁਮਾਰ ਲਿਖਣ ਲੱਗੀਆਂ ਸਨ। ਹੈਰਾਨੀ ਤਾਂ ਇਸ ਗੱਲ ਦੀ ਹੈ ਕਿ ਕਈ ਅਗਾਂਹਵਧੂ ਲੇਖਕ ਵੀ ਅਜਿਹੀਆਂ ਪਿਛਾਂਹਖਿਚੂ ਰਚਨਾਵਾਂ ਲਿਖਣੋਂ ਨਹੀਂ ਬਚ ਸਕੇ। ਅਜਿਹੀਆਂ ਰਚਨਾਵਾਂ ਤਾਂ ਮੁਲਕ ਦੀ ਵੰਡ ਵੇਲੇ ਕਿਤੇ ਵੱਡੇ ਪੈਮਾਨੇ ਤੇ ਹੋਏ ਫਿਰਕਾਦਾਰਾਨਾ ਫਸਾਦਾਂ ਤੇ ਕਤਲੋਂ ਭਾਰਤ ਵਿਚ ਵੀ ਕਿਸੇ ਅਗਾਂਹਵਧੂ ਲੇਖਕ ਨੇ ਨਹੀਂ ਸਨ ਲਿਖੀਆਂ।

—ਨਵਾਂ ਜ਼ਮਾਨਾ

ਮੁਖਿਤਨਾਮੇ

ਮਿਲਵਰਤਣ ਦਾ ਰਾਹ

ਐਡੀਟਰ ਸਾਹਿਬ,

ਸਤਿ ਸ੍ਰੀ ਅਕਾਲ।

ਤੁਹਾਡੇ 8 ਮਾਰਚ 85 ਦੇ ਪਰਚੇ ਵਿਚ ਸ੍ਰੀ ਅਜਮੇਰ ਰੋਡੇ ਦਾ ਸਫਾ 16 ਉਤੇ ਛਪਿਆ ਲੇਖ ਦਿਲਚਸਪ ਹੈ। ਉਨ੍ਹਾਂ ਨੇ ਸਾਡੀ ਕਮਿਊਨਿਟੀ ਵਿਚ ਮੌਜੂਦ ਖਤਰਨਾਕ ਤਣਾਓ ਵੱਲ ਸਾਡਾ ਧਿਆਨ ਦੁਆਇਆ ਹੈ। ਸਾਰਿਆਂ ਪੱਖਾਂ ਦੇ ਲੋਕਾਂ ਵਿਚਕਾਰ ਵਿਚਾਰ-ਵਟਾਂਦਰੇ ਦੀ ਫੌਰੀ ਅਤੇ ਸਖਤ ਲੋੜ ਹੈ ਪਰ ਵਿਚਾਰ ਵਟਾਂਦਰੇ ਲਈ ਦੋਵੇਂ ਪਾਸੇ ਸ਼ਾਂਤ ਅਤੇ ਸੁਹਿਰਦ ਹੋਣੇ ਚਾਹੀਦੇ ਹਨ। ਇਹ ਅਤੀ ਜ਼ਰੂਰੀ ਅਮਲ ਵਿਰੋਧੀ ਵਿਚਾਰ ਵਾਲਿਆਂ ਦੀਆਂ ਮੀਟਿੰਗਾਂ ਉਤੇ ਧਾਵਾ ਬੋਲ ਕੇ ਅਤੇ ਕਬਜ਼ਾ ਕਰਕੇ ਸਿਰੇ ਨਹੀਂ ਚੜ੍ਹ ਸਕਦਾ।

ਅਜਮੇਰ ਹੋਰਾਂ ਨੇ ਸਿੱਖ ਸਟੂਡੈਂਟ ਫੈਡਰੇਸ਼ਨ ਦੇ ਮਿਤਰਾਂ ਨਾਲ ਪਰਾਈਵੇਟ ਗੱਲਬਾਤ ਕੀਤੀ ਜਿਸ ਵਿਚ ਉਨ੍ਹਾਂ ਨੂੰ ਫੈਡਰੇਸ਼ਨ ਦੇ ਮਿੱਤਰਾਂ ਦਾ ਵਤੀਰਾ ਸੁਹਿਰਦ ਲਗਿਆ। ਵਤੀਰੇ ਦੀ ਇਸ ਸੁਹਿਰਦਤਾ ਬਾਰੇ ਅਜਮੇਰ ਹੋਰੀਂ ਹੀ ਕੋਈ ਫੈਸਲਾ ਦੇ ਸਕਦੇ ਹਨ ਜਾਂ ਫੈਡਰੇਸ਼ਨ ਦੇ ਅੱਗੋਂ ਆਉਣ ਵਾਲੇ ਅਮਲ। ਬੀਤੇ ਸਮੇਂ ਵਿਚ ਉਨ੍ਹਾਂ ਦੇ ਅਮਲਾਂ ਵਿਚੋਂ ਵਿਚਾਰ ਵਟਾਂਦਰੇ ਲਈ ਇਹ ਸੁਹਿਰਦਤਾ ਨਹੀਂ ਲੱਭਦੀ। ਕਿਸੇ ਦੀਆਂ ਮੀਟਿੰਗਾਂ ਤੋੜਨ ਨਾਲੋਂ ਚੰਗੀ ਗੱਲ ਹੈ ਕਿ ਹਰ ਪੱਖ ਵਾਲੇ ਲੋਕ ਵੱਖਰੀ ਵੱਖਰੀ ਆਪਣੀ ਮੀਟਿੰਗ ਕਰ ਲੈਣ। ਭਾਰਤ ਦੀਆਂ ਸਾਰੀਆਂ ਸਿਆਸੀ ਪਾਰਟੀਆਂ ਜਾਂ ਧਾਰਮਕ ਜਥੇਬੰਦੀਆਂ ਬਹੁਤ ਲੰਮੇ ਸਮੇਂ ਤੋਂ ਉਹੋ ਕੁਝ ਕਰਦੀਆਂ ਆ ਰਹੀਆਂ ਹਨ। ਆਨੰਦਪੁਰ ਸਾਹਿਬ, ਫਤਹਿਗੜ੍ਹ ਸਾਹਿਬ, ਚਮਕੌਰ ਸਾਹਿਬ ਤੇ ਹੋਰ ਅਨੇਕਾਂ ਧਾਰਮਕ ਥਾਵਾਂ ਉਤੇ ਗੁਰਪੁਰਬਾਂ ਸਮੇਂ ਵਿਰੋਧੀ ਜਥੇਬੰਦੀਆਂ ਐਨ ਇਕ ਦੂਜੇ ਦੇ ਬਰਾਬਰ ਕਾਨਫਰੰਸ ਕਰਦੀਆਂ ਸਨ। ਲੋਕ ਸਾਰਿਆਂ ਦਾ ਪੱਖ ਸੁਣਦੇ ਸਨ। ਮੈਂ ਆਪ ਇਨ੍ਹਾਂ ਥਾਂਵਾਂ ਉਤੇ ਹਰ ਸਾਲ ਜਾਂਦਾ ਰਿਹਾ ਹਾਂ, ਮੈਨੂੰ ਪਤਾ ਹੁੰਦਾ ਸੀ ਕਿ ਮਾਸਟਰ ਤਾਰ ਸਿੰਘ ਕਿਸ ਪੰਡਾਲ ਵਿਚ ਕਿੰਨੇ ਵਜੇ ਬੋਲ ਰਹੇ ਹਨ ਜਥੇਦਾਰ ਸੰਪੂਰਨ ਸਿੰਘ ਰਾਮਾ ਕਿੱਥੇ ਤੇ ਕਦੋਂ, ਸ: ਕੈਰੋਂ ਕਿੱਥੇ ਅਤੇ ਸ: ਸੋਹਨ ਸਿੰਘ ਜੋਸ਼ ਕਿੱਥੇ? ਮੈਂ ਸਮੇਂ ਸਿਰ ਵੱਖ ਵੱਖ ਥਾਂ ਜਾ ਕੇ ਸਾਰਿਆਂ ਨੂੰ ਸੁਣਦਾ ਕਿਉਂਕਿ ਮੈਂ ਜਾਣਦਾ ਹਾਂ ਕਿ 'ਨਿਰੋਲ-ਸੱਚ' ਕਿਸੇ ਇਕ ਕੋਲ ਨਹੀਂ। ਸੱਚ ਦੇ ਹੀਰੇ ਕਿਤੋਂ ਵੀ ਮਿਲ ਸਕਦੇ ਹਨ, ਵਿਰੋਧੀਆਂ ਕੋਲੋਂ ਵੀ। "ਨਿਰੋਲ ਸੱਚ ਸਿਰਫ ਮੇਰੇ ਕੋਲ ਹੈ", ਇਹ ਦਾਅਵਾ ਕੋਈ ਹੋਸ਼-ਮੰਦ ਨਹੀਂ ਕਰ ਸਕਦਾ। ਸੋ ਮੈਂ ਅਜਮੇਰ ਹੋਰਾਂ ਦੇ ਲੇਖ ਦੇ ਕੇਂਦਰ ਬਿੰਦੂ: ਮਿਲਵਰਤਣ ਅਤੇ ਖੁਲ੍ਹੇ ਸੁਹਿਰਦ ਵਿਚਾਰ-ਵਟਾਂਦਰੇ ਦੀ ਲੋੜ ਦੀ ਗੱਲ ਨਾਲ ਸਹਿਮਤ ਹਾਂ। ਹਾਲਾਂ ਕਿ ਉਨ੍ਹਾਂ ਦੀਆਂ ਪੇਸ਼ ਕੀਤੀਆਂ ਕਈ ਹੋਰ ਧਾਰਨਾਵਾਂ ਬਾਰੇ ਮੇਰੇ ਮਨ ਵਿਚ ਕਈ ਸਵਾਲ ਅਤੇ ਸ਼ੰਕੇ ਹਨ। ਸਾਡੇ ਭਾਈਚਾਰੇ ਵਿਚਲੇ ਸਾਰੇ ਪੱਖਾਂ ਦੇ ਲੋਕਾਂ ਨੂੰ ਚਾਹੀਦਾ ਹੈ ਕਿ ਇਕ ਦੂਜੇ ਦੇ ਸਿਰ ਪਾੜਨ ਦੇ ਮੂਰਖ ਅਮਲ ਫੌਰਨ ਬੰਦ ਕੀਤਾ ਜਾਵੇ। ਇਹ ਕਰਕੇ ਅਸੀਂ ਆਪਣੇ ਅਸਲੀ ਦੁਸ਼ਮਣ ਦੇ ਹੱਥਾਂ ਵਿਚ ਪੂਰੀ ਤਰ੍ਹਾਂ ਖੇਡ ਰਹੇ ਹਾਂ, ਜੋ "ਪਾੜੋ ਅਤੇ ਰਾਜ ਕਰੋ" ਦੀ ਨੀਤੀ ਉਤੇ ਕਾਮਯਾਬੀ ਨਾਲ ਚੱਲ ਰਿਹਾ ਹੈ। ਪਰਛਾਵਿਆਂ ਦੀ ਥਾਂ ਅਸਲੀ ਦੁਸ਼ਮਣ ਨਾਲ ਲੜੋ। ਮੇਰੀ ਅਰਦਾਸ ਹੈ ਕਿ ਵਾਹਿਗੁਰੂ ਸਾਨੂੰ ਸਾਰਿਆਂ ਨੂੰ ਸੁਮੱਤ ਬਖਸ਼ੇ।

ਇਕ ਨਿਮਾਣਾ ਸਿਖ ਪਾਠਕ

ਹਮਲਾਆਵਰਾਂ ਨੂੰ ਹੱਲਾਸ਼ੇਰੀ ਦੇਣ ਵਾਲੇ ਕਸੂਰਵਾਰ

ਐਡੀਟਰ ਸਾਹਿਬ,

ਸਤਿ ਸ੍ਰੀ ਅਕਾਲ।

ਅਸੀਂ ਆਪ ਦਾ ਪੇਪਰ ਹਰ ਵੀਕ ਬੜੀ ਬੇਚੈਨੀ ਨਾਲ ਉਡੀਕਦੇ ਹਾਂ। ਆਪਦਾ ਪੇਪਰ ਨਿਰਪੱਖ, ਅਜ਼ਾਦ, ਅਤੇ ਗੈਰ ਫਿਰਕਾਪ੍ਰਸਤ ਹੈ। ਮੈਂ ਇਸੇ ਗੱਲ ਦੀ ਤਾਰੀਫ ਕਰਦਾ ਹਾਂ। ਪਰ ਮੈਂ ਇਥੇ ਕਈ ਦੋਸਤਾਂ ਨੂੰ ਕਹਿੰਦਿਆਂ ਸੁਣਿਆ ਹੈ ਕਿ ਆਪ ਦੇ ਪੇਪਰ ਵਿਚ ਪੰਨੇ ਬਹੁਤ ਘੱਟ ਹੁੰਦੇ ਹਨ। ਇਸ ਲਈ ਮੈਂ ਆਪ ਨੂੰ ਤਾਕੀਦ ਕਰਾਂਗਾ ਕਿ ਇਸ ਦੇ ਥੋੜੇ ਪੰਨੇ ਵਧਾ ਦਿਉ। ਇਕ ਗੱਲ ਹੋਰ ਕਿ ਸਾਹਿਤਕ ਪੰਨੇ ਹੋਰ ਵਧਾ ਦਿਤੇ ਜਾਣ। ਜਿਵੇਂ ਕਿ ਕਹਾਣੀਆਂ ਅਤੇ ਕਵਿਤਾਵਾਂ ਹੋਰ ਦਿੱਤੀਆਂ ਜਾਣ। ਆਸ ਹੈ ਕਿ ਇਸ ਨਾਲ ਆਪ ਦੇ ਪੇਪਰ ਦੇ ਮੈਂਬਰ ਹੋਰ ਵੀ ਵਧ ਜਾਣਗੇ। ਉਜੱਲ ਦੁਸਾਂਝ ਤੇ ਹੋਏ ਹਮਲੇ ਦੀ ਅਸੀਂ ਨਿਖੇਧੀ ਕਰਦੇ ਹਾਂ। ਕਈ ਐਡੀਟਰ ਆਪਣੇ ਪੇਪਰ ਵਿਚ ਇਸ ਹਮਲੇ ਨੂੰ ਹੋਰ ਵੀ ਮਸਾਲਾ ਲਾ ਕੇ ਪੇਸ਼ ਕਰਦੇ ਹਨ। ਇਸ ਤਰ੍ਹਾਂ ਹਮਲਾਵਰਾਂ ਨੂੰ ਹੋਰ ਹੱਲਾਸ਼ੇਰੀ ਦਿੰਦੇ ਹਨ ਤਾਂ ਕਿ ਉਹ ਹੋਰ ਵੀ ਕਮੀਨੀਆਂ ਹਰਕਤਾਂ ਕਰਨ। ਅਸਲ ਵਿਚ ਅਸਲੀ ਕਸੂਰਵਾਰ ਤਾਂ ਇਹੋ ਜਹੇ ਹੱਲਾਸ਼ੇਰੀ ਦੇਣ ਵਾਲੇ ਹੀ ਹੁੰਦੇ ਹਨ ਜੋ ਕਿ ਦੂਸਰੇ ਦੇ ਮੋਢੇ ਤੇ ਬੰਦੂਕ ਰੱਖ ਕੇ ਚਲਾਉਂਦੇ ਹਨ ਤੇ ਬਾਅਦ ਵਿਚ ਆਪ ਤਮਾਸ਼ਾ ਦੇਖਦੇ ਹਨ। ਆਪ ਨੂੰ ਇਕ ਗੀਤ ਭੇਜ ਰਿਹਾ ਹਾਂ। ਛਾਪ ਕੇ ਧੰਨਵਾਦੀ ਬਣਾਉਣਾ।


ਰਣਵੀਰ ਹੁਸ਼ਿਆਰਪੁਰੀ
ਐਡਮਿੰਟਨ

● ਜਵਾਬ

ਇੱਕ ਆਦਮੀ ਦੀ ਆਪਣੀ ਪਤਨੀ ਨਾਲ ਗੱਲਬਾਤ ਬੰਦ ਸੀ। ਇੱਕ ਰਾਤ ਉਹਨਾਂ ਸਰਾਹਣੇ ਕੋਲ ਇੱਕ ਪਰਚੀ ਲਿਖ ਕੇ ਰੱਖ ਦਿੱਤੀ ਕਿ ਮੈਨੂੰ ਸੱਤ ਵਜੇ ਜਗਾ ਦੇਵੀਂ।"

ਸਵੇਰੇ ਦਸ ਵਜੇ ਉਹਨਾਂ ਦੀ ਅੱਖ ਖੁਲ੍ਹੀ। ਉਹ ਗੁੱਸੇ ਨਾਲ ਲਾਲ-ਪੀਲੇ ਹੋ ਕੇ ਉਠੇ ਤਾਂ ਵੇਖਿਆ - 'ਸਰਾਹਣੇ 'ਤੇ ਇੱਕ ਪਰਚੀ ਰੱਖੀ ਸੀ, ਜਿਸ ਤੇ ਉਹਨਾਂ ਦੀ ਪਤਨੀ ਨੇ ਲਿਖਿਆ ਸੀ - "ਸੱਤ ਵਜ ਗਏ ਨੇ। ਉਠ ਜਾਉ।"

● ਸੁਰਜੀਤ



ਭਾਰਤ ਦਰਪਣ

ਇੰਦਰਾ ਕਤਲ ਕਾਂਡ 'ਚ ਸਫਾਈ ਦੇ ਵਕੀਲ ਵਲੋਂ ਗੰਭੀਰ ਦੋਸ਼

ਨਵੀਂ ਦਿੱਲੀ: ਇੰਦਰਾ ਗਾਂਧੀ ਕਤਲ ਕਾਂਡ ਵਿਚ ਫੜੇ ਗਏ ਸਤਵੰਤ ਸਿੰਘ ਦੇ ਵਕੀਲ ਨੇ ਦੋਸ਼ ਲਗਾਇਆ ਹੈ ਕਿ ਇਸਤਗਾਸਾ "ਜਾਣ ਬੁਝ ਕੇ" ਇਸ ਕਾਂਡ ਨਾਲ ਸਬੰਧਿਤ ਅਹਿਮ ਦਸਤਾਵੇਜ਼ਾਂ ਨੂੰ ਰੋਕੀ ਬੈਠਾ ਹੈ ਅਤੇ "ਅਧੂਰੀ" ਫਰਦ ਜੁਰਮ ਦਾਖਲ ਕੀਤੀ ਹੈ।

ਐਡੀਸ਼ਨਲ ਚੀਫ ਮੈਟਰੋਪੋਲੀਟਨ ਮੈਜਿਸਟਰੇਟ। ਸ. ਲ. ਖੰਨਾ ਦੀ ਅਦਾਲਤ ਵਿਚ ਦਾਇਰ ਕੀਤੀ ਇਕ ਅਰਜ਼ੀ ਰਾਹੀਂ ਮੁਦਈ ਦੇ ਇਕ ਵਕੀਲ ਰ. ਸ. ਸੋਢੀ ਨੇ ਕਿਹਾ ਕਿ ਇਸਤਗਾਸੇ ਨੇ ਪੁਸਤਕ "ਭਿੰਡਰਾਂਵਲੇ ਸੰਤ" ਅਤੇ ਗੁਰਮੁਖੀ ਚੁਵਰਕੀ "ਇੰਦਰਾ ਦੇ ਸਿੱਖ" ਦੀਆਂ ਨਕਲਾਂ ਨਹੀਂ ਸਪਲਾਈ ਕੀਤੀਆ ਹਨ ਜੋ ਕਿ ਬੇਅੰਤ ਸਿੰਘ ਅਤੇ ਬਲਬੀਰ ਸਿੰਘ ਦੇ ਘਰੋਂ ਬਰਾਮਦ ਹੋਈਆਂ ਸਨ।

ਸ੍ਰੀ ਸੋਢੀ ਨੇ ਕਿਹਾ ਕਿ ਇਸਤਗਾਸੇ ਨੇ ਵਾਇਰਲੈੱਸ ਸੈੱਟ ਲਾਗ ਬੁੱਕ ਪਾਸ ਪੋਰਟ ਫਾਈਲ, ਅੰਮ੍ਰਿਤ ਪ੍ਰਚਾਰ ਰਜਿਸਟਰ, ਬੇਅੰਤ ਸਿੰਘ ਦੀ ਡਾਇਰੀ, ਖਾਕਾਏ ਕਤਲ ਅਤੇ ਬਹੁਤ ਸਾਰੇ ਹੋਰ ਦਸਤਾਵੇਜ਼ ਪੇਸ਼ ਨਹੀਂ ਕੀਤੇ ਹਨ।

ਸ੍ਰੀ ਸੋਢੀ ਨੇ ਕਿਹਾ ਕਿ ਇਸਤਗਾਸੇ ਨੇ ਜਿਹੜੇ ਦਸਤਾਵੇਜ਼ ਦਿਤੇ ਹਨ, ਉਹ ਵੀ ਨੁਕਸਦਾਰ ਹਨ। ਇਸ ਸੰਬੰਧ ਵਿਚ ਉਨ੍ਹਾਂ 38 ਦਸਤਾਵੇਜ਼ਾਂ ਵਲ ਮੈਜ਼ਿਸਟਰੇਟ ਦਾ ਧਿਆਨ ਦਿਵਾਇਆ।

ਵਕੀਲੇ ਸਫਾਈ ਨੇ ਦੋਸ਼ ਲਗਾਇਆ ਕਿ ਇਸਤਗਾਸਾ ਸਤਵੰਤ ਸਿੰਘ ਦੇ ਜ਼ਾਬਤਾ ਫੌਜਦਾਰੀ ਦੀ ਧਾਰਾ 164 ਅਧੀਨ ਦਰਜ ਕੀਤੇ ਬਿਆਨਾਂ ਨੂੰ ਅਖਬਾਰਾਂ ਵਾਲਿਆਂ ਪਾਸ ਲੀਕ ਕਰ ਰਿਹਾ ਹੈ। ਇਸ ਤਰ੍ਹਾਂ ਆਮ ਜਨਤਾ, ਜੋ ਕਿ ਕਾਨੂੰਨ ਬਾਰੇ ਬਹੁਤਾ ਨਹੀਂ ਜਾਣਦੀ, ਨੂੰ ਗੁੰਮਰਾਹ ਕੀਤਾ ਜਾ ਰਿਹਾ ਹੈ ਭਾਵੇਂ ਕਿ ਇਨ੍ਹਾਂ ਬਿਆਨਾਂ ਦੀ ਸਚਾਈ ਪਰਖੀ ਜਾਣੀ ਹੈ।

ਸ੍ਰੀ ਸੋਢੀ ਨੇ ਇਸ ਗੱਲ ਉਪਰ ਦੁਖ ਪ੍ਰਗਟ ਕੀਤਾ ਕਿ ਅਦਾਲਤ ਨੇ ਤਾ ਹਾਲਾਂ ਮੁਕੱਦਮਾ ਚਲਾਉਣਾ ਹੈ ਪਰੰਤੂ ਉਨ੍ਹਾਂ ਦੇ ਮੁਵੱਕਿਲ ਵਿਰੁਧ "ਅਖਬਾਰੀ ਮੁਕੱਦਮਾ" ਚਲਾਇਆ ਜਾ ਰਿਹਾ ਹੈ ਜਿਸ ਨਾਲ ਉਸ ਦੇ ਮੁਵੱਕਿਲ ਦੇ ਕੇਸ ਉਪਰ ਅਸਰ ਪੈਣ ਦੀ ਸੰਭਾਵਨਾ ਹੈ।

ਜਮਾਨਤ ਦੀ ਅਰਜ਼ੀ ਰੱਦ

ਚੰਡੀਗੜ੍ਹ: ਪੰਜਾਬ ਤੇ ਹਰਿਆਣ ਹਾਈ ਕੋਰਟ ਦੇ ਜਸਟਿਸ ਸੁਰਿੰਦਰ ਸਿੰਘ ਨੇ . ਅਕਾਲੀ ਦਲ ਦੇ ਸਾਬਕਾ ਪ੍ਰਚਾਰ ਸਕੱਤਰ ਰਾਜਿੰਦਰ ਸਿੰਘ ਖੁਰਾਨਾ ਦੀ ਅਜਜ਼ੀ ਜਮਾਨਤ ਦੀ ਦਰਖਾਸਤ ਰੱਦ ਕਰ ਦਿਤੀ। ਸ੍ਰੀ ਖੁਰਾਨਾ ਨੂੰ ਚੰਡੀਗੜ੍ਹ ਪੁਲੀਸ ਨੇ ਗੁਰਦੁਆਰਾ ਸੈਕਟਰ 19 ਵਿਚ ਭੜਕਾਊ ਤਕਰੀਰ ਕਰਨ ਦੇ ਇਲਜ਼ਾਮ ਵਿਚ ਗ੍ਰਿਫਤਾਰ ਕੀਤਾ ਸੀ।

ਭਾਰਤ ਕਸ਼ਮੀਰ ਹੱਦ ਦੀ ਨਿਸ਼ਾਨਦੇਹੀਂ ਲਈ ਤਿਆਰ

ਸ੍ਰੀਨਗਰ: (ਵਿਸ਼ੇਸ਼ ਪ੍ਰਤੀਨਿਧ) — ਭਾਰਤੀ ਥਲ ਸੈਨਾ ਦੇ ਮੁਖੀਂ ਜਨਰਲ ਵੈਦਿਆ ਨੇ ਇਥੇ ਪੁੱਜਣ ਉਤੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਜੇਕਰ ਪਾਕਿਸਤਾਨ ਸਰਕਾਰ ਸਹਿਮਤ ਹੋ ਜਾਵੇ ਤਾਂ ਭਾਰਤ ਕਾਰਗਿਲ ਅਤੇ ਲੱਦਾਖ ਦੇ ਖੇਤਰਾਂ ਵਿਚ ਸਰਹੱਦਾਂ ਦੀ ਨਿਸ਼ਾਨਦੇਹੀ ਕਰਨ ਲਈ ਤਿਆਰ ਹੈ।

ਉਨ੍ਹਾਂ ਕਿਹਾ ਕਿ ਭਾਵੇਂ ਇਸ ਬਾਰੇ ਕੋਈ ਵੀ ਫੈਸਲਾ ਸਿਆਸੀ ਪੱਧਰ ਉਤੇ ਹੀ ਲਿਆ ਜਾਣਾ ਹੈ ਪਰ ਫਿਰ ਵੀ ਦੋਵਾਂ ਦੇਸ਼ਾਂ ਦੇ ਸਰਹੱਦੀ ਕਮਾਂਡਰਾਂ ਦੀਆਂ ਮੀਟਿੰਗਾ ਵਿਚ ਇਹ ਸਵਾਲ ਕਈ ਵੇਰ ਉਠਿਆ ਹੈ।

ਜਨਰਲ ਵੈਦਿਆ ਨੇ ਕਿਹਾ ਕਿ ਦੋਵਾਂ ਦੇਸ਼ਾਂ ਦੀ ਸਹਿਮਤੀ ਨਾਲ ਹੀ ਸਰਵੇ ਦਾ ਕੰਮ ਸ਼ੁਰੂ ਹੋ ਸਕਦਾ ਹੈ।

ਲੱਦਾਖ 'ਚ ਸਿਆਚਿਨ ਗਲੇਸ਼ੀਅਰ ਦੇ ਖੇਤਰ ਵਿਚ ਪਿਛਲੇ ਵਰ੍ਹੇ ਵਾਪਰੀਆਂ ਘਟਨਾਵਾਂ ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ ਕਿ ਉਥੇ ਸਾਡੇ ਜਵਾਨ ਮੌਜੂਦ ਹਨ ਪਰ ਪਾਕਿਸਤਾਨ ਉਥੇ ਕਬਜ਼ਾ ਕਰਨਾ ਚਾਹੁੰਦਾ ਸੀ ਇਸ ਲਈ ਝੜਪਾਂ ਨੂੰ ਟਾਲਣਾ ਮੁਸ਼ਕਲ ਸੀ। ਉਨ੍ਹਾਂ ਕਿਹਾ ਕਿ ਸ਼ਿਮਲਾ ਸਮਝੌਤੇ ਹੇਠ ਵੀ ਇਸ ਇਲਾਕੇ ਉਤੇ ਸਾਡਾ ਕਬਜ਼ਾ ਹੋਣਾ ਚਾਹੀਦਾ ਹੈ।

ਪਾਕਿਸਤਾਨ ਅਤੇ ਚੀਨ ਵਲੋਂ ਹਥਿਆਰ ਇਕੱਠੇ ਕੀਤੇ ਜਾਣ ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ ਕਿ ਇਹ ਸਾਡੇ ਲਈ ਚਿੰਤਾ ਦਾ ਕਾਰਨ ਬਣੇ ਹੋਏ ਹਨ।

ਉਨ੍ਹਾਂ ਕਿਹਾ ਕਿ ਪਾਕਿਸਤਾਨ ਅਤੇ ਬੰਗਲਾਦੇਸ਼ ਨਾਲ ਲਗਦੀ ਸਰਹੱਦ ਉਤੇ ਸ਼ਾਂਤੀ ਬਣੀ ਹੋਈ ਹੈ।

ਜਨਰਲ ਵੈਦਿਆ ਨੇ ਕਿਹਾ ਕਿ ਭਾਰਤ ਹਥਿਆਰਾਂ ਦੇ ਮਾਮਲੇ ਵਿਚ ਆਤਮ ਨਿਰਭਰ ਹੋਣ ਲਈ ਯਤਨਸ਼ੀਲ ਹੈ ਅਤੇ ਫੌਜ ਨੂੰ ਹਰ ਸਥਿਤੀ ਦੇ ਟਾਕਰੇ ਲਈ ਆਧੁਨਿਕ ਹਥਿਆਰਾਂ ਨਾਲ ਲੈੱਸ ਕੀਤਾ ਜਾ ਰਿਹਾ ਹੈ।

ਜਨਤਾ ਪ੍ਰਧਾਨ ਦੀ ਰਿਹਾਈ ਦੀ ਮੰਗ

ਚੰਡੀਗੜ੍ਹ: ਦੋ ਜਨਤਾ ਨੇਤਾਵਾਂ — ਰੂਪ ਲਾਲ ਜੈਨ ਅਤੇ ਅਮਰਜੀਤ ਸਿੰਘ ਸੇਠੀ ਵਲੋਂ ਪਾਰਟੀ ਦੀ ਪੰਜਾਬ ਇਕਾਈ ਦੇ ਪ੍ਰਧਾਨ ਸ. ਹਰਭਜਨ ਸਿੰਘ ਦੀ ਗ੍ਰਿਫਤਾਰੀ ਦੀ ਆਲੋਚਨਾ ਕੀਤੀ ਗਈ ਹੈ।

ਇਨ੍ਹਾਂ ਨੇਤਾਵਾਂ ਨੇ ਪਾਰਟੀ ਪ੍ਰਧਾਨ ਦੀ ਫੌਰੀ ਰਿਹਾਈ ਦੀ ਮੰਗ ਵੀ ਕੀਤੀ ਹੈ।

ਸ਼੍ਰੋਮਣੀ ਕਮੇਟੀ ਦੇ ਮੁਲਾਜ਼ਮਾਂ ਨੂੰ ਨੁਕਸਾਨ ਦਾ ਮੁਆਵਜ਼ਾ ਮਿਲੇਗਾ

ਅੰਮ੍ਰਿਤਸਰ: ਪਤਾ ਲਗਾ ਹੈ ਕਿ ਰਾਜ ਸਰਕਾਰ ਨੇ 'ਬਲਿਊ ਸਟਾਰ' ਅਪਰੇਸ਼ਨ ਦੌਰਾਨ ਨੁਕਸਾਨ ਉਠਾਉਣ ਵਾਲੇ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁਲਾਜ਼ਮਾਂ ਨੂੰ ਸਹਾਇਤਾ ਦੇਣ ਸਬੰਧੀ ਨੀਤੀ ਵਿਚ ਸੋਧ ਕੀਤੀ ਹੈ ਜਦ ਕਿ ਪਹਿਲਾਂ ਸਹਾਇਤਾ ਦੇਣ ਸਮੇਂ ਕਮੇਟੀ ਦੇ ਮੁਲਾਜ਼ਮਾਂ ਨੂੰ ਨਜ਼ਰਅੰਦਾਜ਼ ਕਰ ਦਿਤਾ ਗਿਆ ਸੀ।

ਪੰਜਾਬ ਦੇ ਵਿਤ ਕਮਿਸ਼ਨਰ ਨੇ ਇਸ ਸਬੰਧ ਵਿਚ ਕਲੇਮ ਮੰਗਣ ਲਈ ਡਿਪਟੀ ਕਮਿਸ਼ਨਰ ਨੂੰ ਹਦਾਇਤ ਦੇ ਦਿਤੀ ਹੈ।

ਇਨ੍ਹਾਂ ਹਦਾਇਤਾਂ ਹੇਠ ਕੇਵਲ ਦਰਬਾਰ ਸਾਹਿਬ ਕੰਪਲੈਕਸ ਤੋਂ ਬਾਹਰ ਰਹਿੰਦੇ ਨੁਕਸਾਨ ਉਠਾਉਣ ਵਾਲੇ ਮੁਲਾਜ਼ਮਾਂ ਨੂੰ ਹੀ ਸਹਾਇਤਾ ਮਿਲ ਸਕੇਗੀ ਅਤੇ ਇਹ ਵੀ ਜਾਂਚ ਕੀਤੀ ਜਾਵੇਗੀ ਕਿ ਉਨ੍ਹਾਂ ਦੇ ਅਤਿਵਾਦੀਆਂ ਨਾਲ ਕੋਈ ਸਬੰਧ ਤਾ ਨਹੀਂ ਸਨ।

ਜ਼ਿਲਾ ਅਧਿਕਾਰੀਆਂ ਨੇ ਸ਼ਰੋਮਣੀ ਕਮੇਟੀ ਨੂੰ ਕਿਹਾ ਕਿ ਉਹ ਸਬੰਧਤ ਮੁਲਾਜ਼ਮਾਂ ਤੋਂ ਦਾਅਵਿਆ ਬਾਰੇ ਫਾਰਮਾਂ ਉਤੇ ਨਿਸਚਿਤ ਦਰਖਾਸਤਾਂ ਲੈ ਕੇ ਡਿਪਟੀ ਕਮਿਸ਼ਨਰ ਨੂੰ ਛੇਤੀ ਭੇਜ ਦੇਣ ਤਾਂ ਕਿ ਉਨ੍ਹਾਂ ਦੇ ਕੇਸਾਂ ਦਾ ਨਿਪਟਾਰਾ ਕਰਕੇ 31 ਮਾਰਚ ਤਕ ਮੁਆਵਜ਼ਾ ਅਦਾ ਕੀਤਾ ਜਾ ਸਕੇ।

ਭਾਵੇਂ ਮੁਲਾਜ਼ਮਾਂ ਨੂੰ ਪੁਜੇ ਨੁਕਸਾਨ ਦੇ ਪੂਰੇ ਪੂਰੇ ਵੇਰਵੇ ਨਹੀਂ ਮਿਲੇ ਪਰ ਇਹ ਕੁਝ ਲੱਖ ਰੁਪਈਆਂ ਵਿਚ ਹੋ ਸਕਦਾ ਹੈ। ਸ਼ਰੋਮਣੀ ਕਮੇਟੀ ਅਨੁਸਾਰ ਕੋਈ 150 ਮੁਲਾਜ਼ਮਾਂ ਦੇ ਸਮਾਨ ਨੂੰ ਨੁਕਸਾਨ ਪੁਜਾ ਸੀ।

ਜ਼ਿਲਾ ਅਧਿਕਾਰੀਆਂ ਤੋਂ ਮਿਲੀ ਸੂਚਨਾ ਅਨੁਸਾਰ ਨੁਕਸਾਨ ਉਠਾਉਣ ਵਾਲੇ ਲੋਕਾਂ ਨੂੰ ਹੁਣ ਤੱਕ 86 ਲੱਖ ਰੁਪਏ ਦੀ ਸਹਾਇਤਾ ਵੰਡੀ ਜਾ ਚੁਕੀ ਹੈ।

ਰਾਜ ਸਭਾ ਉਪ ਚੋਣਾ ਲਈ ਦੋ ਉਮੀਦਵਾਰ

ਕਲਕੱਤਾ: ਪੱਛਮੀ ਬੰਗਾਲ ਤੋਂ ਖਾਲੀ ਹੋਈਆਂ ਰਾਜ ਸਭਾ ਦੀਆਂ ਦੋ ਸੀਟਾਂ ਲਈ ਉਪ ਚੋਣ ਵਿਚ ਹੁਣ ਕੇਵਲ ਦੋ ਉਮੀਦਵਾਰ ਮੈਦਾਨ ਵਿਚ ਰਹਿ ਗਏ ਹਨ।

ਇਹ ਉਮੀਦਵਾਰ ਕਲਕੱਤਾ ਯੂਨੀਵਰਸਿਟੀ ਦੇ ਸਾਬਕਾ ਉਪ ਕੁਲਪਤੀ ਕਲਿਆਣ ਸ਼ੰਕਰ ਰਾਏ (ਸੀ. ਪੀ. ਐਮ.) ਗੁਰੂ ਦਾਸ ਦਾਸਗੁਪਤਾ (ਸੀ. ਪੀ. ਆਈ.) ਹਨ। ਇਹ ਸੀਟਾਂ ਸੀ. ਪੀ. ਐਮ. ਦੇ ਅਰਬਿੰਦੋ ਘੋਸ਼ ਅਤੇ ਸੀ. ਪੀ. ਆਈ. ਦੇ ਕਲਿਆਣ ਸ਼ੰਕਰ ਰਾਏ ਦੀ ਮੌਤ ਕਾਰਨ ਖਾਲੀ ਹੋਈਆਂ ਹਨ।

ਪੰਜਾਬੀ ਲੇਖਕ ਮੰਚ

ਜਨਵਰੀ 1985 ਦੀ ਇਕੱਤਰਤਾ

ਪੰਜਾਬੀ ਲੇਖਕ ਮੰਚ ਵਲੋਂ ਜਨਵਰੀ 1985 ਦੀ ਇਕੱਤਰਤਾ ਲਿਟਲ ਮਾਊਂਟੇਨ ਨੇਬਰਹੁੱਡ ਹਾਊਸ ਵਿਚ ਸਾਢੇ ਚਾਰ ਵਜੇ ਕੀਤੀ ਗਈ।

ਅਮਰ ਸਿੰਘ ਬੈਨੀਪਾਲ. ਮੁਹਿੰਦਰ ਸੁਮਲ, ਅਮਰਜੀਤ ਚਾਹਲ, ਕਰਮਜੀਤ ਘੁਮਾਣ, ਸੁਖਵੰਤ ਹੁੰਦਲ, ਮੱਖਣ ਟੁੱਟ, ਸਾਧੂ, ਸੁਰਜੀਤ ਕਲਸੀ, ਅਜਮੇਰ ਰੋਡੇ, ਮਨਜੀਤ ਮੀਤ, ਸੂਫੀ ਅਮਰਜੀਤ, ਚਰਨ ਸਿੰਘ, ਹਰਭਜਨ ਹਾਂਸ, ਅਤੇ ਗੁਰਚਰਨ ਰਾਮਪੁਰੀ ਮੀਟਿੰਗ ਵਿਚ ਸ਼ਾਮਲ ਹੋਏ।

ਮੀਟਿੰਗ ਅਮਰ ਸਿੰਘ ਬੈਨੀਪਾਲ ਦੀ ਉਰਦੂ ਲਿਖੀ ਨਜ਼ਮ "ਇਕ ਬਾਤ ਕਹੂੰ" ਨਾਲ ਸ਼ੁਰੂ ਹੋਈ। ਨਜ਼ਮ ਸਾਦੀ ਸ਼ੈਲੀ ਅਤੇ ਸਾਦੀ ਸਬਦ ਚੋਣ ਵਿਚ ਲਿਖੀ ਹੋਈ ਮਜ਼ਬ ਦੇ ਝੂਠੇ ਪੱਖ ਤਦੇ ਕਰਾਰੀ ਚੋਟ ਲਾਉਂਦੀ ਹੈ:

"ਯਹਿ ਇਸੀ ਬਾਤ ਕਾ ਸ਼ੁਗਲ ਸਾ ਹੈ
ਯਹਿ ਇਸੀ ਬਾਤ ਕੀ ਲਹਿਰ ਸੀ ਹੈ।"

ਮੁਹਿੰਦਰ ਸੁਮਲ ਨੇ ਅਜੋਕੀ ਪੰਜਾਬੀ ਅਧੋਗਤੀ ਦੇ ਫਲਸਰੂਪ ਪੈਦਾ ਹੋਈਆਂ ਮਾਨਸਿਕ ਉਲਝਣਾਂ ਅਤੇ ਪੀੜਾਂ ਉਤੇ ਲਿਖਿਆ ਇਕ ਗੀਤ ਸੁਣਾਇਆ:

"ਬੋਲ ਮੇਰੇ ਵਿਹੜੇ ਦਿਆ ਗੀਤਾ
ਕਿਸ ਰੁੱਤ ਤੈਨੂੰ ਗਾਵਾਂ।"

ਗੀਤ ਵਿਚ ਬਿੰਬਾਂ ਦੀ ਕੁਝ ਅਸਪਸ਼ਟਤਾ ਬਾਰੇ ਵਿਚਾਰ ਕੀਤੀ ਗਈ ਅਤੇ ਸੁਝਾਓ ਦਿਤੇ ਗਏ।

ਸੁਖਵੰਤ ਹੁੰਦਲ ਨੇ ਖੇਤ ਮਜ਼ਦੂਰਾਂ ਉਤੇ ਲਿਖਿਆ ਇਕ ਨਵਾਂ ਗੀਤ ਪੜ੍ਹਿਆ। ਗੀਤ ਸਟੇਜ ਉਤੇ ਕੋਰਸ ਦੇ ਰੂਪ ਵਿਚ ਪੇਸ਼ ਕਰਨ ਦੇ ਆਸ਼ੇ ਨਾਲ ਲਿਖਿਆ ਜਾਪਦਾ ਸੀ:

"ਆਓ ਆਖੀਏ ਖੜ੍ਹਾ ਕੇ ਠੇਕੇਦਾਰ ਨੂੰ
ਬੰਦ ਸਾਡੀ ਲੁੱਟ ਨੂੰ ਕਰੇ।"

ਮੱਖਣ ਟੁੱਟ ਨੇ ਵੀ ਨਵਾਂ ਲਿਖਿਆ ਗੀਤ "ਮਨੁਖਤਾ ਦਾ ਲੋਕਾਂ ਦੇ ਨਾਂ ਸੁਨੇਹਾ" ਪੜ੍ਹਿਆ:

"ਮੈਨੂੰ ਤਾ ਅੱਜ ਮਾਰਿਆ
ਮਜ਼ਬੀ ਤਲਵਾਰਾਂ ਨੇ।"

ਸਾਧੂ ਨੇ "ਪੁਲਾੜ ਵਿਚੋਂ ਉਤਰੇ ਇਕ ਕਵੀ ਜੀ ਦੇ ਨਾਂ ਖੁਲ੍ਹੀ ਚਿੱਠੀ" ਪੜ੍ਹੀ। ਇਹ ਕਾਵਿ-ਵਾਰਤਕ ਵਿਚ ਲਿਖੀ ਚਿੱਠੀ ਅਖੌਤੀ "ਪੁਲਾੜੀ" ਕਵੀਆਂ ਦੇ ਖੋਖਲੇਪਨ ਬਾਰੇ ਤਿੱਖੀ ਤਨਜ਼ ਪੇਸ਼ ਕਰਦੀ ਸੀ।

ਮਨਜੀਤ ਮੀਤ ਨੇ ਆਧੁਨਿਕ ਸ਼ੈਲੀ ਵਿਚ ਲਿਖੀਆਂ ਕੁਝ ਨਿੱਕੀਆਂ ਕਵਿਤਾਵਾਂ ਪੇਸ਼ ਕੀਤੀਆਂ:

"ਹਰਫਾਂ ਦੇ ਜਿਸਮ ਨੂੰ ਛੋਹਣਾ ਵਰਜਿਤ ਹੈ
ਅਰਥਾਂ ਦਾ ਸਤਿਭੰਗ ਕਰਨਾ ਪਰਵਾਨਤ ਹੈ।"

ਗੁਰਚਰਨ ਰਾਮਪੁਰੀ ਨੇ ਪੰਜਾਬ ਦੀ ਅਜੋਕੀ ਸਮੱਸਿਆ ਉਤੇ ਦੋ ਕਵਿਤਾਵਾਂ "ਜ਼ਹਿਰੀ ਰੁੱਖ" ਅਤੇ "ਖੁਦਕੁਸ਼ੀ ਦੇ ਰਾਹ" ਪੜ੍ਹੀਆਂ:

"ਜ਼ਹਿਰੀ ਦਮਗਜ਼ਿਆਂ ਦੇ ਰੁੱਖ ਨੂੰ
ਕਿੰਨੇ ਫਲ ਖਫਣ ਦੇ ਲੱਗੇ"

ਦੂਸਰੀ ਕਵਿਤਾ ਵਿਚ ਖਿਆਲਾਂ ਦੀ ਅਸਪੱਸ਼ਟਤਾ ਬਾਰੇ ਟਿਪਣੀ ਹੋਈ।

ਸੁਰਜੀਤ ਕਲਸੀ ਨੇ ਔਰਤ ਦੀ ਸਮੱਸਿਆ ਉਤੇ ਇਕ ਲੰਬੀ ਅਤੇ ਤਨਜ਼ੀਅ ਕਵਿਤਾ ਪੜ੍ਹੀ:

"ਮੈਨੂੰ ਪਤਾ ਹੈ ਹਵਾ ਭਾਰੀ ਹੈ
ਉਹ ਜ਼ਹਿਰ ਹਵਾ ਵਿਚ ਠਹਿਰ ਗਿਆ ਹੈ।"

ਅਜਮੇਰ ਰੋਡੇ ਨੇ ਬੱਚਿਆਂ ਵਾਸਤੇ ਲਿਖੀਆਂ ਦੋ ਕਵਿਤਾਵਾਂ The Little Girl, and Something Good ਅੰਗ੍ਰੇਜ਼ੀ ਵਿਚ ਪੜ੍ਹੀਆਂ:

"In dreams she opened
all the flowers
who hid the pretty bees"

ਮੀਟਿੰਗ ਦੇ ਅੰਤ ਉਤੇ ਕੁਝ ਸਾਹਿਤਕ ਸੂਚਨਾਵਾਂ ਅਤੇ ਸਮਾਚਾਰ ਵੀ ਸਾਂਝੇ ਕੀਤੇ ਗਏ:

ਸੁਰਜੀਤ ਕਲਸੀ (ਸਹਿ ਸੰਪਾਦਕ) ਨੇ ਅੰਗਰੇਜ਼ੀ ਵਿਚ ਛਪਦੇ ਸਾਹਿਤਕ ਮੈਗਜ਼ੀਨ "The Toronto South Asian Review" ਦੇ ਅਗਲੇ ਅੰਕ ਲਈ ਰਚਨਾਵਾਂ ਦੇਣ ਦੀ ਮਿਤੀ 15 ਫਰਵਰੀ 1985 ਦੱਸੀ ਅਤੇ ਰਚਨਾਵਾਂ ਦੀ ਮੰਗ ਕੀਤੀ।

ਅਮਰਜੀਤ ਸੂਫੀ ਨੇ ਰਚਨਾ (ਚੰਡੀਗੜ੍ਹ) ਦੇ ਸੰਪਾਦਕ ਡਾਕਟਰ ਰਘਬੀਰ ਸਿੰਘ ਦਾ ਚੰਦਿਆਂ ਬਾਰੇ ਸੁਨੇਹਾ ਦਿੱਤਾ।

ਅਜਮੇਰ ਰੋਡੇ ਨੇ ਪੰਜਾਬੀ ਨਾਵਲਕਾਰ ਗੁਰਦਿਆਲ ਸਿੰਘ ਵਲੋਂ ਵੈਨਕੂਵਰ ਦੇ ਲੇਖਕਾਂ ਦੇ ਨਾਂ ਭੇਜੀਆਂ ਸ਼ੁਭ ਇਛਾਵਾਂ ਬਾਰੇ ਦੱਸਿਆ।

ਗੁਰਚਰਨ ਰਾਮਪੁਰੀ ਨੇ ਪੰਜਾਬ ਯੂਨੀਵਰਸਿਟੀ ਵਿਚ ਪੰਜਾਬੀ ਸਟੱਡੀਜ਼ ਸਕੂਲ ਦੇ ਚੇਅਰਮੈਨ ਡਾਕਟਰ ਅਤਰ ਸਿੰਘ ਵਲੋਂ ਆਏ ਇਕ ਖਤ ਬਾਰੇ ਸੂਚਨਾ ਦਿਤੀ ਜਿਸ ਵਿਚ ਪੰਜਾਬੀ ਸਟੱਡੀਜ਼ ਸਕੂਲ ਵਿਚ ਵਿਦੇਸ਼ੀ ਪੰਜਾਬੀ ਸਾਹਿਤ ਬਾਰੇ ਇਕ ਵਿਸ਼ੇਸ਼ ਪਰਚਾ ਸ਼ੁਰੂ ਕਰਨ ਦਾ ਫੈਸਲਾ ਕੀਤਾ ਗਿਆ ਹੈ ਅਤੇ ਵਿਦੇਸ਼ੀ ਪੰਜਾਬੀ ਸਾਹਿਤਕਾਰਾਂ ਵਲੋਂ ਮੌਲਿਕ ਰਚਨਾਵਾਂ ਅਤੇ ਆਲੋਚਨਾਤਮਕ ਕਿਰਤਾਂ ਦੀ ਮੰਗ ਕੀਤੀ। ਯੂਨੀਵਰਸਿਟੀ ਤੋਂ ਛਪਦੇ ਸਹਿਤਕ ਮੈਗਜ਼ੀਨ "ਪਰਖ" ਦਾ ਵਿਦੇਸ਼ੀ ਪੰਜਾਬੀ ਸਾਹਿਤ ਅੰਕ ਕੱਢਣ ਦਾ ਫੈਸਲਾ ਵੀ ਕੀਤਾ ਗਿਆ ਹੈ ਜਿਸ ਲਈ ਵਿਦੇਸ਼ਾਂ ਵਿਚੋਂ ਰਚਨਾਵਾਂ ਭੇਜਣ ਬਾਰੇ ਰਿਹਾ ਗਿਆ ਹੈ।

ਪੰਜਾਬੀ ਲੇਖਕ ਮੰਚ ਕੈਨੇਡਾ ਵਿਚ ਮੌਲਿਕ ਪੰਜਾਬੀ ਸਾਹਿਤ ਦੀ ਸਿਰਜਣਾ ਨੂੰ ਉਤਸ਼ਾਹ ਦੇਣ ਦੇ ਆਸ਼ੇ ਨਾਲ ਕਾਇਮ ਕੀਤਾ ਗਿਆ ਹੈ। ਇਸ ਵਿਚ ਕਵਿਤਾ, ਕਹਾਣੀ, ਨਾਟਕ, ਪੁਸਤਕ ਪੜਚੋਲ, ਸਾਹਿਤ ਸਮਾਚਾਰ ਅਤੇ ਸਾਹਿਤ ਸਬੰਧੀ ਹੋਰ ਲਿਖਤਾਂ ਪੜ੍ਹੀਆਂ ਅਤੇ ਵਿਚਾਰੀਆਂ ਜਾਂਦੀਆਂ ਹਨ।

ਮੰਚ ਦੀਆਂ ਸਰਗਰਮੀਆਂ ਬਾਰੇ ਹੋਰ ਜਾਣਕਾਰੀ ਲਈ ਗੁਰਚਰਨ ਰਾਮਪੁਰੀ ਨੂੰ 986-2883 ਉਤੇ ਫੋਨ ਕਰੋ।

ਅਜਮੇਰ ਰੋਡੇ (ਕੋਆਰਡੀਨੇਟਰ)

• ਦੂਜੀ ਲੱਤ

ਟਰੱਕ ਦੀ ਦੁਰਘਟਨਾ 'ਚ ਇਕ ਆਦਮੀ ਦੀ ਇਕ ਲੱਤ ਟੁੱਟ ਗਈ। ਬੀਮਾ ਕੰਪਨੀ ਨੇ ਉਹ ਨੂੰ ਪੰਜਾਹ ਹਜ਼ਾਰ ਰੁਪਏ ਦਿੱਤੇ। ਇਹ ਗੱਲ ਜਦੋਂ ਉਹਨੇ ਆਪਣੀ ਬੀਵੀ ਨੂੰ ਦੱਸੀ ਤਾਂ ਉਹ ਝੱਟ ਬੋਲ ਪਈ - "ਹਾਏ ਰੱਬਾ! ਇਕ ਲੱਤ ਟੁੱਟਣ ਤੇ ਪੰਜਾਹ ਹਜ਼ਾਰ ਰੁਪਏ। ਤੈਨੂੰ ਸ਼ਰਮ ਨਹੀਂ ਆਈ ਦੂਜੀ ਲੱਤ ਬਚਾ ਕੇ ਘਰ ਲਿਆਉਂਦੇ ਹੋਏ

• ਸੁਰਜੀਤ

****

ਪੰਜਾਂ ਨਦੀਆਂ ਦੇ ਕੰਢਿਆਂ 'ਤੇ
ਸਿੱਖਾਂ ਨੇ ਸਿਰਾਂ 'ਤੇ ਘੁੱਟ ਘੁੱਟ ਕੇ ਜੂੜੇ ਬੰਨ੍ਹੇ ਹਨ
ਸਿੱਖ ਜਾਗ ਉਠੇ ਸਨ, ਗੁਰੂ ਦੇ ਸ਼ਬਦ ਰਾਹੀਂ
ਨਿਰਮੋਹ ਤੇ ਨਿਡਰ
ਹਜ਼ਾਰਾਂ ਗਲਾਂ 'ਚੋਂ ਧੁਨੀ ਗੂੰਜ ਉਠੀ
"ਗੁਰੂ ਦੀ ਜੈ,' ਦੀ
ਨਵਾਂ ਇਨਸਾਨ ਸਿੱਖ ਜਾਗਿਆ
ਸਵੇਰ ਦਾ ਨਵਾਂ ਚੜ੍ਹਿਆ ਸੂਰਜ
ਉਨ੍ਹਾਂ ਵਲ ਟਿਕਟਿਕੀ ਲਾ ਕੇ ਵੇਖਦਾ ਰਹਿ ਗਿਆ
"ਅਲਖ ਨਰਿੰਜਨ" ਦੇ ਲੱਬੀ ਜੈਕਾਰੇ ਗੂੰਜੇ
ਬੰਧਨ ਤੇ ਭੈਅ ਤੋਂ ਮੁਕਤ ਕਰਨ ਵਾਲੇ
ਛਾਤੀ ਦੇ ਕੋਲ ਉਤਸ਼ਾਹ ਭਰੇ
ਸਿੱਖਾਂ ਦੀਆਂ ਤਲਵਾਰਾਂ ਖੜਕਦੀਆਂ ਸਨ
ਪੰਜਾਬ ਅਜ "ਅਲਖ ਨਰਿੰਜਨ',
ਕਹਿ ਕੇ ਜਾਗ ਉਠਿਆ ਹੈ।

*

ਇਕ ਦਿਨ ਐਸਾ ਵੀ ਆ ਗਿਆ
ਲੱਖਾਂ ਨਿਡਰ ਜਾਨਾਂ ਜਾਗੀਆਂ
ਜੋ ਕਿਸੇ ਦੇ ਭਾਰ ਜਾਂ ਕਰਜ਼ੇ ਹੇਠ ਨਹੀਂ
ਜ਼ਿੰਦਗੀ ਤੇ ਮੌਤ ਦੋਵੇਂ ਉਨ੍ਹਾਂ ਦੀਆਂ ਗੁਲਾਮ ਨਹੀਂ
ਪੰਜ ਨਦੀਆਂ ਜਿਨ੍ਹਾਂ ਨੂੰ ਦਸ ਕੰਢਿਆਂ ਨੇ ਘੇਰਿਆ ਹੈ
ਉਨ੍ਹਾਂ ਦਾ ਧਰਤੀ 'ਤੇ ਉਹ ਦਿਨ ਆ ਗਿਆ

*

ਕੰਨਿਆਂ ਦੀ ਲੋੜ

ਉੱਚੀ ਲੰਮੀ, ਮੂੰਹ ਮਥੇ ਲਗਦੀ, ਪੜ੍ਹੀ ਲਿਖੀ ਅਤੇ ਚੰਗੇ ਚਾਲ ਚਲਣ ਵਾਲੀ ਲੜਕੀ ਦੀ ਲੋੜ ਹੈ। ਉਮਰ ਘੱਟ ਤੋਂ ਘੱਟ 27-28 ਸਾਲ ਹੋਵੇ। ਲੜਕਾ ਉਚਾ ਲੰਮਾਂ, ਸੋਹਣਾ ਸੁਨੱਖਾ, ਪੜ੍ਹਿਆ ਲਿਖਿਆ, ਇੰਗਲੈਂਡ ਵਿਚ ਵੈਲ-ਸੈਟਲਡ ਹੈ। ਪੰਜਾਬ ਵਿਚ ਪੰਦਰਾਂ ਏਕੜ ਜਮੀਨ ਅਤੇ ਛੇ ਅੱਖਰਾਂ ਵਿਚ ਬੈਂਕ ਅਕਾਊਂਟ ਹੈ। ਪਰ ਤਲਾਕ ਸ਼ੁਦਾ ਹੈ। ਉਮਰ 39 ਸਾਲ। ਸਰੀਰ ਪਤਲਾ ਅਤੇ ਚੁੱਸਤ ਹੋਣ ਕਰਕੇ ਵੇਖਣ ਨੂੰ 28-29 ਸਾਲ ਦਾ ਲਗਦਾ ਹੈ। ਲੜਕੀ ਇੰਡੀਆ ਜਾਂ ਕੈਨੇਡਾ ਕਿਧਰੇ ਦੀ ਹੋਵੇ। ਦਿਲਚਸਪੀ ਰੱਖਣ ਵਾਲੇ ਸੱਜਣ ਹੇਠ ਲਿਖੇ ਪਤੇ ਤੇ ਚਿਠੀ ਲਿਖਣ:—

The Canada Darpan, Punjabi Weekly
P.O Box 67344,Station 'O'
VANCOUVER, B.C., V5W 3T1

ਸਿੱਖ ਨੌਜਵਾਨਾਂ ਦੇ ਕੇਸ ਸੁਪਰੀਮ ਕੋਰਟ 'ਚ ਲੜਨ ਲਈ ਤਿਆਰੀਆਂ

ਚੰਡੀਗੜ੍ਹ: (ਗਿਆਨੀ ਹਰੀ ਸਿੰਘ) — ਪੰਜਾਬ ਦੀਆਂ ਵਿਸ਼ੇਸ਼ ਅਦਾਲਤਾਂ ਵਲੋਂ ਨਜਾਇਜ਼ ਹਥਿਆਰ ਰੱਖਣ, ਤੋੜ ਫੋੜ ਕਰਨ ਅਤੇ ਹੋਰ ਵਖ ਵਖ ਦੋਸ਼ਾ ਅਧੀਨ ਸਿੱਖ ਨੌਜਵਾਨਾਂ ਨੂੰ ਜੋ ਸਜ਼ਾਵਾਂ ਦਿਤੀਆ ਜਾ ਰਹੀਆਂ ਹਨ, ਉਨ੍ਹਾਂ ਦੀਆਂ ਅਪੀਲਾਂ ਸੁਪਰੀਮ ਕੋਰਟ ਵਿਚ ਕਰਨ ਦੀਆ ਤਿਆਰੀਆਂ ਜਾਰੀ ਹਨ। ਇਨ੍ਹਾਂ ਸਿੱਖ ਨੌਜਵਾਨਾਂ ਦੇ ਸਾਕ ਸਨੇਹੀ ਅਤੇ ਅਕਾਲੀ ਨੇਤਾ ਸਪੱਸ਼ਟ ਦੋਸ਼ ਲਾ ਰਹੇ ਹਨ ਕਿ ਉਨ੍ਹਾ ਉਤੇ ਪੁਲੀਸ ਨੇ ਝੂਠੇ ਮੁਕੱਦਮੇ ਬਣਾ ਕੇ ਸਜ਼ਾ ਦਿਵਾਈ ਹੈ, ਉਹ ਨਿਰਦੋਸ਼ ਹਨ ਅਤੇ ਉਨ੍ਹਾ ਨੂੰ ਕੈਦ ਰੱਖਣ ਲਈ ਇਹ ਸਜ਼ਾਵਾਂ ਦਿਤੀਆ ਜਾ ਰਹੀਆਂ ਹਨ।

ਜਾਣਕਾਰ ਸੂਤਰਾਂ ਅਨੁਸਾਰ ਹੁਣ ਤੱਕ ਵਿਸ਼ੇਸ਼ ਅਦਾਲਤਾਂ ਚਾਰ ਸੌ ਤੋਂ ਵੱਧ ਕੇਸਾਂ ਦਾ ਨਿਪਟਾਰਾ ਕਰ ਚੁੱਕੀਆ ਹਨ ਅਤੇ ਕਥਿਤ ਅਤਿਵਾਦੀਆ ਨੂੰ ਕੈਦ ਤੇ ਜੁਰਮਾਨੇ ਦੀਆਂ ਸਖਤ ਸਜ਼ਾਵਾਂ ਦਿਤੀਆਂ ਹਨ ਜਿਨ੍ਹਾਂ ਵਿਚੋਂ ਕਈ ਗਰੀਬ ਜੁਰਮਾਨਾ ਅਦਾ ਕਰਨ ਦੇ ਵੀ ਸਮਰੱਥ ਨਹੀਂ ਤੇ ਪ੍ਰੇਸ਼ਾਨ ਹਨ।

ਸਾਬਕ ਅਕਾਲੀ ਮੰਤਰੀ ਸ. ਸੁਖਦੇਵ ਸਿੰਘ ਢੀਂਡਸਾ ਨੇ ਇਕ ਮੁਲਾਕਾਤ ਵਿਚ ਦਸਿਆ ਕਿ ਸੁਪਰੀਮ ਕੋਰਟ ਵਿਚ ਸਿੱਖ ਨੌਜਵਾਨਾਂ ਦੀਆਂ ਅਪੀਲਾਂ ਦੀ ਪੈਰਵੀ ਲਈ ਅਕਾਲੀ ਦਲ ਵਲੋਂ ਵਕੀਲ ਨਿਸ਼ਚਿਤ ਕੀਤੇ ਗਏ ਹਨ ਜਿਨ੍ਹਾਂ ਨੂੰ ਵਿਸ਼ੇਸ਼ ਅਦਾਲਤਾਂ ਦੇ ਫੈਸਲੇ ਅਤੇ ਸਬੰਧਤ ਰਿਕਾਰਡ ਪਹੁੰਚਾਇਆ ਜਾ ਰਿਹਾ ਹੈ।

ਇਸੇ ਦੌਰਾਨ ਕਾਂਗਰਸ ਦੇ ਸਾਬਕਾ ਪਾਰਲੀਮੈਂਟ ਸ. ਗੁਰਚਰਨ ਸਿੰਘ ਨਿਹਾਲ ਸਿੰਘ ਵਾਲਾ ਨੇ ਦੁਖ ਪ੍ਰਗਟ ਕੀਤਾ ਹੈ ਕਿ ਪਿੰਡਾਂ ਵਿਚ ਹਾਲੇ ਵੀ ਪੁਲੀਸ ਨਿਰਦੋਸ਼ ਲੋਕਾਂ ਨੂੰ ਤੰਗ ਕਰ ਰਹੀ ਹੈ ਅਤੇ ਜੇਕਰ ਸਥਿਤੀ ਇਸੇ ਤਰ੍ਹਾਂ ਰਹੀ ਤਾਂ ਪੰਜਾਕ ਦੀ ਨਵੀਂ ਪੀੜ੍ਹੀ ਬੇਕਾਰ, ਅਨਪੜ੍ਹ ਅਤੇ ਜਰਾਇਤ-ਪੇਸ਼ਾ ਹੀ ਬਣੇਗੀ।

ਇਕ ਮੁਲਾਕਾਤ ਵਿਚ ਉਨ੍ਹਾਂ ਉਕਤ ਵਿਚਾਰ ਪ੍ਰਗਟ ਕਰਦੇ ਹੋਏ ਕਿਹਾ ਕਿ ਪੰਜਾਬ ਅਤੇ ਸਿੱਖਾਂ ਦੇ ਭਵਿੱਖ ਨੂੰ ਸਾਹਮਣੇ ਰੱਖ ਕੇ ਕੇਂਦਰੀ ਸਰਕਾਰ ਨੂੰ ਛੇਤੀ ਹੀ ਕੋਈ ਫੈਸਲਾ ਕਰਨਾ ਚਾਹੀਦਾ ਹੈ। ਜੇਕਰ ਉਹ ਫੈਸਲਾ ਅਕਾਲੀ ਨੇਤਾ ਪ੍ਰਵਾਨ ਲਹੀਂ ਕਰਨਗੇ ਤਾ ਉਹ ਸਿੱਖਾ ਤੋਂ ਨਿਖੜ ਕੇ ਰਹਿ ਜਾਣਗੇ, ਕਿਉਂਕਿ ਪੰਜਾਬੋਂ ਬਾਹਰ ਦੇ ਸਿੱਖ ਬੇਹੱਦ ਦੁਖੀ ਹਨ।

ਉਨ੍ਹਾ ਅਨੁਸਾਰ ਪੰਜਾਬ ਵਿਚ ਹਾਲੇ ਲੋਕ ਪ੍ਰਿਯ ਸਰਕਾਰ ਬਣਨ ਦੀ ਕੋਈ ਸੰਭਾਵਨਾ ਨਹੀਂ ਅਤੇ ਨਾ ਹੀ ਨਿਕਟ ਭਵਿੱਖ ਵਿਚ ਚੋਣਾਂ ਹੋਣ ਦੀ ਆਸ ਹੈ। ਇਸ ਸਬੰਧੀ ਅਪਰੈਲ ਵਿਚ ਹੀ ਕੋਈ ਝਲਕ ਦਿਖਾਈ ਦੇਵੇਗੀ।

ਨਰਮ, ਮਲੈਮ ਧੂਏਂ ਦਾ ਪਿੰਡਾ
ਜਿਓਂ ਪਤਲੋ ਦੀ ਕਾਇਆ।

ਸ੍ਰੀਮਤੀ ਰਾਮ ਕੌਰ ਕੈਰੋਂ ਦਾ ਪੀ. ਜੀ. ਆਈ. ਵਿਚ ਦੇਹਾਂਤ

ਚੰਡੀਗੜ੍ਹ: ਪੰਜਾਬ ਦੇ ਸਵਰਗੀ ਮੁਖ ਮੰਤਰੀ ਪਰਤਾਪ ਸਿੰਘ ਕੈਰੋਂ ਦੀ ਪਤਨੀ ਸਮਤੀ ਰਾਮ ਕੌਰ ਕੈਰੋਂ (84) ਦੀ ਪੀ. ਜੀ. ਆਈ. ਵਿਚ ਮੌਤ ਹੋ ਗਈ। ਉਨ੍ਹਾਂ ਦਾ ਅੰਤਮ ਸਸਕਾਰ ਜ਼ਿਲਾ ਅੰਮ੍ਰਿਤਸਰ 'ਚ ਉਨ੍ਹਾਂ ਦੇ ਪਿੰਡ ਕੈਰੋਂ ਵਿਖੇ ਕੀਤਾ ਗਿਆ।

ਸ੍ਰੀਮਤੀ ਰਾਮ ਕੌਰ ਪਿਛਲੇ ਅੱਠਾਂ ਸਾਲਾਂ ਤੋਂ ਕੈਂਸਰ ਨਾਲ ਪੀੜਤ ਸਨ ਅਤੇ ਤਿੰਨ ਮਹੀਨੇ ਪਹਿਲਾਂ ਉਨ੍ਹਾ ਨੂੰ ਪੀ. ਜੀ. ਆਈ. ਵਿਚ ਦਾਖਲ ਕਰਵਾਇਆ ਗਿਆ ਸੀ। ਉਨ੍ਹਾਂ ਦੇ ਦੋ ਪੁੱਤਰ ਅਤੇ ਇਕ ਧੀ ਹਨ, ਜਿਨ੍ਹਾਂ ਵਿਚੋਂ ਇਕ ਸੁਰਿੰਦਰ ਸਿੰਘ ਕੈਰੋਂ ਐਮ. ਐਲ. ਏ. ਵੀ ਹਨ। ਦੂਜਾ ਪੁੱਤਰ ਗੁਰਿੰਦਰ ਸਿੰਘ ਸਨਅਤਕਾਰ ਹੈ।

ਉਹ ਪਰਤਾਪ ਸਿੰਘ ਕੈਰੋਂ ਦੇ ਕਤਲ ਤੋਂ ਦੋ ਸਾਲ ਮਗਰੋਂ 1967 ਵਿਚ ਸਰਹਾਲੀ ਹਲਕੇ ਤੋਂ ਪੰਜਾਬ ਵਿਧਾਨ ਸਭਾ ਲਈ ਵੀ ਚੁਣੇ ਗਏ ਸਨ। ਇਸ ਤੋਂ ਪਹਿਲਾਂ ਉਨ੍ਹਾਂ ਆਪਣਾਂ ਜੀਵਨ ਕੈਰੋਂ ਪਿੰਡ ਵਿਚ ਅਧਿਆਪਕਾ ਦੇ ਤੌਰ 'ਤੇ ਕੰਮ ਕਰਦੇ ਹੋਏ ਬਿਤਾਇਆ। ਉਨ੍ਹਾਂ ਦੇ ਪਿਤਾ ਮੋਗਾ ਲਾਗਲੇ ਪਿੰਡ ਮਲਿਕਾ ਦੇ ਸਰਦਾਰ ਸਾਮਾ ਸਿੰਘ, ਸਿੰਘ ਸਭਾ ਲਹਿਰ ਵਿਚ ਸਰਗਰਮ ਸਨ। ਉਹ ਪਰਤਾਪ ਸਿੰਘ ਕੈਰੋਂ ਦੇ ਪਿਤਾ ਸਰਦਾਰ ਨਿਹਾਲ ਸਿੰਘ ਦੇ ਮਿੱਤਰ ਸਨ ਅਤੇ ਮਿੱਤਰਚਾਰੇ ਕਾਰਨ ਹੀ ਪਰਤਾਪ ਸਿੰਘ ਅਤੇ ਰਾਮ ਕੌਰ ਦੀ ਸ਼ਾਦੀ ਹੋਈ ਸੀ।

ਗੁਲਿਆਨੀ ਅਗਵਾਕਾਰਾਂ ਦੇ ਕੇਸ ਦੀ ਪੈਰਵਾਈ ਕਰਨਗੇ।

ਚੰਡੀਗੜ੍ਹ: ਭਾਰਤੀ ਹਵਾਈ ਜਹਾਜ਼ ਦੇ ਅਗਵਾਕਾਰਾਂ ਦੇ ਕੇਸ ਦੀ ਅਜਮੇਰ ਦੀ ਵਿਸ਼ੇਸ਼ ਅਦਾਲਤ ਵਿਚ ਪੈਰਵੀ ਕਰਨ ਲਈ ਸ. ਬਲਵੰਤ ਸਿੰਘ ਗੁਲਿਆਨੀ ਅਜਮੇਰ ਜਾਣਗੇ।

ਅਜਮੇਰ ਦੀ ਵਿਸ਼ੇਸ਼ ਅਦਾਲਤ ਦੇ ਜੱਜ ਸ੍ਰੀ ਗੋਡਾਰਾ ਦੀ ਅਦਾਲਤ ਵਿਚ ਭਾਰਤੀ ਹਵਾਈ ਜਹਾਜ਼ ਦੇ ਅਗਵਾਕਾਰਾਂ ਦੇ ਕੇਸ ਦੀ ਸੁਣਵਾਈ 19 ਮਾਰਚ ਨੂੰ ਹੋਣੀ ਹੈ।

ਅਗਵਾਗਕਾਰਾਂ ਨੂੰ ਪਿਛਲੇ ਮਹੀਨੇ ਚੰਡੀਗੜ੍ਹ ਦੀ ਜੇਲ੍ਹ ਤੋਂ ਅਜਮੇਰ ਜੇਲ੍ਹ ਵਿਚ ਲਿਜਾਇਆ ਗਿਆ ਸੀ। ਇਨ੍ਹਾ ਵਿਚੋਂ 6 ਚੰਡੀਗੜ੍ਹ ਦੇ ਨੌਜਵਾਨ ਹਨ।

ਚੱਨ ਦਾ ਟੁਕੜਾ, ਰਾਤ ਬਲੰਬਰੀ।
ਬਰਫਾਂ ਦੀ ਰੁੱਤ, ਮਾਹ ਦਸੰਬਰੀ।

ਲਾਲਾ ਹਰਦਿਆਲ ਨੂੰ ਸਰਧਾਂਜਲੀ

ਜਲੰਧਰ: (ਵਿਸ਼ੇਸ਼ ਪ੍ਰਤੀਨਿਧ) — ਇਥੇ ਦੇਸ਼ ਭਗਤ ਯਾਦਗਾਰ ਹਾਲ ਵਿਚ ਇਨਕਲਾਬੀ ਨੇਤਾ ਲਾਲਾ ਹਰਦਿਆਲ ਨੂੰ ਉਨ੍ਹਾਂ ਦੀ ਜਨਮ ਸ਼ਤਾਬਦੀ ਦੇ ਮੌਕੇ ਸਰਧਾਂਜਲੀ ਭੇਟ ਕਰਨ ਲਈ ਸਮਾਗਮ ਕੀਤਾ ਗਿਆ ਜਿਸ ਦੀ ਪ੍ਰਧਾਨਗੀ ਸੁਤੰਤਰਤਾ ਸੰਗਰਾਮੀ ਬਾਬਾ ਪ੍ਰਿਥਵੀ ਸਿੰਘ ਆਜ਼ਾਦ ਨੇ ਕੀਤੀ।

ਦੇਸ਼ ਧ੍ਰੋਹੀ ਦੇ ਕੇਸ 'ਚ ਦੋ ਬੰਦਿਆਂ ਨੂੰ ਇਕ ਸਾਲ ਦੀ ਕੈਦ

ਚੰਡੀਗੜ੍ਹ: ਵਿਸ਼ੇਸ਼ ਅਦਾਲਤਾ ਦੇ ਜੱਜ ਸ੍ਰੀ ਏ. ਪੀ. ਚੌਧਰੀ ਨੇ ਮੋਹਾਲੀ ਦੇ ਦੋ ਵਿਅਕਤੀਆ — ਬਲਵੰਤ ਸਿਘ ਅਤੇ ਭੂਪਿੰਦਰ ਸਿੰਘ ਨੂੰ ਇਕ ਸਾਲ ਲਈ ਸਖਤ ਕੈਦ ਦੀ ਸਜ਼ਾ ਸੁਣਾਈ ਹੈ।

ਮਾਣਯੋਗ ਜੱਜ ਨੇ ਹਰ ਇਕ ਨੂੰ ਪੰਜ ਸੌ ਰੁਪਏ ਜੁਰਮਾਨਾ ਕੀਤਾ ਹੈ। ਜੇ ਕੋਸ਼ੀ ਜੁਰਮਾਨਾ ਨਾ ਅਦਾ ਕਰ ਸਕੇ ਤਾਂ ਉਨ੍ਹਾਂ ਨੂੰ ਤਿੰਨ ਮਹੀਨੇ ਦੀ ਹੋਰ ਸਖਤ ਕੈਦ ਭੁਗਤਣੀ ਪਏਗੀ।

ਇਹ ਪਹਿਲੀ ਵਾਰ ਹੈ ਜਦੋਂ ਦੋਸ਼ੀਆਂ ਨੂੰ ਦੇਸ ਧਰੋਹੀ ਦੇ ਇਜਲਾਮ ਹੇਠ ਸਜ਼ਾ ਦਿਤੀ ਗਈ ਹੋਵੇ।

ਉਕਤ ਵਿਅਕਤੀਆ ਵਿਰੁਧ ਇਹ ਦੋਸ਼ ਹੈ ਕਿ ਉਨ੍ਹਾਂ ਨੇ 31 ਅਕਤੂਬਰ 1984 ਨੂੰ ਸ੍ਰੀਮਤੀ ਗਾਂਧੀ ਦੇ ਕਤਲ ਵਾਲੇ ਦਿਨ 17 ਸੈਕਟਰ ਵਿਚ ਇਤਰਾਜ਼ਯੋਗ ਨਾਅਰੇ ਲਾਏ। ਸ੍ਰੀ ਚੌਧਰੀ ਨੇ ਕਿਹਾ ਕਿ ਦੋਸ਼ੀਆਂ ਨੇ ਇਹ ਨਾਅਰੇ ਉਸ ਸਮੇਂ ਲਾਏ ਜਦੋਂ ਦੇਸ਼ ਵਿਚ ਗੈਰਯਕੀਨੀ ਵਾਲੀ ਹਾਲਤ ਬਣੀ ਹੋਈ ਸੀ ਅਤੇ ਲੋਕਾਂ ਦੇ ਜਜ਼ਬਾਤ ਸਿਖਰ 'ਤੇ ਪੁੱਜੇ ਹੋਏ ਸਨ। ਅਜਿਹੇ ਸਮੇਂ ਦੋਸ਼ੀਆਂ ਦੀ ਕਾਰਵਾਈ ਦੰਗਿਆ ਨੂੰ ਜਨਮ ਦੇ ਸਕਦੀ ਸੀ। ਇਸ ਲਈ ਉਹ ਇਸ ਜੁਰਮ ਕਰਕੇ ਦੋਸ਼ੀ ਹਨ ਅਤੇ ਉਨ੍ਹਾ ਨੂੰ ਸਜ਼ਾ ਦਿਤੀ ਗਈ ਹੈ।

ਹਰਭਜਨ ਸਿੰਘ ਦੀ ਜੁਡੀਸ਼ਲ ਰਿਮਾਂਡ

ਫਿਰੋਜ਼ਪੁਰ: ਪੰਜਾਬ ਜਨਤਾ ਪਾਰਟੀ ਦੇ ਪ੍ਰਧਾਨ ਹਰਭਜਨ ਸਿੰਘ ਦਾ ਜੁਡੀਸ਼ਲ ਮੈਜਿਸਟਰੇਟ ਦਰਜਾ ਅਵੱਲ ਜਸਪਾਲ ਸਿੰਘ ਨੇ 15 ਮਾਰਚ ਤਕ ਜੁਡੀਸ਼ਲ ਰਿਮਾਂਡ ਦਿਤਾ ਹੈ।

ਉਨ੍ਹਾਂ ਨੂੰ ਕਲ੍ਹ ਜ਼ਿਲਾ ਫਿਰੋਜਪੁਰ ਵਿਚ ਗ੍ਰਿਫਤਾਰ ਕੀਤਾ ਗਿਆ ਸੀ। ਉਨ੍ਹਾਂ ਉਤੇ ਪਿੰਡ ਚੱਕ ਵੈਰੋਂ ਕੇ ਵਿਚ ਕਥਿਤ ਤੌਰ 'ਤੇ ਭੜਕਾਊ ਭਾਸ਼ਨ ਦੇਣ ਦਾ ਦੋਸ਼ ਹੈ।

ਗੁਲਾਮੀ ਦੀਆਂ ਨਿਸ਼ਾਨੀਆਂ

■ ਚਰਨ ਪਾਲ ਗਿੱਲ
ਪ੍ਰਧਾਨ, ਬੀ. ਸੀ. ਸੰਘਰਸ਼ ਸੰਮਤੀ

ਜਦ ਗੁਲਾਮ ਕੌਮ ਨੂੰ ਆਜ਼ਾਦੀ ਮਿਲ ਜਾਵੇ ਤਾਂ ਮਾਨਸਿਕ ਤੌਰ ਤੇ ਸਹੀ ਆਜ਼ਾਦੀ ਅਨੁਭਵ ਕਰਨ ਲਈ ਪੁਰਾਣੀਆਂ ਮਾਸਟਰ-ਗੁਲਾਮ ਕੀਮਤਾਂ ਨੂੰ ਤੋੜਨਾ ਪੈਂਦਾ ਹੈ। ਅੱਜ ਭੀ ਬਹੁਤ ਲੋਕ ਭੁਲੇਖੇ ਵਿਚ ਹਨ ਤੇ ਕਹਿੰਦੇ ਹਨ ਕਿ ਅੰਗਰੇਜ਼ ਦਾ ਰਾਜ ਚੰਗਾ ਸੀ। ਇਹ ਸਮਝਣਾ ਪੈਣਾ ਕਿ ਉਨ੍ਹਾਂ ਲੋਕਾਂ ਨੂੰ ਗੁਲਾਮ ਰਖਕੇ ਭੀ ਆਪਦੀ ਦਿਆਨਤਦਾਰੀ ਤੇ ਸਚਾਈ ਦਾ ਕਿਵੇਂ ਪ੍ਰਭਾਵ ਪਾਇਆ ਕਿ ਲੋਕਾਂ ਨੂੰ ਗੁਲਾਮੀ ਪਸੰਦ ਆ ਰਹੀ ਹੈ? ਸਚਾਈ ਇਹ ਹੈ ਕਿ ਅਖਾਉਤੀ ਆਜ਼ਾਦੀ ਤਾਂ ਮਿਲ ਗਈ, ਗੋਰੇ ਦੀ ਥਾਂ ਕਾਲੇ ਅੰਗਰੇਜ਼ ਆ ਗਏ ਪਰ ਸਹੀ ਤੇ ਜਮਹੂਰੀ ਆਜ਼ਾਦੀ ਅਜੇ ਮਿਲੀ ਨਹੀਂ।

ਕਈ ਵਾਰ ਸੰਕਟ ਤੇ ਗਰੀਬੀ ਕੌਮਾਂ ਨੂੰ ਤੇ ਭੈਣ ਭਰਾ ਨੂੰ ਇਕੱਠੇ ਕਰ ਦਿੰਦੇ ਹਨ। ਪਰ ਜਦ ਖੁਸ਼ਹਾਲੀ ਆ ਜਾਵੇ ਤੇ ਗਰਜ਼ ਘਟ ਜਾਵੇ ਤਾਂ ਏਕਤਾ ਵਿਚ ਭੀ ਫਰਕ ਪੈ ਜਾਂਦਾ ਹੈ। ਪਰ ਕਈਆਂ ਨੂੰ ਏਨਾਂ ਗਰਵ ਹੋ ਜਾਂਦਾ ਹੈ ਉਹ ਕਿਸੇ ਦੀ ਇੱਟ ਧਰੀ ਧਰਾਈ ਨਹੀਂ ਰਹਿਣ ਦੇਂਦੇ ਭਾਵੇਂ ਸਕੀਮ ਲੋਕਾਂ ਲਈ ਮਹਿਲ ਉਸਾਰਨ ਦੀ ਹੋਵੇ। ਪੰਜਾਬੀ ਤਾਂ ਸੁਹਾਗੇ ਤੇ ਭੀ ਨਹੀਂ ਮਾਨ ਜਦ ਵੀਹ ਹਜ਼ਾਰ ਦੀ ਕਾਰ ਤੇ ਚੜ੍ਹ ਜਾਵੇ ਤਾਂ ਰੱਬ ਹੀ ਪਾਸੇ ਟਲ ਜਾਵੇ ਤਾਂ ਉਸਦੀ ਭਲਮਾਣਸੀ ਹੈ।

ਬਰਤਾਨਵੀ ਗੋਰਿਆਂ ਨੇ ਏਨਾ ਵੱਡਾ ਰਾਜ ਕੀਤਾ ਉਨ੍ਹਾਂ ਦਾ ਕਿਵੇਂ ਸੋਥਾ ਰਿਹਾ? ਉਨ੍ਹਾਂ ਦਾ ਸੋਥਾ ਤਾਂ ਰਿਹਾ ਕਿ ਉਹ ਅਫਸਰੀ ਕਰਨ ਗਿੱਝ ਗਏ ਸਨ। ਉਨ੍ਹਾਂ ਨੂੰ ਪਤਾ ਸੀ ਜੇ ਇਕੱਠੇ ਨ ਰਹੇ ਤਾਂ ਗੁਲਾਮੀ ਕਰਨੀ ਪਵੇਗੀ। ਸਾਨੂੰ ਭੀ ਸਰਦਾਰੀ ਕਰਨ ਦੀ ਤੇ ਇਜ਼ਤ ਰੱਖਣ ਦੀ ਆਦਤ ਪਾਉਣੀ ਪਵੇਗੀ। ਸਾਡੇ ਵਿਚ ਤਾਕਤ ਹੈ ਦਿਮਾਗ ਹੈ, ਮਿਹਨਤ ਕਸ਼ੀ ਹੈ ਪਰ ਘਾਟ ਇਹ ਹੈ ਸਾਨੂੰ ਇਹ ਗਿਆਨ ਨਹੀਂ ਕਿ ਉਲਝੇ ਮਸਲੇ ਕਿਸ ਤਰ੍ਹਾਂ ਸੁਲਝਾਉਣੇ ਹਨ। ਧੱਕੇ ਜਾਂ ਦਬਾ ਨਾਲ ਮਸਲੇ ਹੱਲ ਨਹੀਂ ਹੋਣੇ। ਪੰਜਾਬੀ ਵਿਚ ਫੂਨ ਤੇ ਗਾਲਾਂ ਕੱਢ ਕੇ ਜੋ ਸੁਆਦ ਕਈਆਂ ਨੂੰ ਆਉਂਦਾ ਹੈ ਉਹ ਨਸਲੀ ਗੋਰਿਆਂ ਨਾਲ ਲੜਕੇ ਨਹੀਂ ਆਉਂਦਾ?

ਘੱਟ ਪੈਸੇ ਵਾਲੀ ਨੌਕਰੀ ਮਿਲੇ ਜਾਂ ਨੌਕਰੀ ਤੋਂ ਜਵਾਬ ਮਿਲ ਜਾਵੇ ਕਹਿ ਦੇਂਦੇ ਹਨ ਕਿ ਸਾਡੀ ਕਿਸਮਤ ਸੀ। ਗੋਰਿਆਂ ਦਾ ਦੇਸ਼ ਹੈ ਜੇ ਨੌਕਰੀ ਨਹੀਂ ਤਾਂ ਵੈਲਫੇਅਰ ਤਾਂ ਦੇ ਦੇਂਦੇ ਹਨ। ਇਸ ਦੇਸ਼ ਵਿਚ ਮਿਹਨਤ ਕਰਨੀ, ਟੈਕਸ ਦੇਣਾ, ਆਪਦਾ ਘਰ ਬਣਾਉਣਾ, ਬੱਚੇ ਪੜ੍ਹਾਉਣੇ(ਹੋ ਸਕਦਾ ਹੈ ਬੱਚੇ ਹੀ ਜਾਂ ਸਾਡੀ ਪਨੀਰੀ ਹੱਥ ਵਿਚ ਨਾ ਰਹੇ) ਫਿਰ ਭੀ ਏਸ ਦੇਸ਼ ਨੂੰ ਆਪਦਾ ਨਾ ਕਹਿਣਾ ਆਪਦੇ ਆਪ ਨੂੰ ਕਮੀਨਾ ਤੇ ਭੈੜਾ ਮੰਨਣਾ। ਕਹਿਣਾ ਕਿ ਅਸੀਂ ਸਭ ਤੋਂ ਵਿਤਕਰਾ ਆਪ ਕਰਦੇ ਹਾਂ। ਇਹ ਕਹਿ ਕੇ ਨਸਲਵਾਦ ਵਿਰੁਧ ਲੜਾਈ ਨੂੰ ਢਾਹ ਲਾਉਣੀ। ਇਕ ਦੂਜੇ ਦੀ ਨੌਕਰੀ ਤੇ ਠੇਸ ਮਾਰਨੀ, ਦੂਸਰੇ ਨੂੰ ਡੇਗ ਕੇ ਆਪ ਅੱਗੇ ਵਧਣਾ ਤੇ ਮਾਲਕ ਨਾਲ ਦੋਸਤੀ ਤੇ ਉਸ ਕੋਲੇ ਆਪਣੇ ਵਰਕਰ ਭਾਈਵੰਦ ਦੀ ਚੁਗਲੀ ਕਰਨੀ, ਆਪਦਾ ਇਕ ਬੰਦਾ ਬਨ੍ਹਾਉਣ ਲਈ ਦਸ ਹੋਰ ਡੀਪੋਰਟ ਕਰਾਉਣੇ, ਦੂਸਰੇ ਬੰਦਿਆਂ ਵੱਲ ਉਂਗਲੀ ਕਰਕੇ ਟਾਊਟ ਤੇ ਟੋਡੀ ਕਹਿਕੇ ਆਪਦੀ ਅਸਲੀਅਤ ਲੁਕਾਉਣ ਦੀ ਨਾਕਾਮ ਕੋਸ਼ਿਸ਼ ਕਰਨੀ, ਜਲਦੀ ਹੀ ਅਮੀਰ ਹੋ ਕੇ ਮਿਲ ਮਾਲਕ ਵਰਗਾ ਬਨਣ ਦੀ ਕੋਸ਼ਿਸ਼, ਭਾਈਬੰਦ ਤੇ ਗੁਰਸਿਖ ਹੋਣ ਦਾ ਵਾਸਤਾ ਪਾ ਕੇ ਮਜ਼ਦੂਰਾਂ ਦੀ ਜੇਬ ਕੱਟਣੀ — ਇਹ ਸਭ ਗੁਲਾਮ ਜ਼ਹਿਨੀਅਤ ਦੀ ਉਪਜ ਹੈ। ਖੁਦਗਰਜ਼ੀ ਇਸ ਦੀ ਇਕ ਵੱਡੀ ਜੜ੍ਹ ਹੈ। ਸਾਂਝਾ ਭਲਾ ਨਾ ਸੋਚਣਾ ਪਰ ਪਹਿਲੋਂ ਆਪਦੀ ਤਰੱਕੀ ਸੋਚਣੀ। ਘੱਟ ਪੈਸੇ ਤੇ ਕੰਮ ਕਰਕੇ ਜਾਂ ਘੱਟ ਪੈਸੇ ਤੇ ਠੇਕਾ ਲੈ ਕੇ ਮਜ਼ਦੂਰ ਜਮਾਤ ਦਾ ਲੱਕ ਤੋੜਨਾ ਤੇ ਏਕੇ ਨੂੰ ਸੱਟ ਮਾਰਨੀ। ਮੌਕਾਪ੍ਰਸਤੀ ਕਰਨੀ। ਆਪਦੀ ਸ਼ੁਹਰਤ ਜਾਂ ਬਹਾਦਰੀ ਦਾ ਤਗਮਾ ਲੈਣ ਲਈ ਅਜਿਹੇ ਕੰਮ ਕਰਨੇ ਜੋ ਸਮੁੱਚੀ ਕਮਿਊਨਿਟੀ ਨੂੰ ਹਾਨੀਕਾਰਕ ਹੋਣ। ਖੁਦ ਪਰਸਤੀ ਦੀ ਹੱਦ ਹੋ ਜਾਵੇ ਜਦ ਪਰਾਏ ਤੇ ਆਪਦੇ ਦੀ ਪਛਾਣ ਨਾ ਰਹੇ।

ਇਹ ਗੁਲਾਮੀ ਦੀ ਜ਼ੰਜ਼ੀਰਾਂ ਕਦ ਟੁਟਣਗੀਆਂ? ਸਹੀ ਆਜ਼ਾਦੀ ਕਦ ਆਵੇਗੀ? ਜਦ ਸਦਭਾਵਨਾ ਤੇ ਏਕਤਾ ਹੋ ਗਈ। ਜਦ ਹਰ ਇਕ ਆਪਦੇ ਕਰਤੱਵਾਂ ਦੀ ਆਪ ਜ਼ਿੰਮੇਂਵਾਰੀ ਲੈਣ ਲਗ ਪਿਆ। ਦੂਸਰਿਆਂ ਨੂੰ ਅਪਰਾਧੀ ਕਹਿਣ ਤੋਂ ਸੰਕੋਚ ਕਰਨ ਲੱਗ ਪਿਆ। ਜਦ ਦੂਸਰੇ ਦਾ ਕੰਮ ਆਪਦਾ ਜਾਣਕੇ ਕਰਿਆ। ਆਪਦਾ ਕੰਮ ਛੱਡ ਕੇ ਨਿਆਸਰੇ ਦਾ ਆਸਰਾ ਬਣਿਆ। ਠਰੰਮਾ ਤੇ ਸਹਿਨਸ਼ੀਲਤਾ ਦੀ ਭਾਵਨਾ ਪੈਦਾ ਹੋਈ। ਹਰ ਭੈਣ ਭਰਾ ਦਾ ਸਤਿਕਾਰ ਕਰਨਾ ਸਿਖਿਆ। ਕੋਝੇ ਸ਼ਬਦ ਵਰਤਣ ਤੋਂ ਝਿਜਕਿਆ। ਪਰਾਏ ਦੀ ਇਜ਼ਤ ਨੂੰ ਆਪਦੀ ਕਰਕੇ ਸਮਝਿਆ। ਦੂਸਰੇ ਦਾ ਮਖੌਲ ਉਡਾ ਕੇ ਮਨ ਦੀ ਖੁਸ਼ੀ ਨਾ ਕੀਤੀ। ਘੁਮੰਡ ਤੇ ਹੰਕਾਰ ਤੋਂ ਛੁਟਕਾਰਾ ਪਾਇਆ। ਆਪਦੇ ਆਪ ਤੇ ਤੇ ਕੌਮ ਤੇ ਫਖਰ ਤੇ ਮਾਨ ਕੀਤਾ। ਆਪ ਨੂੰ ਵਧੀਆ ਇਨਸਾਨ ਸਮਝਕੇ ਇਨਸਾਨੀਅਤ ਦੀ ਮਿਸਾਲ ਪੈਦਾ ਕੀਤੀ। ਤਦ ਅਸੀਂ ਅਸਲੀ ਆਜ਼ਾਦੀ ਤੇ ਕੌਮ ਦੀ ਚੜ੍ਹਦੀ ਕਲਾ ਦੇ ਰਾਹ ਪੈ ਜਾਵਾਂਗੇ। ਜੇ ਇਸ ਤਰ੍ਹਾਂ ਨਾ ਹੋਇਆ ਤਾਂ ਸਾਡੀ ਪਾਣੀ ਵਿਚ ਹੀ ਮਧਾਣੀ ਹੈ, ਕਿੰਨ੍ਹਾਂ ਚਿਰ ਰਿੜਕ ਲਵੋ ਮੱਖਣ ਨਹੀਂ ਆਵੇਗਾ।

ਸੁਣ ਭਾਈ ਲਾਲੋ

ਸੂਰਜ ਜੀਤ ਸਿੰਘ ਸੰਧੂ
ਰਿਚਮੰਡ

ਭਾਈ ਸਾਹਿਬ ਜੀ ਹੁਣ ਤੁਸੀਂ ਐਨੀਂ ਗਮਗੀਨ ਹਾਲਤ ਵਿਚ ਚੁੱਪ ਵੱਟ ਕੇ ਬੁਕਲ ਵਿਚ ਸਿਰ ਦੇ ਕੇ ਕਿਉਂ ਬੈਠੇ ਰਹਿੰਦੇ ਜੇ। ਸਗੋਂ ਹੁਣ ਤਾਂ ਤੁਹਾਨੂੰ ਖੁਸ਼ ਖੁਸ਼ ਰਹਿਣਾ ਚਾਹੀਦਾ ਏ, ਕਿਉਂਕਿ ਸਤਾਂ ਅੱਠਾਂ ਮਹੀਨਿਆਂ ਪਿਛੋਂ ਹੁਣ ਤੁਹਾਨੂੰ ਕੁਝ ਵਿਹਲੇ ਦਿਨ ਮਿਲੇ ਨੇ। ਘਰ ਬੈਠਿਆਂ ਨੂੰ ਹਰ ਦੂਜੇ ਸ਼ੁਕਰਵਾਰ ਭੱਤੇ ਦੀ ਚੈਕ ਆ ਜਾਂਦੀ ਹੋਵੇਗੀ। ਫੱਗਣ ਦੇ ਮਹੀਨੇ ਤੋਂ ਲੈ ਕੇ ਅੱਸੂ ਦੇ ਅਖੀਰ ਤੱਕ ਤਾਂ ਤੁਸੀਂ ਸੱਤੇ ਦਿਨ ਚੌਦਾਂ ਚੌਦਾਂ ਘੰਟੇ ਕੰਮ ਤੇ ਗੁਜ਼ਾਰਦੇ ਰਹੇ ਜੇ। ਘਰ ਦੇ ਜੀਆਂ ਨੂੰ ਸੁਤਿਆਂ ਪਿਆਂ ਨੂੰ ਛੱਡ ਜਾਂਦੇ ਸੀ ਅਤੇ ਸੁੱਤਿਆਂ ਨੂੰ ਹੀ ਆ ਕੇ ਵੇਖ ਲੈਂਦੇ ਸੀ। ਠੇਕੇਦਾਰ ਇਕ ਬੰਦ ਟਰੱਕੀ ਵਿਚ ਲੱਦ ਕੇ ਲੈ ਜਾਂਦਾ ਸੀ ਜਿਸ ਵਿਚ ਤੀਹ ਤੀਹ ਬੰਦੇ ਬੰਦ ਕੀਤੇ ਹੁੰਦੇ ਸਨ। ਨਾ ਹੀ ਉਸ ਟਰੱਕੀ ਵਿਚ ਖੁਲ੍ਹਾ ਸਾਹ ਲੈ ਸਕਦੇ ਸੀ ਅਤੇ ਨਾ ਹੀ ਬਾਹਰ ਕੋਈ ਝਾਤੀ ਮਾਰ ਸਕਦਾ ਸੀ ਕਿਉਂਕਿ ਟਰੱਕੀ ਦੀਆਂ ਬਾਰੀਆਂ ਦੇ ਸ਼ੀਸ਼ੇ ਵੀ ਰੋਗਨ ਕੀਤੇ ਹੋਏ ਸੀ ਤਾਂ ਕਿ ਕੋਈ ਬਾਹਰੋਂ ਨਕੋ ਨਕ ਲੱਦੀ ਟਰੱਕੀ ਵੇਖ ਕੇ ਕਿਤੇ ਪੁਲਸ ਨੂੰ ਖਬਰ ਨਾ ਕਰ ਦੇਵੇ। ਭਾਈ ਜੀ ਤੁਸੀਂ ਉਸ ਵੇਲੇ ਕੋਈ ਗਿਲਾ ਨਹੀਂ ਸੀ ਕਰਦੇ ਪਰ ਅਜ ਐਸ ਤਰਾਂ ਕਿਉਂ ਓਦਰੇ ਹੋਏ ਬੈਠੇ ਜੇ?

ਭਾਈ ਲਾਲੋ ਜੀ

ਭਾਈ ਸਾਹਿਬ ਜੀ ਤੁਹਾਨੂੰ ਕੀ ਦੱਸੀਏ ਜਿਸ ਆਸ ਤੇ ਮੈਂ ਅੱਠ ਮਹੀਨੇ ਪਸ਼ੂਆਂ ਵਰਗੀ ਜੂਨ ਕੱਟੀ, ਅਜ ਉਸ ਆਸ ਤੇ ਬਿਲਕੁਲ ਪਾਣੀ ਫਿਰ ਗਿਆ। ਤੁਸੀਂ ਪੁਛੋਗੇ ਕਿ ਉਹ ਕਿਸ ਤਰ੍ਹਾਂ? ਲਉ ਹੁਣ ਇਹ ਵੀ ਸੁਣ ਲਵੋ:

ਕੰਮ ਤਾਂ ਭਾਵੇਂ ਚੌਦਾਂ ਚੌਦਾਂ ਘੰਟੇ ਦਿਨ ਵਿਚ ਕਰਦੇ ਰਹੇ ਪਰ ਠੇਕੇਦਾਰ ਵਲੋਂ ਪੈਸੇ ਗਿਣਤੀ ਮਿਣਤੀ ਦੇ ਹੀ ਮਿਲਦੇ ਰਹੇ। ਜੋ ਉਸ ਦੀ ਮਰਜ਼ੀ ਹੁੰਦੀ ਦੇ ਛੱਡਦਾ ਸੀ। ਅਸੀਂ ਸਤ ਕਰਕੇ ਪ੍ਰਵਾਨ ਕਰ ਲੈਂਦੇ ਸਾਂ ਕਿਉਂਕਿ ਡਰ ਸੀ ਕਿਤੇ ਕੰਮ ਤੋਂ ਹੀ ਜਵਾਬ ਨਾ ਦੇ ਦੇਵੇ। ਦੂਜੇ ਬੰਦਾ ਵੀ ਆਪਣੀ ਕੌਮ ਦਾ ਸੀ। ਇਹ ਸਮਝ ਲੈਂਦੇ ਸਾਂ ਕਿ ਚਲੋ ਯਾਰ ਪੈਸੇ ਘੱਟ ਵੀ ਦੇ ਦੇਵੇਗਾ ਤਾਂ ਕੀ ਹੈ। ਨਾਲੇ ਸਾਨੂੰ ਸਟੈਂਪਾਂ ਦੀ ਲੋੜ ਸੀ ਕਿਵੇਂ ਪੂਰੀਆਂ ਹੋ ਜਾਣ ਤਾਂ ਕਿ ਸਰਦੀਆਂ ਵਿਚ ਜਦੋਂ ਕੰਮ ਤੋਂ ਵਿਹਲੇ ਹੋ ਗਏ ਤਾਂ ਭੱਤਾ ਮਿਲਣਾ ਸ਼ੁਰੂ ਹੋ ਜਾਵੇਗਾ। ਚਾਰ ਦਿਨ ਸੁਖ ਦੇ ਕੱਟ ਲਵਾਂਗੇ। ਹੁਣ ਭਾਈ ਸਾਹਿਬ ਜੀ ਹੋਇਆ ਕੀ। ਜਦੋਂ ਮੈਂ ਠੇਕੇਦਾਰ ਪਾਸ ਆਪਣੀ ਸਟੈਂਪਾਂ ਵਾਲੀ ਕਾਪੀ ਲੈਣ ਗਿਆ ਤਾਂ ਉਹ ਕਈ ਦਿਨ ਤਾਂ ਵੈਸੇ ਹੀ ਟਾਲ ਮਟੋਲ ਕਰਦਾ ਰਿਹਾ। ਅਖੀਰ ਇਕ ਦਿਨ ਕਹਿਣ ਲੱਗਾ ਕਿ ਮੇਰੀ ਕਾਪੀ ਤੇ ਭੱਤਾ ਲੈਣ ਜੋਗੀਆਂ ਸਟੈਂਪਾਂ ਨਹੀਂ ਲੱਗੀਆਂ ਇਸ ਲਈ ਮੈਨੂੰ ਕਾਪੀ ਲੈਣ ਦਾ ਕੋਈ ਫਾਇਦਾ ਨਹੀਂ।

ਵੇਖੋ ਹਨੇਰ ਖੁਦਾ ਦਾ। ਨੱਬੇ ਨੱਬੇ ਘੰਟੇ ਹਫਤੇ ਤਾਂ ਮੈਂ ਅੱਠ ਮਹੀਨੇ ਕੰਮ ਕੀਤਾ ਹੋਵੇ ਤੇ ਅਜੇ ਵੀ ਮੇਰੀਆਂ ਸਟੈਂਪਾਂ ਭੱਤਾਂ ਲੈਣ ਜੋਗੀਆਂ ਨਹੀਂ ਬਣਦੀਆਂ।

ਅਖੀਰ ਉਸਦੇ ਮਿੰਨਤਾਂ ਤਰਲੇ ਕੀਤੇ ਤਾਂ ਉਸ ਨੇ ਇਕ ਹਜ਼ਾਰ ਡਾਲਾ ਨਕਦ ਲੈ ਕੇ ਮੈਨੂੰ ਕਾਪੀ ਦਿਤੀ। ਇਸ ਨੂੰ ਪਗੜੀ ਕਹਿ ਲਵੋ ਜਾਂ ਦਕਸ਼ਨਾਂ ਕਹਿ ਲਵੋ। ਇਸ ਤਰਾਂ ਜੋ ਪਹਿਲੇ ਦੋ ਮਹੀਨੇ ਦੇ ਬੇਰੁਜ਼ਗਾਰੀ ਭੱਤੇ ਦੇ ਪੈਸੇ ਮਿਲਣੇ ਹਨ ਉਹ ਤਾਂ ਠੇਕੇਦਾਰ ਦੇ ਢਿੱਡ ਵਿਚ ਚਲੇ ਗਏ ਅਤੇ ਫਿਰ ਬਾਕੀ ਦੇ ਦੋ ਮਹੀਨੇ ਦਾ ਜੋ ਪੈਸਾ ਮਿਲੇਗਾ ਉਹ ਮੇਰੇ ਪਾਸ ਆਵੇਗਾ। ਦਸੋ ਹੁਣ ਮੇਰੀ ਕਬੀਲਦਾਰੀ ਦਾ ਖਰਚ ਕਿਸ ਤਰਾਂ ਚਲੇ? ਘਰ ਦੀਆਂ ਕਿਸ਼ਤਾਂ ਕਿਸ ਤਰ੍ਹਾਂ ਦਿਤੀਆਂ ਜਾਣ। ਘਰ ਦੇ ਹੇਠਲੇ ਹਿੱਸੇ ਚੋਂ ਕੁਝ ਪੈਸੇ ਕਰਾਏ ਦੇ ਆਉਂਦੇ ਸਨ ਉਹ ਵੀ ਸਰਕਾਰ ਨੇ ਖਾਲੀ ਕਰਾ ਦਿਤਾ ਹੈ ਕਿ ਇਸ ਘਰ ਵਿਚ ਦੋ ਪਰਵਾਰ ਨਹੀਂ ਰਹਿ ਸਕਦੇ। ਕਿਉਂਕਿ ਆਂਢੀ ਗਵਾਂਢੀ ਇਸ ਗੱਲ ਨੂੰ ਬੁਰਾ ਮਨਾਉਂਦੇ ਹਨ।

ਦੂਜੇ ਪਾਸੇ ਵੇਖੋ ਇਹਨਾਂ ਠੇਕੇਦਾਰਾਂ ਨੇ ਰੱਬ ਨੂੰ ਵੀ ਆਪਣੇ ਹੱਥ ਵਿਚ ਕਰ ਰਖਿਆ ਏ। ਪਿਛਲੇ ਹਫਤੇ ਇਹਨਾਂ ਠੇਕੇਦਾਰਾਂ ਨੇ ਗੁਰਦੁਆਰੇ ਅਖੰਡ ਪਾਠ ਦਾ ਭੋਗ ਪਵਾਇਆ ਹੈ। ਬੜਾ ਖੁਲ੍ਹਾ ਖਰਚ ਲੰਗਰ ਪਾਣੀ ਤੇ ਕੀਤਾ ਗਿਆ। ਸਭ ਸੰਗਤਾਂ ਇਹਨਾਂ ਦਇਆ ਵਾਨਾਂ ਦੀਆਂ ਸਿਫਤਾਂ ਕਰਦੇ ਨਾ ਥੱਕਣ। ਹੁਣ ਜੇ ਮੇਰੇ ਵਰਗਾ ਦੁਖੀ ਇਸ ਤਰ੍ਹਾਂ ਦੇ ਠੇਕੇਦਾਰਾਂ ਦੀ ਅਸਲੀ ਕਰਤੂਤ ਦੱਸਣ ਲਗਦਾ ਏ ਤਾਂ ਉਸ ਵੇਲੇ ਲੋਕੀਂ ਲਾਲ ਅਖਾਂ ਕਰਕੇ ਮੇਰੇ ਮੂੰਹ ਅੱਗੇ ਹੱਥ ਦੇਂਦੇ ਹਨ ਅਤੇ ਮੈਨੂੰ ਦੁਰਕਾਰਦੇ ਹਨ "ਖਬਰਦਾਰ ਜੇ ਐਸ ਤਰ੍ਹਾਂ ਦੇ ਦਾਨੀ ਸ਼ਰਧਾਲੂ ਸਜਣ ਦੇ ਖਿਲਾਫ ਕੋਈ ਬੁਰੀ ਭਲੀ ਗੱਲ ਕੀਤੀ ਤਾਂ"

ਦਸੋ ਹੁਣ ਕਿਸ ਤਰ੍ਹਾਂ ਗੁਜ਼ਾਰਾ ਮੈਂ ਆਪਣਾ ਝੱਟ !!

ਪਾਕਿਸਤਾਨ ਦੇ ਚਾਰ ਨੇਤਾ ਨਜ਼ਰਬੰਦ

ਕਰਾਚੀ: ਪਾਕਿਸਤਾਨ ਦੇ ਚਾਰ ਵਿਰੋਧੀ ਨੇਤਾਵਾਂ ਦੀ ਘਰ ਵਿਚ ਨਜ਼ਰਬੰਦੀ ਦੀ ਮਿਆਦ ਵਿਚ ਤਿੰਨ ਮਹੀਨੇ ਦਾ ਹੋਰ ਵਾਧਾ ਕੀਤਾ ਗਿਆ ਹੈ। ਪਹਿਲਾਂ ਉਹ ਪੰਦਰਾਂ ਦਿਨਾਂ ਲਈ ਨਜ਼ਰਬੰਦ ਕੀਤੇ ਗਏ ਸਨ। ਇਨ੍ਹਾਂ ਵਿਚ ਪੀ. ਪੀ. ਪੀ. ਦੇ ਗੁਲਾਮ ਮੁਸਤਫਾ ਜੇਤੋਈ, ਪਾਕਿਸਤਾਨ, ਮੁਸਲਿਮ ਲੀਗ ਦੇ ਖਵਾਜਾ ਖੈਰੂਦੀਨ, ਨੈਸਨਲ ਡੈਮੋਕਰੇਟਿਕ ਪਾਰਟੀ ਦੇ ਸ਼ੇਰਬਾਜ ਮਜਾਰੀ ਅਤੇ ਜਮਾਇਤੇ-ਓਲੇਮਾ-ਏ ਪਾਕਿਸਤਾਨ ਸ਼ਾਹ ਅਹਿਮਦ ਨੂਰਾਨੀ ਵਿਚ ਸ਼ਾਮਲ ਹਨ।

ਯੂਥ ਅਕਾਲੀ ਦਲ ਵਖਰਾ ਮੋਰਚਾ ਨਹੀਂ ਲਾਏਗਾ — ਬਰਾੜ

ਮੁਕਤਸਰ: ਅਕਾਲੀ ਦਲ ਯੂਥ ਵਿੰਗ ਦੇ ਜਨਰਲ ਸਕੱਤਰ ਸ੍ਰੀ ਮਲਕੀਅਤ ਸਿੰਘ ਬਰਾੜ ਨੇ ਸਪੱਸ਼ਟ ਕੀਤਾ ਹੈ ਕਿ ਯੂਥ ਵਿੰਗ ਅਕਾਲੀ ਦਲ ਦਾ ਹੀ ਇਕ ਅੰਗ ਹੈ ਅਤੇ ਉਹ ਦਲ ਦੇ ਪ੍ਰੋਗਰਾਮ ਅਨੁਸਾਰ ਹੀ ਚਲੇਗਾ ਅਤੇ ਕੋਈ ਵਖਰਾ ਮੋਰਚਾ ਨਹੀਂ ਲਾਏਗਾ।

ਉਨ੍ਹਾਂ ਨੇ ਪ੍ਰਧਾਨ ਮੰਤਰੀ 'ਤੇ ਦੋਸ਼ ਲਾਇਆ ਕਿ ਉਹ ਸਿੱਖਾਂ ਵਿਰੁਧ ਗਲਤ ਤੇ ਭੜਕਾਊ ਬਿਆਨ ਦੇ ਕੇ ਸਿੱਖਾਂ ਵਿਰੁਧ ਨਫਰਤ ਪੈਦਾ ਕਰ ਰਹੇ ਹਨ।



ਗੈਂਗਮੈਨ ਗੋਲੀ ਨਾਲ ਕਤਲ

ਪਟਿਆਲਾ: ਪੰਜਾਬ ਹਰਿਆਣਾ ਸਰਹੱਦ ਉਪਰ ਪੈਂਦੇ ਸ਼ੰਭੂ ਰੇਲਵੇ ਫਾਟਕ ਉਪਰ ਤਾਇਨਾਤ ਗੈਂਗਮੈਨ ਬਲਵਿੰਦਰ ਸਿੰਘ ਨੂੰ ਗਸ਼ਤੀ ਟੁਕੜੀ ਦੇ ਇਕ ਹੋਮ ਗਾਰਡ ਕਰਮਚਾਰੀ ਨੇ ਗੋਲੀ ਮਾਰ ਕੇ ਮਾਰ ਦਿਤਾ।

ਪੁਲੀਸ ਨੇ ਹੋਮ ਗਾਰਡ ਹਰਜਸਦੇਵ ਸਿੰਘ ਨੂੰ ਕਤਲ ਦੇ ਦੋਸ਼ ਵਿਚ ਗ੍ਰਿਫਤਾਰ ਕਰ ਲਿਆ ਹੈ।

ਪੁਲੀਸ ਦੇ ਦੱਸਣ ਅਨੁਸਾਰ ਰੇਲ ਲਾਈਨ ਕਿਨਾਰੇ ਜੰਗਲ ਪਾਣੀ ਬੈਠੀਆਂ ਗਰੀਬ ਔਰਤਾਂ ਨੂੰ ਗਸ਼ਤੀ ਟੁਕੜੀ ਵਾਲਿਆਂ ਗੋਲੀ ਚਲਾ ਦਿਤੀ। ਇਸ ਟੁਕੜੀ ਵਿਚ ਹੋਮ ਗਾਰਡ ਆਸਾ ਰਾਮ ਤੇ ਗੈਂਗਮੈਨ ਰਾਮ ਦੇਵ ਅਤੇ ਜੋਗੇਸ਼ਵਰ ਵੀ ਸਨ

ਸੰਗਰੂਰ ਜੇਲ੍ਹ ਤੋਂ ਫਰੀਦਕੋਟ ਲਿਆਂਦਾ

ਮੁਕਤਸਰ: ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਪ੍ਰਧਾਨ ਨਿਧੜਕ ਸਿੰਘ ਨੂੰ ਸੰਗਰੂਰ ਜੇਲ੍ਹ ਤੋਂ ਫਰੀਦਕੋਟ ਜੇਲ੍ਹ ਵਿਚ ਲਿਆਂਦਾ ਗਿਆ ਹੈ।

ਅਕਾਲੀ ਜਥਾ ਸਰਕਲ ਮੁਕਤਸਰ ਦੇ ਪ੍ਰਧਾਨ ਜਥੇਦਾਰ ਹੀਰਾ ਸਿੰਘ ਚਿੜੇਵਾਨ ਨੇ ਫਰੀਦਕੋਟ ਜੇਲ੍ਹ ਵਿਚ ਅਕਾਲੀ ਵਰਕਰਾਂ ਨਾਲ ਮੁਲਾਕਾਤ ਕੀਤੀ।

ਸੁਣਿਐ ਹੁੰਦੇ ਕੰਨ ਬੋਲੇ ਤਖਤ ਤੇ ਤਾਜ ਦੇ
'ਬੁਲਿਆ' ਤੇਰਾ ਕਿਹਾ ਸੁਣਿਆ ਸ਼ੈਦ ਆਹਲਾ ਜਾਏਗਾ।

ਅਤਿਵਾਦੀਆਂ ਨੂੰ ਮਦਦ ਨਹੀਂ — ਜ਼ਿਆ

ਲੰਦਨ: (ਪੀ. ਟੀ. ਆਈ., ਯੂ. ਐਨ. ਆਈ.) — ਪਾਕਿਸਤਾਨ ਦੇ ਰਾਸ਼ਟਰਪਤੀ ਜਨਰਲ ਜ਼ਿਆ ਉਲ ਹੱਕ ਨੇ ਇਨ੍ਹਾਂ ਦੋਸ਼ਾਂ ਨੂੰ ਮਨਘੜਤ ਦੱਸਿਆ ਹੈ ਕਿ ਪਾਕਿਸਤਾਨ ਪੰਜਾਬ ਵਿਚਲੇ ਸਿੱਖ ਅਤਿਵਾਦੀਆਂ ਦੀ ਮਦਦ ਕਰ ਰਿਹਾ ਹੈ ਅਤੇ ਕਿਹਾ ਹੈ ਕਿ ਉਨ੍ਹਾਂ ਦੇ ਦੇਸ਼ ਵਲੋਂ ਅਜਿਹਾ ਕੀਤਾ ਜਾਣਾ ਗੈਰ-ਇਖਲਾਕੀ ਹੈ।

ਬਰਤਾਨੀਆ ਦੀ ਇਕ ਕਮਰਸ਼ੀਅਲ ਟੈਲੀਵੀਜ਼ਨ ਕੰਪਨੀ ਵਲੋਂ ਇਥੇ ਟੇਲੀਕਾਸਟ ਕੀਤੇ ਗਏ ਇੰਟਰਵਿਊ ਵਿਚ ਜਨਰਲ ਜ਼ਿਆ ਨੇ ਕਿਹਾ ਕਿ ਪਾਕਿਸਤਾਨ ਵਿਚ ਸਿੱਖ ਅਤਿਵਾਦੀਆਂ ਲਈ ਕੋਈ ਸਿਖਲਾਈ ਕੈਂਪ ਮੌਜੂਦ ਨਹੀਂ।

ਭਾਰਤੀ ਪੰਜਾਬ ਵਿਚ ਦੋ ਲੱਖ ਤੋਂ ਵਧ ਸਿੱਖ ਸਾਬਕਾ ਫੌਜੀ ਮੌਜੂਦ ਹਨ ਜਿਨ੍ਹਾਂ ਨੂੰ ਕਿਸੇ ਵੀ ਤਰ੍ਹਾਂ ਦੀ ਸਿਖਲਾਈ ਦੀ ਲੋੜ ਨਹੀਂ। ਉਨ੍ਹਾਂ ਸਪਸ਼ਟ ਕੀਤਾ ਕਿ ਪਾਕਿਸਤਾਨ ਵਲੋਂ ਕਿਸੇ ਨੂੰ ਵੀ ਸਿਖਲਾਈ ਦਿਤੇ ਜਾਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ।

ਜਨਰਲ ਜ਼ਿਆ ਅਨੁਸਾਰ ਪਾਕਿਸਤਾਨ ਆਪਣੇ ਅੰਦਰੂਨੀ ਮਾਮਲਿਆਂ ਵਿਚ ਵਿਦੇਸ਼ੀ ਦਖਲ ਨੂੰ ਬਰਦਾਸ਼ਤ ਨਹੀਂ ਕਰਦਾ। ਅਜਿਹੀ ਸਰਤ ਵਿਚ ਉਸ ਵਲੋਂ ਕਿਸੇ ਹੋਰ ਮੁਲਕ ਦੇ ਅੰਦਰੂਨੀ ਮਾਮਲਿਆ ਵਿਚ ਦਖਲ ਦਿਤੇ ਜਾਣਾ ਗੈਰ-ਇਖਲਾਕੀ ਹੋਏਗਾ।

ਉਨ੍ਹਾਂ ਦਾਅਵਾ ਕੀਤਾ ਕਿ ਉਨ੍ਹਾਂ ਦੀ ਸਰਕਾਰ ਨੇ "ਭਾਰਤ ਦੇ ਸਮਾਜ ਦੇ ਉਸ ਵਰਗ ਪ੍ਰਤੀ ਜ਼ਰਾ ਵੀ ਹਮਦਰਦੀ ਨਹੀਂ ਜਤਾਈ ਜਿਸ ਨੇ ਭਾਰਤ ਸਰਕਾਰ ਵਿਰੁਧ ਹਥਿਆਰ ਚੁੱਕੇ ਹੋਏ ਹਨ।"

ਇੰਟਰਵਿਊ ਦੌਰਾਨ ਜਨਰਲ ਜ਼ਿਆ ਨੇ ਇਨ੍ਹਾਂ ਖਬਰਾਂ ਦਾ ਖੰਡਨ ਕੀਤਾ ਕਿ ਪਾਕਿਸਤਾਨ ਨੇ ਆਪਣੀ ਭੂਮੀ 'ਤੇ ਅਮਰੀਕਾ ਨੂੰ ਫੌਜੀ ਅੱਡੇ ਕਾਇਮ ਕਰਨ ਦੀ ਇਜਾਜ਼ਤ ਦਿਤੀ ਹੋਈ ਹੈ। ਉਨ੍ਹਾਂ ਕਿਹਾ ਕਿ ਅਮਰੀਕਾ ਸਰਕਾਰ ਨੇ ਪਾਕਿਸਤਾਨ ਸਰਕਾਰ ਤੋਂ ਅਜਿਹੀ ਕੋਈ ਇਜਾਜ਼ਤ ਨਹੀਂ ਮੰਗੀ ਅਤੇ ਨਾ ਹੀ ਕਦੇ ਕੋਈ ਅਜਿਹੀ ਇਛਾ ਦਾ ਇਜ਼ਹਾਰ ਕੀਤਾ ਹੈ। ਕੀਤੀਆਂ ਹਾਲੀਆ ਸੰਵਿਧਾਨਕ ਤਬਦੀਲੀਆਂ ਨੂੰ ਮਾਨਤਾ ਦਿਤੀ ਹੈ ਜਾ ਨਹੀਂ, ਪਾਕਿਸਤਾਨੀ ਸਦਰ ਦਾ ਜਓਾਬ ਸੀ ਕਿ ਅਮਰੀਕਾ ਸਰਕਾਰ ਨੂੰ ਪਾਕਿਸਤਾਨ ਦੀ ਸਿਆਸੀ ਪ੍ਰਣਾਲੀ ਵਿਚ ਦਖਲ ਦੇਣ ਦਾ ਕੋਈ ਹੱਕ ਨਹੀਂ। ਉਨ੍ਹਾਂ ਦੇ ਕਹਿਣ ਅਨੁਸਾਰ, "ਅਸੀਂ ਉਹੀਂ ਕੁਝ ਕਰਦੇ ਹਾਂ, ਜੋ ਸਾਨੂੰ ਆਪਣੇ ਲਈ ਚੰਗੇਰਾ ਭਾਸਦਾ ਹੈ।"

ਸ੍ਰੀ ਅਰਜਨ ਸਿੰਘ ਪੰਜਾਬ ਦੇ ਨਵੇਂ ਗਵਰਨਰ

ਨਵੀਂ ਦਿਲੀ: ਮੱਧ ਪ੍ਰਦੇਸ਼ ਦੇ ਸਾਬਕਾ ਮੁਖ ਮੰਤਰੀ ਸ੍ਰੀ ਅਰਜਨ ਸਿੰਘ ਨੂੰ ਪੰਜਾਬ ਦਾ ਨਵਾਂ ਗਵਰਨਰ ਨਿਯੁਕਤ ਕੀਤਾ ਗਿਆ ਹੈ। ਪੰਜਾਬ ਵਿਚ ਅਕਤੂਬਰ 1983 ਤੋਂ ਪਿਛੋਂ ਇਹ ਤੀਜੀ ਵਾਰ ਹੈ ਕਿ ਪੰਜਾਬ ਦੇ ਗਵਰਨਰ ਦੀ ਤਬਦੀਲੀ ਕੀਤੀ ਗਈ ਹੈ। ਇਸ ਸਮੇਂ ਸ੍ਰੀ ਸਤਾਰਵਾਲਾ ਪੰਜਾਬ ਦੇ ਗਵਰਨਰ ਵਲੋਂ ਕੰਮ ਕਰ ਰਹੇ ਸਨ। ਇਸ ਤੋਂ ਪਹਿਲਾਂ ਸ੍ਰੀ ਪਾਂਡੇ ਨੂੰ ਹਰਿਮੰਦਰ ਸਾਹਿਬ ਦੇ ਹਮਲੇ ਤੋਂ ਪਿਛੋਂ ਬਰਤਰਫ ਕਰ ਦਿਤਾ ਗਿਆ ਸੀ।

● ਇਨਾਮ

ਇੱਕ ਕੰਜੂਸ ਵਿਅਕਤੀ ਦੀ ਸ਼ਾਦੀ ਹੋ ਗਈ ਤਾਂ ਦੂਜੇ ਦਿਨ ਆਪਣੀ ਬੀਵੀ ਨੂੰ ਇਸ ਸ਼ਰਤ 'ਤੇ ਇੱਕ ਰੁਪਿਆ ਇਨਾਮ ਦਿੱਤਾ ਕਿ ਉਹ ਰਾਤ ਦਾ ਖਾਧੇ ਬਿਨਾਂ ਸੌਂ ਜਾਵੇ। ਬੀਵੀ ਖਾਣਾ ਖਾਧੇ ਬਿਨਾਂ ਸੌਂ ਗਈ ਤੇ ਉਹਨੇ ਰੁਪਿਆ ਚੁਰਾ ਲਿਆ ਤੇ ਸਵੇਰੇ ਬੀਵੀ ਨੂੰ ਇਹ ਆਖ ਕੇ ਨਾਸ਼ਤਾ ਦੇਣੋਂ ਇਨਕਾਰ ਕਰ ਦਿੱਤਾ ਕਿ ਉਹ ਬੇਹੱਦ ਗੈਰ-ਜ਼ਿੰਮੇਵਾਰ ਔਰਤ ਹੈ ਕਿਉਂਕਿ ਉਹ ਇੱਕ ਰੁਪਏ ਦੀ ਸੁਰੱਖਿਆ ਨਹੀਂ ਕਰ ਸਕਦੀ।


ਉਨ੍ਹਾਂ ਦਾਅਵਾ ਕੀਤਾ ਕਿ ਹਾਲੀਆਂ ਚੋਣਾਂ ਰਾਹੀਂ ਉਨ੍ਹਾਂ ਨੇ ਦੇਸ਼ ਦੀ ਫੌਜੀ ਹਕੂਮਤ ਨੂੰ ਗੈਰ-ਫੌਜੀ ਜਮਹੂਰੀ ਨਿਜ਼ਮ ਦਾ ਰੂਪ ਦੇ ਦਿਤਾ ਹੈ ਅਤੇ ਉਹ ਇਸ ਨਿਜ਼ਾਮ ਦੇ ਸੰਵਿਧਾਨਕ ਸਦਰ ਬਣੇ ਰਹਿਣਗੇ।

ਜਦੋਂ ਉਨ੍ਹਾਂ ਦਾ ਧਿਆਨ ਇਸ ਤੱਥ ਵਲ ਖਿਚਿਆ ਗਿਆ ਕਿ ਨਵੇਂ ਸੰਵਿਧਾਨ ਅਧੀਨ ਵੀ ਉਨ੍ਹਾਂ ਦੇ ਅਧਿਕਾਰ ਅਸੀਮਤ ਹਨ ਅਤੇ ਇਥੋਂ ਤਕ ਕਿ ਉਹ ਕੌਮੀ ਅਸੈਂਬਲੀ ਵੀ ਭੰਗ ਕਰ ਸਕਦੇ ਹਨ, ਤਾਂ ਜਨਰਲ ਜ਼ਿਆ ਦਾ ਜਵਾਬ ਸੀ ਕਿ ਭਾਰਤ ਦੇ ਰਾਸ਼ਟਰਪਤੀ ਨੂੰ ਵੀ ਅਜਿਹੇ ਹੱਕ ਹਾਸਲ ਹਨ।

ਉਨ੍ਹਾਂ ਇਹ ਸਪੱਸ਼ਟ ਭਰੋਸਾ ਦੇਣ ਤੋਂ ਇਨਕਾਰ ਕਰ ਦਿਤਾ ਕਿ ਭਵਿੱਖ ਵਿਚ ਉਹ ਆਪਣੇ ਆਪ ਸੰਵਿਧਾਨ ਵਿਚ ਹੋਰ ਸੋਧਾਂ ਨਹੀਂ ਕਰਨਗੇ। ਉਨ੍ਹਾਂ ਦੇ ਕਹਿਣ ਅਨੁਸਾਰ ਜੇਕਰ ਦੇਸ਼ ਦੀ ਸਥਿਤੀ ਨੂੰ ਮੁਖ ਰੱਖਦਿਆ ਲੋੜ ਪਈ ਤਾਂ ਉਹ ਹੋਰ ਸੰਵਿਧਾਨਕ ਸੋਧਾਂ ਕਰਨ ਤੋਂ ਝਿਜਕਣਗੇ ਨਹੀਂ। ਪਰ ਨਾਲ ਹੀ ਉਨ੍ਹਾਂ ਕਿਹਾ ਕਿ ਉਹ ਇਹ ਕੁਝ ਓਨੀ ਦੇਰ ਤਕ ਕਰ ਸਕਣਗੇ ਜਦੋਂ ਤਕ ਦੇਸ਼ 'ਚੋਂ ਮਾਰਸ਼ਲ ਲਾਅ ਹਟਾਇਆ ਨਹੀਂ ਜਾਂਦਾ।

ਇਹ ਪੁੱਛੇ ਜਾਣ 'ਤੇ ਕਿ ਮਾਰਸ਼ਲ ਲਾਅ ਕਦੋਂ ਹਟਾਇਆ ਜਾਏਗਾ, ਜਨਰਲ ਦਾ ਜਵਾਬ ਸੀ: "ਕੁਝ ਕੁ ਮਹੀਨਿਆਂ ਵਿਚ।"

ਰੂਸ ਦੇ ਪ੍ਰਧਾਨ ਚਰਨੈਂਕੋ ਦੀ ਮੌਤ ਪਿਛੋਂ ਗੋਰਬਾਚਾਫ਼ ਰੂਸ ਦੇ ਨਵੇਂ ਲੀਡਰ ਬਣੇ



ਮਾਸਕੋ: ਰੂਸ ਦੇ 73 ਸਾਲਾ ਪ੍ਰਧਾਨ ਕੌਂਨਸਟੈਨਟੀਨ ਚਰਨੈਂਕੋ ਦੀ ਐਤਵਾਰ ਨੂੰ ਅਚਾਨਕ ਮੌਤ ਪਿਛੋਂ ਕੁਝ ਘੰਟਿਆਂ ਅੰਦਰ ਹੀ ਪੋਲਿਟ ਬਿਊਰੋ ਨੇ 54 ਸਾਲਾਂ ਦੇ ਆਰਥਿਕ ਮਾਮਲਿਆਂ ਅਤੇ ਖੇਤੀ ਬਾੜੀ ਦੇ ਮਾਹਿਰ ਮੈਖਾਇਲ ਗੋਰਬਾਚਾਫ ਨੂੰ ਸੋਵੀਅਤ ਕਮਿਊਨਿਸਟ ਪਾਰਟੀ ਦਾ ਜਨਰਲ ਸਕੱਤਰ ਚੁਣ ਲਿਆ ਗਿਆ ਹੈ।

ਐਤਵਾਰ ਨੂੰ ਸ੍ਰੀ ਚਰਨੈਂਕੋ ਸ਼ਾਹ ਦੀ ਬੀਮਾਰੀ ਹੋਣ ਕਾਰਨ ਪ੍ਰਲੋਕ ਸਿਧਾਰ ਗਏ।

ਬੁੱਧਵਾਰ 13 ਮਾਰਚ ਨੂੰ ਉਨ੍ਹਾਂ ਦਾ ਸਸਕਾਰ ਹੋਣ ਸਮੇਂ ਕੈਨੇਡਾ ਦੇ ਪ੍ਰਧਾਨ ਮੰਤਰੀ ਮਿ: ਮਰੂਨੀ, ਭਾਰਤ ਦੇ ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ, ਇੰਗਲੈਂਡ ਦੀ ਪ੍ਰਧਾਨ ਮੰਤਰੀ ਸ੍ਰੀਮਤੀ ਮਾਰਗਰੇਟ ਥੈਚਰ ਅਤੇ ਹੋਰ ਸੰਸਾਰ ਦੇ ਮੁੱਖ ਲੀਡਰ ਸ਼ਾਮਲ ਸਨ।

ਮਾਰਸ਼ਲ ਲਾਅ

ਢਾਕਾ, (ਯੂ. ਐਨ. ਆਈ.) —ਬੰਗਲਾ ਦੇਸ਼ ਦੇ ਰਾਸ਼ਟਰਪਤੀ ਜਨਰਲ ਐਚ. ਐਮ. ਇਰਸ਼ਾਦ ਨੇ ਅਜ ਦੇਸ਼ ਵਿਚ ਮਾਰਸ਼ਲ ਲਾਅ ਮੁੜ ਲਾਗੂ ਕਰ ਕੇ ਰਾਜਨੀਤਕ ਸਰਗਰਮੀਆਂ 'ਤੇ ਪਾਬੰਦੀ ਲਗਾ ਦਿਤੀ ਹੈ।


ਦਸੰਬਰ ਵਿਚ ਮਾਰਸ਼ਲ ਲਾਅ ਹਟਾਇਆ ਗਿਆ ਸੀ।

ਵਿਦੇਸ਼ੀ ਮਾਲ ਫੜਿਆ

ਅੰਮ੍ਰਿਤਸਰ — (ਵਿਸ਼ੇਸ਼ ਪ੍ਰਤੀਨਿਧ) — ਕਸਟਮ ਅਧਿਕਾਰੀਆਂ ਨੇ ਬੀਤੇ ਦਿਨ ਇਥੋਂ ਦੀਆਂ ਵੀਡੀਓ ਲਾਇਬਰੇਰੀਆਂ ਉਪਰ ਛਾਪੇ ਮਾਰੇ ਅਤੇ 2.60 ਲੱਖ ਰੁਪਏ ਦਾ ਨਜਾਇਜ਼ ਮਾਲ ਫੜਿਆ।

ਸਹਾਇਕ ਕੁਲੈਕਟਰ ਵਾਈ. ਪੀ. ਗੁਪਤਾ ਅਨੁਸਾਰ 15 ਰਿਹਾਇਸ਼ੀ ਤੇ ਕਾਰੋਬਾਰੀ ਅਦਾਰਿਆਂ 'ਤੇ ਇਕੋ ਸਮੇਂ ਛਾਪੇ ਮਾਰੇ ਗਏ ਅਤੇ ਵੀਡੀਓ ਕੈਸਟ ਰਿਕਾਰਡਰ, ਕਲਰ ਟੀ. ਵੀ., ਟੂ-ਇਨ—ਵਨ ਅਤੇ ਵੀਡੀਓ ਕੈਸਟਾ ਫੜੀਆ। ਜ਼ਿਲੇ ਵਿਚ ਆਪਣੇ ਕਿਸਮ ਦਾ ਇਹ ਪਹਿਲਾ ਛਾਪਾ ਸੀ।

ਪੰਜਾਬ ਦਾ ਦੁਖਾਂਤ



ਖ਼ੁਸ਼ਵੰਤ ਸਿੰਘ

(ਲੜੀ ਜੋੜਨ ਲਈ 'ਕੈਨੇਡਾ ਦਰਪਣ' ਦਾ ਪਿਛਲਾ ਅੰਕ ਦੇਖੋ)

ਸੀ ਬੀ ਆਈ (ਸੈਂਟਰਲ ਬਿਊਰੋ ਆਫ ਇਨਵੈਸਟੀਗੇਸ਼ਨ) ਵਲੋਂ ਜੋ ਕਹਾਣੀ ਮੁੜ-ਰਚੀ ਗਈ ਉਹ ਇਸ ਤਰ੍ਹਾਂ ਸੀ ਕਿ ਪੰਜਾਬ ਤੋਂ ਸਤ ਆਦਮੀ ਜਿਹੜੇ 'ਭਿੰਡਰਾਂਵਾਲੇ ਦੇ ਨਿਕਟੀ ਅਨੁਯਾਈ ਜਾਂ ਉਹਦੇ ਜਥੇ ਦੇ ਮੈਂਬਰ' ਸਨ ਅਤੇ ਦਿਲੀ ਦੇ ਤਿੰਨ ਆਦਮੀ ਨਿਰੰਕਾਰੀ ਮੁਖੀ ਨੂੰ ਕਤਲ ਕਰਨ ਦੀ ਪਲਾਨ ਨੂੰ "ਅੰਤਮਰੂਪ ਦੇਣ ਤੇ ਲਾਗੂ ਕਰਨ" ਵਿਚ ਸਿਧੇ ਤੌਰ ਤੇ ਸ਼ਾਮਿਲ ਹਨ। ਪੰਜਾਬ ਤੋਂ ਸਤ ਆਦਮੀ 'ਇਕ ਨਵੀਂ ਖਰੀਦੀ ਐਂਬਸਡਰ ਕਾਰ ਵਿਚ ਜਿਸ ਵਿਚ ਹਥਿਆਰਾਂ, ਐਮੂਨਿਸ਼ਨ ਤੇ ਵਿਸਫੋਟਕਾਂ ਦਾ ਗੁਪਤ ਭੰਡਾਰ ਸੀ' ਦਿੱਲੀ ਪਹੁੰਚੇ। ਸੀ ਬੀ ਆਈ ਦੀ ਇੰਕੁਆਰੀ ਤੋਂ ਪਤਾ ਲਗਿਆ ਕਿ ਇਹ ਕਾਰ ਜਲੰਧਰੋਂ ਖਰੀਦੀ ਗਈ ਸੀ; ਅਤੇ ਖਰੀਦਾਰ ਨੇ ਨਕਲੀ ਨਾਂ ਤੇ ਪਤਾ ਦਿਤਾ ਸੀ। ਕਤਲ ਕਰਨ ਵਾਲਾ ਹਥਿਆਰ, ਏ-30 ਕਾਰਬਾਈਨ, ਦਾ ਲਸੰਸ ਭਿੰਡਰਾਂਵਾਲੇ ਦੇ ਭਰਾ, ਜਾਗੀਰ ਸਿੰਘ, ਦੇ ਨਾਂ ਸੀ ਜੀਹਨੇ ਆਖਿਆ ਸੀ ਕਿ ਉਹਨੂੰ ਆਪਣੇ ਬਾਡੀਗਾਰਡ ਲਈ ਇਹਦੀ ਲੋੜ ਸੀ।'

ਜਦੋਂ ਕਾਂਗਰਸ (ਆਈ) ਦੇ ਹਥ ਸੈਂਟਰ ਦੀ ਸੱਤਾ ਆ ਗਈ, ਉਹਨੇ ਰਾਜ-ਸਰਕਾਰਾਂ ਨੂੰ ਡਿਸਮਿਸ ਕਰ ਦਿਤਾ ਜਿਥੇ ਦੂਜੀਆਂ ਪਾਰਟੀਆਂ ਦੀਆਂ ਸਰਕਾਰਾਂ ਸਨ, ਤੇ ਪੰਜਾਬ ਸਰਕਾਰ ਵੀ ਇਨ੍ਹਾਂ ਵਿਚੋਂ ਇਕ ਸੀ। ਅਗਲੀਆਂ ਅਸੈਂਬਲੀ ਚੋਣਾਂ ਵਿਚ ਅਕਾਲੀਆਂ ਨੂੰ 117 ਦੇ ਹਾਊਸ ਵਿਚ 37 ਸੀਟਾਂ ਹੀ ਮਿਲੀਆਂ ਜਦ ਕਿ ਕਾਂਗਰਸ (ਆਈ) ਨੂੰ 63 ਮਿਲੀਆਂ। ਇਸ ਵਾਰ ਵੀ ਸਿੱਖਾਂ ਦੀ ਚੋਖੀ ਗਿਣਤੀ ਨੇ ਅਕਾਲੀਆਂ ਦਾ ਸਾਥ ਨਹੀਂ ਸੀ ਦਿਤਾ।

ਇਸ ਵਾਰ ਅਕਾਲੀਆਂ ਨੇ ਇਸ ਬਾਰੇ ਗੰਭੀਰ ਤਰ੍ਹਾਂ ਵਿਚਾਰ ਕੀਤੀ ਕਿ ਇਸ ਤਰ੍ਹਾਂ ਕਿਉਂ ਹੋਇਆ ਹੈ। ਇਕ ਗੱਲ ਜੋ ਸਾਫ ਦਿਸੀ ਉਹ ਇਹ ਸੀ ਕਿ ਹਿੰਦੂਆਂ ਨੇ ਉਨ੍ਹਾਂ ਨੂੰ ਵੋਟਾਂ ਨਹੀਂ ਪਾਈਆਂ; ਨਾਲੇ ਇਹ ਵੀ ਕਿ ਸਿੱਖ ਨਿਗਰ ਤਰ੍ਹਾਂ ਉਨ੍ਹਾਂ ਦੇ ਪਿਛੇ ਨਹੀਂ ਹਨ। ਉਨ੍ਹਾਂ ਨੂੰ ਯਕੀਨ ਸੀ ਕਿ ਜਨਤਾ ਨਾਲ ਕੁਲੀਸ਼ਨ ਦੇ ਦੌਰਾਨ ਬਣੇ ਉਨ੍ਹਾਂ ਦੇ 'ਸੈਕੂਲਰ' ਬਿੰਬਾਂ ਨੇ ਸਿੱਖਾਂ ਅੰਦਰ ਉਨ੍ਹਾਂ ਦੀ ਤੁੱਲਤਾ ਨੂੰ ਹਾਨੀ ਪੁਚਾਈ ਹੈ ਜਿਨ੍ਹਾਂ ਨੇ ਸੋਚਿਆ ਕਿ ਉਨ੍ਹਾਂ ਦੀ 'ਖੁਦ ਆਪਣੀ' ਸਰਕਾਰ ਨੇ ਉਨ੍ਹਾਂ ਲਈ ਕੁਝ ਨਹੀਂ ਕੀਤਾ। ਉਹ ਇਸ ਸਿੱਟੇ ਤੇ ਅਪੜੇ ਕਿ ਬਿਹਤਰ ਬਿੰਬ ਬਣਾਉਣ ਲਈ ਜ਼ਰੂਰੀ ਹੈ ਕਿ ਸਿੱਖਾਂ ਨੂੰ ਆਪਣੇ ਵਲ ਖਿਚਣ; ਉਹ ਧਰਮ ਤੇ ਰਾਜਨੀਤੀ ਨੂੰ ਜੋੜਨ ਦੇ ਰਵਾਇਤੀ ਸਟੈਂਡ ਉਤੇ ਭਰੋਸਾ ਰੱਖਣ।

ਅਕਾਲੀਆਂ ਦੀ ਨਿਰਾਸਤਾ ਇਸ ਕਰਕੇ ਸੀ ਕਿ 1966 ਵਿਚ ਪੰਜਾਬੀ ਸੂਬਾ ਬਣਾਉਣ ਦੀ ਲੜਾਈ ਜਿੱਤ ਕੇ ਵੀ ਉਹ ਪੰਜਾਬ ਵਿਚ ਸਰਬੋਤਮ ਪੁਜ਼ੀਸ਼ਨ ਨਾ ਕਰ ਸਕੇ, ਖਾਸ ਤੌਰ ਤੇ ਉਦੋਂ ਜਦੋਂ ਕਿ ਨਵੇਂ ਬਣੇ ਪੰਜਾਬ ਵਿਚ ਸਿੱਖਾਂ ਦੀ ਵਸੋਂ 58 ਫੀ ਸਦੀ ਸੀ।

ਠੀਕ, ਸੈਂਟਰ ਨੇ ਅਣ-ਲਿਖੇ ਸਮਝੌਤੇ ਦੇ ਇਕ ਭਾਗ ਤੇ ਫੁਲ ਚੜ੍ਹਾਏ ਸਨ ਤੇ ਸਿੱਖ ਮੁਖ ਮੰਤਰੀ ਥਾਪਿਆ — ਕਾਂਗਰਸ (ਆਈ) ਨੇ ਦਰਬਾਰਾ ਸਿੰਘ ਨੂੰ ਰਾਜ ਦਾ ਮੁਖ ਮੰਤਰੀ ਬਣਾਇਆ। ਪਰ ਇਹ ਅਕਾਲੀ ਸਨ ਜਿਨ੍ਹਾਂ ਨੇ ਪੰਜਾਬ ਵਿਖੇ ਗੁਰਦਵਾਰਾ ਚੋਣਾਂ ਵਿਚ ਤਕੜੀ ਮੱਲ ਮਾਰੀ ਸੀ, ਚੋਣਾਂ ਜਿਨ੍ਹਾਂ ਵਿਚ ਸਿਰਫ ਸਿੱਖ ਹੀ ਵੋਟਾਂ ਪਾ ਸਕਦੇ ਸਨ। ਚੋਣਾਂ ਦੇ ਦੌਰਾਨ ਭਿੰਡਰਾਂਵਾਲੇ ਨੇ ਇਹ ਪਰਚਾਰ ਜ਼ੋਰ ਨਾਲ ਕੀਤਾ ਕਿ ਨਿਰੰਕਾਰੀਆਂ ਵੱਲ ਅਕਾਲੀ ਸਰਕਾਰ ਦਾ 'ਵਤੀਰਾ ਨਰਮ' ਰਿਹਾ ਹੈ। ਉਹਨੇ ਦਲ ਖਾਲਸਾ ਨਾਲ ਅਤੇ ਜਗਜੀਤ ਸਿੰਘ ਚੌਹਾਨ ਦੇ, ਜੀਹਨੇ ਅੱਗੇ ਚੱਲ ਕੇ ਵਿਦੇਸਾਂ ਵਿਚ ਖਾਲਿਸਤਾਨ ਦੀ ਮੰਗ ਪੇਸ਼ ਕੀਤੀ, ਰੈਵੋਲਿਊਸ਼ਨਰੀ ਅਕਾਲੀ ਦਲ ਨਾਲ ਚੋਣ ਸਮਝੌਤਾ ਕਰਕੇ 40 ਉਮੀਦਵਾਰ ਖੜੇ ਕੀਤੇ। ਭਾਵੇਂ ਕਾਂਗਰਸ (ਆਈ) ਨੇ ਵੀ ਭਿੰਡਰਾਂਵਾਲੇ ਦੀ ਹਿਮਾਇਤ ਕੀਤੀ, ਪਰ ਉਹ ਸਿਰਫ ਚਾਰ ਸੀਟਾਂ ਹੀ ਜਿੱਤ ਸਕਿਆ। ਬਾਕੀ ਦੀਆਂ 136 ਸੀਟਾਂ ਅਕਾਲੀਆਂ ਨੇ ਜਿੱਤੀਆਂ। ਭਿੰਡਰਾਂਵਾਲੇ ਦੇ ਨਿਕਟ ਹਿਮਾਇਤੀ, ਅਮਰੀਕ ਸਿੰਘ, ਨੂੰ ਜੀਵਨ ਸਿੰਘ ਉਮਰਾਨੰਗਲ ਨੇ ਹਰਾਇਆ ਜਿਹੜਾ ਕਿਸੇ ਸੂਰਤ ਵਿਚ ਵੀ ਭਿੰਡਰਾਂਵਾਲੇ ਦੀ 'ਹਿੰਦੂਆਂ ਨੂੰ ਨਫਰਤ ਕਰੋ' ਦੀ ਪਾਲੇਟਿਕਸ ਨੂੰ ਪਰਵਾਨ ਨਹੀਂ ਸੀ ਕਰ ਸਕਦਾ।

ਪਹਿਲਾਂ ਲੋਕ-ਸਭਾ ਵਿਚ ਤੇ ਫੇਰ ਅਸੈਂਬਲੀ ਚੋਣਾਂ ਵਿਚ ਅਕਾਲੀਆਂ ਦੀ ਹਾਰ ਨੇ ਬਹੁਤੇ ਹਿੰਦੂਆਂ ਨੂੰ ਖੁਸ਼ ਕੀਤਾ; ਉਨ੍ਹਾਂ ਨੇ ਅਕਾਲੀ-ਜਨਤਾ ਕੁਲੀਸ਼ਨ ਨੂੰ 'ਸਿੱਖ ਸਰਕਾਰ' ਹੀ ਦਸਿਆ ਸੀ। ਉਨ੍ਹਾਂ ਨੇ ਆਪਣੇ ਇਸ ਸਿਧਾਂਤ ਦੀ ਹਿਮਾਇਤ ਵਿਚ ਉਦਾਹਰਣ ਪੇਸ਼ ਕੀਤੇ ਕਿ ਵਡੀਆਂ ਪਦਵੀਆਂ ਉਤੇ ਸਿੱਖ ਅਫਸਰ ਲੱਗੇ ਹੋਏ ਹਨ। ਜੇ ਹਿੰਦੂਆਂ ਨੇ ਉਸ ਸਮੇਂ ਸਮਝੌਤਾ-ਪਸੰਦ ਵਤੀਰਾ ਧਾਰਿਆ ਹੁੰਦਾ, ਤਾਂ ਹੋ ਸਕਦਾ ਹੈ ਉਹ ਅਕਾਲੀਆਂ ਨੂੰ ਸਾਬਤ ਕਰ ਦਿੰਦੇ ਕਿ ਜਦੋਂ ਸਵਾਲ ਪੰਜਾਬ ਦਾ ਹੋਵੇਗਾ, ਉਹ ਸਭੇ ਪੰਜਾਬੀ ਹਨ, ਹਿੰਦੂ ਜਾਂ ਸਿੱਖ ਨਹੀਂ ਹਨ। ਇਸ ਦੀ ਥਾਂ ਹਿੰਦੂ ਮਾਲਕੀ ਵਾਲੇ ਅਖਬਾਰਾਂ ਵਿਚ ਲਿਖਤਾਂ ਵਧੇਰੇ ਵਿਹੁਲੀਆਂ ਹੋ ਗਈਆਂ। ਸਿਰਕਢ ਹਿੰਦੂ ਲੀਡਰ, ਵਿਰੇਂਦਰ ਨੇ ਆਪਣੇ ਅਖਬਾਰ ਪਰਤਾਪ ਵਿਚ ਲਿਖਿਆ ਕਿ ਹਿੰਦੂ ਪੰਜਾਬ ਨੂੰ ਆਸਾਮ ਬਣਾ ਦੇਣਗੇ, ਯਾਦ ਰਹੇ ਆਸਾਮ ਵਿਚ ਉਸ ਸਮੇਂ 'ਵਿਦੇਸੀਆਂ' ਨੂੰ ਰਾਜ ਵਿਚੋਂ ਬਾਹਰ ਕੱਢ ਸੁਟਣ ਦੀ ਐਜੀਟੇਸ਼ਨ ਚਲ ਰਹੀ ਸੀ। ਇਕ ਹੋਰ ਸਿਰਕਢ ਹਿੰਦੂ ਲੀਡਰ, ਜਗਤ ਨਾਰਾਇਣ, ਨੇ ਆਪਣੇ ਵਡੀ-ਗਿਣਤੀ-ਵਿਚ ਪ੍ਰਕਾਸ਼ਤ ਹੁੰਦੇ ਅਖਬਾਰਾਂ ਹਿੰਦ ਸਮਾਚਾਰ (ਉਰਦੂ) ਤੇ ਪੰਜਾਬ ਕੇਸਰੀ (ਹਿੰਦੀ) ਵਿਚ ਲਿਖਿਆ ਕਿ ਮਾਡਰੇਟ ਅਕਾਲੀ ਤਾਂ ਅੱਤਵਾਦੀਆ ਨਾਲੋਂ ਵੀ ਵਧੇਰੇ ਖਤਰਨਾਕ ਹਨ ਕਿਉਂਜੁ ਉਹ ਆਪਣੇ ਅੰਦਰਲੇ ਜਜ਼ਬਾਤ ਨੂੰ ਬਾਹਰ ਨਹੀਂ ਕਢਦੇ।

ਕੁਝ ਅਖ਼ਬਾਰਾਂ ਦਾ ਜੈਨਸਿਸ ਤਾਂ ਕੁਝ ਸੂਰਤਾਂ ਵਿਚ ਦੇਸ-ਵੰਡ ਤੋਂ ਪਹਿਲੇ ਦੌਰ ਵਿਚ ਚਲਿਆ ਜਾਂਦਾ ਹੈ, ਜਿਨ੍ਹਾਂ ਦੇ ਸੰਪਾਦਕ ਫ਼ਰਕੂਵਾਰਾਨਾ (ਧਰਮ ਯੁਧ ਲੜਨ ਵਲ) ਦਾ ਰੋਲ ਅਦਾ ਕਰਦੇ ਹਨ। ਇਨ੍ਹਾਂ ਵਿਚੋਂ ਕੁਝ ਆਪਣੀਆਂ ਕਮਿਊਨਿਟੀਆਂ ਦੇ ਮੰਨੇ-ਪ੍ਰਮੰਨੇ ਆਗੂ ਸਨ ਤੇ ਇਨ੍ਹਾਂ ਵਿਚੋਂ ਇਕ ਤਾਂ ਠੀਕ ਹੀ ਜਲੰਧਰ ਵਿਖੇ ਹਿੰਦੂਆਂ ਦੀ ਰਖਿਆ ਲਈ ਬਣਾਈ ਗਈ ਹਿੰਦੂ ਸੁਰਖਸ਼ਾ ਸੰਮਤੀ ਦਾ ਇਸ ਵੇਲੇ ਮੁਖੀ ਸੀ। ਪਰ, ਉਹ ਇਹ ਗੱਲ ਜ਼ੋਰ ਨਾਲ ਆਖਦਾ ਸੀ ਕਿ ਉਹਨੇ ਅਕਾਲੀਆਂ ਦੀ ਜ਼ਰੂਰ ਨੁਕਤਾਚੀਨੀ ਕੀਤੀ ਹੈ, ਪਰ ਉਹਨੇ ਸਿੱਖਾਂ ਬਾਰੇ ਮਾੜੀ ਗੱਲ ਨਾ ਕਦੇ ਆਖੀ ਹੈ ਤੇ ਨਾ ਲਿਖੀ ਹੈ। ਅਕਾਲੀਆਂ ਦੀ ਸੋਚ ਹੋਰ ਤਰ੍ਹਾਂ ਦੀ ਸੀ।

ਹਿੰਦੂਆਂ ਨੂੰ ਸ਼ੱਕ ਸੀ ਕਿ ਅਕਾਲੀ ਮੁੜ ਟਕਰਾਉ ਦਾ ਰਾਹ ਅਖ਼ਤਿਆਰ ਕਰ ਰਹੇ ਹਨ, ਕਿ ਉਨ੍ਹਾਂ ਦਾ ਮੰਤਵ ਸਰਕਾਰ ਤੋਂ ਹੋਰ ਵਧੇਰੇ ਲੈਣਾ ਹੈ ਜਿਵੇਂ ਕਿ ਉਨ੍ਹਾਂ ਨੇ ਬੀਤੇ ਵਿਚ ਪੰਜਾਬੀ ਭਾਸ਼ਾ ਅਤੇ ਪੰਜਾਬੀ ਸੂਬੇ ਦੇ ਭਾਸ਼ਾਈ ਰਾਜ ਦੇ ਰੂਪ ਨੂੰ ਹਾਸਲ ਕੀਤਾ ਹੈ। ਇਕ ਕਮਿਊਨਿਟੀ ਵਜੋਂ ਹਿੰਦੂ ਪੰਜਾਬੀ ਬੋਲਦੇ ਹਨ, ਪਰ ਅਜੇ ਤਕ ਉਹ ਪੰਜਾਬੀ ਦੇ ਵਿਰੁਧ ਆਪਣੇ ਤਅਸਬ ਉਤੇ ਕਾਬੂ ਨਹੀਂ ਸੀ ਪਾ ਸਕੇ ਜੋ ਹੁਣ ਪੰਜਾਬ ਦੇ ਸਕੂਲਾਂ ਵਿਚ ਲਾਜ਼ਮੀ ਪੜ੍ਹਾਈ ਉਨ੍ਹਾਂ ਦੇ ਬੱਚਿਆਂ ਨੂੰ ਮੁਖ-ਧਾਰਾ ਨਾਲੋਂ, ਅਰਥਾਤ, ਹਿੰਦੀ ਤੇ ਇੰਗਲਿਸ਼ ਨਾਲੋਂ, ਦੂਰ ਰੱਖ ਰਹੀ ਹੈ।

ਹਿੰਦੂਆਂ ਦੀ ਦਲੀਲ ਇਹ ਸੀ ਕਿ ਪੰਜਾਬੀ ਭਾਵੇਂ ਪੰਜਾਬ ਦੇ ਅ-ਵੰਡੇ ਸੂਬੇ ਦੇ ਪੂਰਬੀ ਅੱਧ ਦੇ ਵਡੇਰੇ ਹਿਸੇ ਦੀ ਬੋਲੀ ਰਹੀ ਹੈ, ਦੇਸ-ਵੰਡ ਤੋਂ ਪਹਿਲਾਂ ਪੁਜ਼ੀਸ਼ਨ ਇਹ ਸੀ ਕਿ ਪੰਜਾਬੀ ਨੂੰ ਨਹੀਂ ਸਗੋਂ ਉਰਦੂ ਨੂੰ ਸਰਕਾਰੀ ਭਾਸ਼ਾ ਸਮਝਿਆ ਜਾਂਦਾ ਸੀ ਤੇ ਉਨ੍ਹਾਂ ਸਭਨਾਂ ਕੰਮਾਂ ਲਈ, ਜਿਨ੍ਹਾਂ ਲਈ ਅੰਗਰੇਜ਼ੀ ਨਹੀਂ ਸੀ ਵਰਤੀ ਜਾਂਦੀ, ਉਰਦੂ ਦੀ ਹੀ ਵਰਤੋਂ ਹੁੰਦੀ ਸੀ।

ਆਲ-ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਨੇ ਸਰਕਾਰ ਨੂੰ ਇਹ ਅਲਟੀਮੇਟਮ ਦੇ ਕੇ ਗੋਂਦ ਰੋੜ੍ਹ ਦਿਤੀ ਕਿ 30 ਮਈ, 1981, ਤੋਂ ਪਹਿਲਾਂ ਪਹਿਲਾਂ ਅੰਮ੍ਰਿਤਸਰ ਦੇ ਫ਼ਸੀਲ-ਅੰਦਰਲੇ ਸ਼ਹਿਰ ਵਿਚ ਤੰਬਾਕੂ ਦੀ ਵਰਤੋਂ ਅਤੇ ਵਿਕਰੀ ਉਤੇ ਪਾਬੰਦੀ ਲਾ ਦਿਤੀ ਜਾਵੇ, ਨਹੀਂ ਤਾਂ ਉਹ ਮੁਜ਼ਾਹਰੇ ਦਾ ਸਾਹਮਣਾ ਕਰੇ। ਆਲ-ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਜਲੂਸ ਕਢੇ ਜਾਣ ਤੋਂ ਪਹਿਲਾਂ ਹੀ, ਆਰੀਆ-ਸਮਾਜ ਤੇ ਕੁਝ ਹਿੰਦੂ ਸੰਸਥਾਵਾਂ ਨੇ ਇਕ ਵਿਸ਼ਾਲ ਜਲੂਸ ਕਢਿਆ ਤੇ ਮੰਗ ਕੀਤੀ ਕਿ ਤੰਬਾਕੂ ਦੀ ਵਿਕਰੀ ਉਤੇ ਪਾਬੰਦੀ ਦੇ ਨਾਲ ਹੀ ਸ਼ਰਾਬ ਤੇ ਮਾਸ ਦੀ ਵਿਕਰੀ ਤੇ ਵਰਤੋਂ ਉਤੇ ਪਾਬੰਦੀ ਲਾਈ ਜਾਵੇ।

31 ਮਈ ਨੂੰ ਭਿੰਡਰਾਂਵਾਲੇ ਨੇ ਇਕ ਜਲੂਸ ਦੀ ਅਗਵਾਈ ਕੀਤੀ ਅਤੇ ਤੰਬਾਕੂ ਦੀ ਵਿਕਰੀ ਤੇ ਵਰਤੋਂ ਉਤੇ ਪਾਬੰਦੀ ਲਾਉਣ ਦੀ ਮੰਗ ਕੀਤੀ; ਜਲੂਸ ਵਿਚ ਸ਼ਾਮਿਲ ਲੋਕਾਂ ਨੇ ਹਿੰਦੂ-ਵਿਰੋਧੀ ਨਾਹਰੇ ਲਾਏ; ਪੁਲਸ ਨਾਲ ਝੜਪ ਵਿਚ ਲਗਭਗ ਇਕ ਦਰਜਨ ਲੋਕ ਮਰ ਗਏ।

ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਨੇ 2 ਜੂਨ, 1981, ਨੂੰ ਸਭਨਾਂ ਰਾਜਸੀ, ਧਾਰਮਿਕ, ਸਮਾਜਿਕ ਤੇ ਕਾਰੋਬਾਰੀ ਸੰਸਥਾਵਾਂ ਦੀ ਮੀਟਿੰਗ ਬੁਲਾਈ ਤੇ ਉਨ੍ਹਾਂ ਸਾਹਮਣੇ ਤਜਵੀਜ਼ ਰੱਖੀ। ਸਭਨਾਂ ਵਲੋਂ ਇਕ ਹਲ ਲਭਿਆ ਗਿਆ; ਹਿੰਦੂਆਂ ਨੇ ਕਿਹਾ ਕਿ ਫ਼ਸੀਲ-ਅੰਦਰਲੇ ਸ਼ਹਿਰ ਵਿਚ ਨਸ਼ੀਲੀਆਂ ਚੀਜ਼ਾਂ ਦੀ ਵਿਕਰੀ ਤੇ ਪਾਬੰਦੀ ਲਾਈ ਜਾਵੇ, ਗੋਲਡਨ ਟੈਂਪਲ ਅਤੇ ਦੁਰਗਿਆਨਾ ਹਿੰਦੂ ਟੈਂਪਲ, ਦੋਹਾਂ, ਦੇ ਹੀ ਇਰਦ-ਗਿਰਦ। ਇਸ ਬਾਰੇ ਵੀ ਸਹਿਮਤੀ ਹੋਈ ਕਿ 'ਅੰਮ੍ਰਿਤਸਰ ਇਕ ਪਵਿਤਰ ਸ਼ਹਿਰ* ਹੈ ਅਤੇ ਨਿਰੰਤਰ ਤੌਰ ਤੇ ਪਵਿੱਤਰ ਸ਼ਹਿਰ ਹੈ।' ਅਜਿਹੀ ਸਥਿਤੀ ਸੀ ਪੰਜਾਬ ਵਿਚ, ਜਦੋਂ ਅਕਾਲੀਆਂ ਨੇ 8 ਸਤੰਬਰ 1981, ਨੂੰ 46 ਸ਼ਿਕਾਇਤਾਂ ਦਾ ਚਾਰਟਰ ਸ਼੍ਰੀਮਤੀ ਗਾਂਧੀ ਸਾਹਮਣੇ ਰੱਖਿਆ।

*ਇਹ ਮੰਗ ਅਕਾਲੀਆਂ ਦੀ ਇਕ ਧਾਰਮਿਕ ਮੰਗ ਬਣ ਗਈ ਕਿ ਅੰਮ੍ਰਿਤਸਰ ਨੂੰ ਪਵਿੱਤਰ ਸ਼ਹਿਰ ਐਲਾਨਿਆ ਜਾਵੇ। ਜਦੋਂ ਅਕਾਲੀਆਂ ਨੇ ਇਹ ਮਾਮਲਾ ਹਿੰਦ-ਸਰਕਾਰ ਸਾਹਮਣੇ ਰਖਿਆ ਤਾਂ ਉਹਦਾ ਆਰੰਭਕ ਪ੍ਰਤੀਕਰਮ ਇਹ ਸੀ ਕਿ ਸਰਕਾਰ ਨੇ ਭਾਰਤ ਦੇ ਕਿਸੇ ਵੀ ਸ਼ਹਿਰ ਨੂੰ 'ਪਵਿੱਤਰ ਸ਼ਹਿਰ' ਦਾ ਦਰਜਾ ਨਹੀਂ ਦਿਤਾ।

ਪਰ ਸਰਕਾਰ ਨੇ ਇਹ ਜ਼ਰੂਰ ਮੰਨਿਆ ਕਿ ਹਰਦਵਾਰ ਤੇ ਕੁਰੁਕਸ਼ੇਤਰ ਵਰਗੇ ਸ਼ਹਿਰਾਂ ਦੇ ਨਿਸ਼ਾਨੇ ਗਏ ਇਲਾਕਿਆਂ ਵਿਚ ਮਾਸ ਜਾਂ ਸ਼ਰਾਬ ਦੀ ਵਿਕਰੀ ਉਤੇ ਰੋਕਾਂ ਲੱਗੀਆਂ ਹੋਈਆਂ ਹਨ ਪਰ ਇਹ ਰੋਕਾਂ ਸਥਾਨਕ ਤਾਕਾਂ ਜਾਂ ਰਾਜ ਸਰਕਾਰ ਵਲੋਂ ਲਾਈਆਂ ਗਈਆਂ ਸਨ।

ਕਾਸ਼ੀ (ਬਨਾਰਸ) ਵਿਚ ਕੋਈ ਰੋਕਾਂ ਨਹੀਂ ਹਨ। ਹਕੂਮਤ ਨੇ ਸੁਝਾਅ ਦਿਤਾ ਕਿ ਅੰਮ੍ਰਿਤਸਰ ਵਿਖੇ ਵੀ ਇਨ੍ਹਾਂ ਹੀ ਲੀਹਾਂ ਉਤੇ ਕਾਰਵਾਈ ਕੀਤੀ ਜਾ ਸਕਦੀ ਹੈ। ਪਰਧਾਨ ਮੰਤਰੀ ਨੇ ਸੁਝਾਉ ਦਿਤਾ ਕਿ 'ਮੁਨਾਸਬ ਕਾਰਵਾਈ' ਦੀ ਸਿਫਾਰਸ਼ ਕਰਨ ਲਈ ਇਕ ਕਮੇਟੀ ਥਾਪੀ ਜਾ ਸਕਦੀ ਹੈ।

ਇਹ ਸ਼ਿਕਾਇਤਾਂ ਸਿੱਖ ਸ਼ਿਕਾਇਤਾ ਨਾਲੋਂ ਪੰਜਾਬੀ ਸ਼ਿਕਾਇਤਾਂ ਵਧੇਰੇ ਸਨ, ਪਰ ਅਕਾਲੀਆਂ ਵਲੋਂ ਹਿੰਦੂਆਂ ਨੂੰ ਆਪਣੇ ਨਾਲ ਸ਼ਾਮਿਲ ਕਰਨ ਲਈ ਕੋਈ ਜਤਨ ਨਾ ਕੀਤਾ ਗਿਆ। ਸੈਕੂਲਰ ਬਣਨ ਦੇ ਸੰਖੇਪ ਜਿਹੇ ਜਤਨ ਵਿਚ, ਜਦੋਂ ਜਨਤਾ ਪਾਰਟੀ ਉਨ੍ਹਾਂ ਦੀ ਇਤਿਹਾਦੀ ਸੀ, ਸਿੱਖਾਂ ਅੰਦਰ ਅਕਾਲੀਆਂ ਦੀ ਹਿਮਾਇਤ ਖੁਰ ਗਈ, ਤੇ ਅਕਾਲੀਆਂ ਨੇ ਮੁੜ ਆਪਣੇ ਪਾਲੇਟਿਕਸ ਵਿਚ ਫਿਰਕੂ ਬਣਨਾ ਚਾਹਿਆ। ਅਤੇ ਅਕਾਲੀ ਚਾਰਟਰ ਪੇਸ਼ ਕਰਨ ਦੇ ਅਗਲੇ ਹੀ ਦਿਨ ਜਗਤ ਨਾਰਾਇਣ ਨੂੰ ਲੁਧਿਆਣੇ ਲਾਗੇ ਗਰੈਂਡ ਟਰੰਕ ਰੋਡ ਉਤੇ ਕਤਲ ਕਰ ਦਿਤਾ ਗਿਆ। ਦਹਿਸ਼ਤਪਸੰਦ ਇਹ ਗੱਲ ਯਕੀਨੀ ਬਣਾ ਰਹੇ ਸਨ ਕਿ ਸਿੱਖਾਂ ਤੇ ਹਿੰਦੂਆਂ ਵਿਚਲਾ ਪਾੜਾ ਡੂੰਘਾ ਕਰ ਦਿਤਾ ਜਾਵੇ।

ਪਿਛੇ ਜਿਹੇ ਤੋਂ, ਜਗਤ ਨਾਰਾਇਣ ਨੇ ਆਪਣੇ ਅਖ਼ਬਾਰਾਂ ਰਾਹੀਂ ਖ਼ਾਲਿਸਤਾਨ ਦੇ ਹਿਮਾਇਤੀਆਂ ਉਤੇ ਜ਼ੋਰਦਾਰ ਹਮਲੇ ਕੀਤੇ ਸਨ ਅਤੇ ਇਸ ਮੰਗ ਨੂੰ ਰਾਸ਼ਟਰ-ਵਿਰੋਧੀ ਦਸਿਆ ਸੀ ਜਿਸ ਨੂੰ ਸੀ ਆਈ ਏ ਤੇ ਕੇ ਜੀ ਬੀ ਵਲੋਂ ਹਿਮਾਇਤ ਮਿਲ ਰਹੀ ਹੈ ਤਾਂ ਜੁ ਸਰਹੱਦੀ ਰਾਜ ਵਿਚ ਅਸਥਿਰਤਾ ਪੈਦਾ ਕਰ ਦਿਤੀ ਜਾਵੇ। ਇਸ ਕਤਲ ਪਿਛੋਂ, ਉਹਦੇ ਪੁੱਤਰ, ਰਮੇਸ਼ ਚੰਦਰ ਨੇ ਲਿਖਿਆ: 'ਮੇਰੇ ਪਿਤਾ ਨੂੰ ਕਤਲ ਕਰਨ ਦੇ ਸਬੰਧ ਵਿਚ ਮੁਖ ਨਿਸ਼ਾਨਾ ਇਹ ਦਿਸਦਾ ਹੈ ਕਿ ਖ਼ਾਲਿਸਤਾਨ ਦੇ ਇਕ ਅੱਤ ਕਟੜ ਵਿਰੋਧੀ ਨੂੰ ਖ਼ਤਮ ਕਰ ਦਿਤਾ ਜਾਵੇ।' ਉਹਦੇ ਦੂਜੇ ਪੁੱਤਰ, ਵਿਜੈ ਕੁਮਾਰ, ਨੇ ਕਿਹਾ ਕਿ 'ਹਿੰਦ ਸਮਾਚਾਰ ਦੀ ਪੰਜਾਬੀ ਐਡੀਸ਼ਨ ਜਗਬਾਣੀ ਕਢਣ ਪਿਛੋਂ ਹੀ ਉਨ੍ਹਾਂ ਦੀਆਂ ਮੁਸ਼ਕਿਲਾਂ ਦਾ ਮੁਢ ਬੱਝਾ ਸੀ ਜਦੋਂ ਇਹ ਐਡੀਸ਼ਨ ਕਢਣ ਨਾਲ ਅਕਾਲੀ-ਪਖੀ ਪੰਜਾਬੀ ਅਖ਼ਬਾਰ ਅਜੀਤ ਦੀ ਇਜਾਰਾਦਾਰੀ ਨੂੰ ਚੈਲੰਜ ਕੀਤਾ ਗਿਆ।'

ਜਗਤ ਨਾਰਾਇਣ ਨੇ ਭਾਵੇਂ 1977 ਵਿਚ ਅਕਾਲੀ-ਜਨਤਾ ਉਮੀਦਵਾਰਾਂ ਦੀ ਹਿਮਾਇਤ ਕੀਤੀ ਸੀ, ਪਰ 1978 ਵਿਚ ਉਹਨੇ ਅਕਾਲੀਆਂ ਦਾ ਵਿਰੋਧ ਸ਼ੁਰੂ ਕਰ ਦਿਤਾ ਸੀ। ਉਹ ਅੰਮ੍ਰਿਤਸਰ ਵਿਖੇ ਨਿਰੰਕਾਰੀ ਕਾਨਫਰੰਸ ਵਿਚ ਸ਼ਾਮਿਲ ਸੀ ਜਿਸ ਦਾ ਭੋਗ ਟੱਕਰ ਵਿਚ ਪਿਆ ਸੀ। ਉਹਨੇ ਸਪੈਸ਼ਲ ਕਮਿਸ਼ਨ ਦੇ ਸਾਹਮਣੇ ਨਿਰੰਕਾਰੀਆਂ ਵਲੋਂ ਗਵਾਹੀ ਵੀ ਦਿਤੀ ਸੀ।

ਜਗਤ ਨਾਰਾਇਣ ਦਾ ਕਤਲ ਦਹਿਸ਼ਤਪਸੰਦੀ ਦੀ ਉਸ ਲਹਿਰ ਦਾ ਸ਼੍ਰੀ ਗਣੇਸ਼ ਸੀ ਜੀਹਨੇ ਪੰਜਾਬ ਨੂੰ ਆਪਣੀ ਲਪੇਟ ਵਿਚ ਲੈ ਲੈਣਾ ਸੀ। ਅਤੇ ਇਸ ਦੀ ਨਿਖੇਧੀ ਨਾ ਕਰਨਾ ਅਕਾਲੀਆਂ ਦੇ ਉਸ ਵਤੀਰੇ ਦਾ ਲਖਾਇਕ ਸੀ ਜੋ ਉਨ੍ਹਾਂ ਨੇ ਇਸ ਤੋਂ ਮਗਰੋਂ ਨਿਰਦੋਸ਼ ਲੋਕਾਂ ਦੇ ਕਤਲ ਦੇ ਸਿਲਸਿਲੇ ਵਿਚ ਧਾਰਨ ਕਰ ਲਿਆ ਸੀ। ਕੋਈ ਅਕਾਲੀ ਲੀਡਰ ਵੀ ਜਗਤ ਨਾਰਾਇਣ ਦੇ ਸਸਕਾਰ ਦੇ ਮੌਕੇ ਮੌਜੂਦ ਨਹੀਂ ਸੀ। ਸਥਾਨਕ ਹਿੰਦੂ ਪ੍ਰਤੀਕਰਮ ਵਿਰੋਧੀ ਕਿਸਮ ਦਾ ਸੀ; ਜਲੂਸ ਵਿਚ ਸ਼ਾਮਿਲ ਕੁਝ ਲੋਕਾਂ ਨੇ ਰਾਹ-ਗੁਜ਼ਰੂ ਸਿੱਖਾਂ ਉਤੇ ਪੱਥਰ ਸੁਟੇ, ਸਿੱਖ-ਵਿਰੋਧੀ ਨਾਹਰੇ ਲਾਏ, 'ਕਛਾ, ਕੜਾ ਅਗ਼ਾਰ ਕਿਰਪਾਨ — ਭੇਜੇਂਗੇ ਇਸ ਪਾਕਿਸਤਾਨ' ਦਾ ਨਾਹਰਾ ਲਾਇਆ ਗਿਆ, ਤੇ ਅਜੀਤ ਦੇ ਭਵਨ ਨੂੰ ਅੱਗ ਲਾਉਣ ਦੀ ਕੋਸ਼ਿਸ਼ ਕੀਤੀ ਗਈ।

ਇਹ ਉਹ ਸਮਾਂ ਸੀ ਜਦੋਂ ਸਰਕਾਰ ਸ਼ਰਾਰਤ ਨੂੰ ਥਾਏਂ ਦੱਬ ਸਕਦੀ ਸੀ ਪਰ ਦਰਬਾਰਾ ਸਿੰਘ ਦੀ ਪ੍ਰਮੁਖਤਾ ਵਿਚ ਰਾਜ-ਸ਼ਾਸਨ ਨੇ ਉਦਾਸੀਨ ਵਤੀਰਾ ਦਰਸਾਇਆ; ਉਹਨੇ ਇਸ ਘਟਨਾ ਦੀ ਗੰਭੀਰਤਾ ਨੂੰ ਨਾ ਸਮਝਿਆ ਅਤੇ ਇਹਨੂੰ ਸਰਸਰੀ ਤੌਰ ਤੇ ਲਿਆ। ਹਿੰਦੂਆਂ ਤੇ ਸਿੱਖਾਂ ਵਿਚਲਾ ਪਾੜਾ ਸਦਾ ਵਧੇਰੇ ਲੋਕਾਂ ਨੂੰ ਪ੍ਰਭਾਵਤ ਕਰ ਰਿਹਾ ਸੀ ਅਤੇ ਇਹ ਇਕੱਲਾ ਕਾਨੂੰਨ ਤੇ ਅਨੁਸ਼ਾਸਨ ਦਾ ਮਾਮਲਾ ਹੀ ਨਹੀਂ ਸੀ ਰਿਹਾ। ਜ਼ੈਲ ਸਿੰਘ ਅੱਗੇ ਚੱਲ ਕੇ ਜਗਤ ਨਾਰਾਇਣ ਦੀ ਮੌਤ ਤੇ ਅਫਸੋਸ ਲਈ ਜਲੰਧਰ ਪਹੁੰਚਿਆ ਪਰ ਉਹਦੀ ਇਹ ਫੇਰੀ ਉਹਦੇ ਰਾਜਸੀ ਸ਼ਰੀਕ, ਦਰਬਾਰਾ ਸਿੰਘ ਦੀ ਸ਼ਾਸਨੀ-ਅਸਫਲਤਾ ਨੂੰ ਹੀ ਮੁਖ ਤੌਰ ਤੇ ਦਰਸਾਂਦੀ ਜਾਪੀ।

ਜਗਤ ਨਾਰਾਇਣ ਦੇ ਕਤਲ ਦੇ ਪਿਛੋਂ ਸਥਿਤੀ ਵਿਗੜਨ ਲਗੀ ਤੇ ਪੰਜਾਬ ਪ੍ਰੈਸ ਨੇ ਬਲਦੀ ਉਤੇ ਤੇਲ ਪਾਇਆ।

ਜਿਵੇਂ ਕਿ ਐਡੀਟਰਜ ਗਿਲਡ ਆਫ ਇੰਡੀਆ ਦੀ ਇਕ ਟੀਮ ਨੇ ਪੰਜਾਬ ਦੇ ਦੌਰੇ ਪਿਛੋਂ ਆਪਣੀ ਰਿਪੋਰਟ ਵਿਚ ਲਿਖਿਆ: 'ਤੰਗਨਜ਼ਰ ਟਕਰਾਉ ਤੇ ਧਰੁਵੀਕਰਣ ਦੇ ਆਮ ਵਾਤਾਵਰਨ ਨੂੰ ਹੁੰਗਾਰਾ ਭਰਦਿਆਂ, ਇਹ ਵੇਖ ਕੇ ਦੁਖ ਹੁੰਦਾ ਹੈ ਕਿ ਪੰਜਾਬ ਵਿਚ ਅਖਬਾਰ, ਖੁਦ ਆਪਣੇ ਇਕਬਾਲ ਅਨੁਸਾਰ, ਪੂਰੀ ਤਰ੍ਹਾਂ ਕਮਿਊਨਿਲ ਲੀਹਾਂ ਉਤੇ ਵੰਡੇ ਗਏ ਹਨ। ਸਾਨੂੰ ਚੰਡੀਗੜ੍ਹ, ਜਲੰਧਰ ਤੇ ਅੰਮਿਰਤਸਰ ਵਿਚ ਇਹ ਗੱਲ ਕਈ ਹਿੰਦੂ ਤੇ ਸਿਖ ਪੱਤਰਕਾਰਾਂ ਵਲੋਂ ਮੁੜ ਮੁੜ ਸਪੱਸ਼ਟ ਤਰ੍ਹਾਂ ਦਸੀ ਗਈ। ਇਹ ਦੁਖ-ਭਰੀ ਟਿਪਣੀ ਹੈ ਅਤੇ ਡੂੰਘੀ ਕਿੱਤਾਵਰ ਤੇ ਸਮਾਜਿਕ ਫਿਕਰਮੰਦੀ ਦਾ ਮਾਮਲਾ ਹੈ। ਜੇ ਪ੍ਰੈਸ ਹੀ ਧੜੇਬੰਦ, ਪਖਪਾਤੀ ਹੋ ਜਾਵੇ ਤਾਂ ਇਹਦੇ ਵਲੋਂ ਪੇਸ਼ ਕੀਤੇ ਗਏ ਬਿੰਬ ਵਿਗੜ ਜਾਣਗੇ। ਸਾਨੂੰ ਮਿਲਣ ਵਾਲੇ ਰਿਪੋਰਟਰਾਂ ਨੇ ਖੁਲਮ੍ਹ ਖੁਲ੍ਹਾ ਮੰਚ ਉਤੇ ਸਾਂਝੇ ਤੌਰ ਤੇ ਮਿਲਣ ਦੀ ਥਾਂ ਵਿਅਕਤੀਗਤ ਰੂਪ ਵਿਚ ਮਾਮਲੇ ਵਿਚਾਰਨ ਨੂੰ ਤਰਜੀਹ ਦਿਤੀ।'

ਹਿੰਦੂ ਜਗਤ ਨਾਰਾਇਣ ਦੇ ਕਾਤਲਾਂ ਵਿਰੁਧ ਕਰੜੀ ਕਾਰਵਾਈ ਦੀ ਮੰਗ ਕਰਦੇ ਸਨ ਤੇ ਭਿੰਡਰਾਂਵਾਲੇ ਨੂੰ ਦੋਸ਼ੀ ਠਹਿਰਾਉਂਦੇ ਸਨ। ਕਈ ਵਾਰ ਉਹਨੇ ਆਖਿਆ ਸੀ ਕਿ ਉਹ ਜਗਤ ਨਾਰਾਇਣ ਨੂੰ ਕਤਲ ਕਰਨ ਵਾਲੇ ਆਦਮੀ ਨੂੰ 'ਸਨਮਾਨੇਗਾ'। ਭਿੰਡਰਾਂਵਾਲੇ ਉਤੇ ਲਗੇ ਕਤਲ ਦੇ ਇਸ ਦੋਸ਼ ਤੋਂ ਉਹ ਨਾ-ਖੁਸ਼ ਨਹੀਂ ਸੀ; ਉਹਨੇ ਤਾਂ ਸਗੋਂ ਆਖਿਆ ਕਿ ਉਹ ਜੋ ਕੁਝ ਵੀ ਕਰ ਰਿਹਾ ਸੀ ਉਹ 'ਸਿੱਖਾਂ ਵਾਸਤੇ ਹੀ ਸੀ।'

ਉਹਦੀ ਗਰਿਫਤਾਰੀ ਲਈ ਵਾਰੰਟ ਕਢੇ ਗਏ। ਭਿੰਡਰਾਂਵਾਲੇ ਚੰਦੂਕਲਾ, ਹਰਿਆਣੇ, ਵਿਚ ਸੀ, ਤੇ ਉਹਨੂੰ ਇਥੇ ਹੀ ਆਲ ਇੰਡੀਆ ਰੇਡੀਓ ਦੇ ਨਿਊਜ਼ ਬੁਲੇਟਨ ਤੋਂ ਇਹਦਾ ਪਤਾ ਲਗਿਆ ਸੀ। ਦਰਬਾਰਾ ਸਿੰਘ ਨੇ ਹਰਿਆਣੇ ਦੇ ਮੁਖ ਮੰਤਰੀ ਭਜਨ ਲਾਲ ਨੂੰ ਇਹਦੇ ਬਾਰੇ ਸੂਚਨਾ ਦਿਤੀ ਤੇ ਵਾਰੰਟ ਸਰਵ ਕਰਨ ਵਿਚ ਉਹਦੀ ਸਹਾਇਤਾ ਮੰਗੀ। ਪਰ ਫੋਨ ਉਤੇ ਜ਼ੈਲ ਸਿੰਘ ਉਹਨੂੰ ਪਹਿਲਾਂ ਹੀ ਹਿਦਾਇਤ ਦੇ ਚੁਕਿਆ ਸੀ ਕਿ ਭਿੰਡਰਾਂਵਾਲੇ ਨੂੰ ਚਲੇ ਜਾਣ ਦਿਤਾ ਜਾਵੇ। ਭਿੰਡਰਾਂਵਾਲੇ ਦੇ ਚੰਦੂਕਲਾਂ ਤੋਂ ਤੁਰ ਜਾਣ ਪਿਛੋਂ ਹੀ ਪੁਲਸ ਚੰਦੂਕਲਾਂ ਦੇ ਗੁਰਦਵਾਰੇ ਵਿਚ ਆਈ ਤੇ ਉਹਦੇ ਕੁਝ ਅਨੁਯਾਈਆਂ ਨੂੰ ਕੁੱਟਿਆ, ਤੇ ਇਸ ਤਰ੍ਹਾਂ ਭਿੰਡਰਾਂਵਾਲੇ ਨੂੰ ਇਕ ਹੋਰ ਸ਼ਿਕਾਇਤ ਦਾ ਮੌਕਾ ਮੁਹਈਆ ਕੀਤਾ।

ਚੌਕ ਮਹਿਤਾ ਅਪੜਨ ਤੋਂ ਕਈ ਦਿਨ ਪਿਛੋਂ, ਪੰਜਾਬ ਸਰਕਾਰ ਨੇ ਉਹਨੂੰ ਆਤਮ-ਸਮਰਪਣ ਕਰਨ ਨੂੰ ਕਿਹਾ; ਉਸ ਸਮੇਂ ਆਨੰਦਪੁਰ ਸਾਹਿਬ ਜੁੜਨ ਵਾਲੇ ਅਕਾਲੀ ਆਗੂਆਂ ਨੇ ਵੀ ਉਹਨੂੰ ਗਰਿਫਤਾਰੀ ਲਈ ਪੇਸ਼ ਹੋਣ ਲਈ ਆਖਿਆ। ਭਿੰਡਰਾਂਵਾਲੇ ਨੇ ਇਸ ਮੌਕੇ ਦਾ ਲਾਭ ਉਠਾ ਕੇ ਆਪਣੇ ਅਨੁਯਾਈਆਂ ਤੇ ਦੁਨੀਆਂ ਨੂੰ ਵਿਖਾਉਣਾ ਚਾਹਿਆ ਕਿ ਉਹ ਆਤਮ-ਸਮਰਪਣ ਦੇ ਸਮੇਂ ਦੀ ਚੋਣ ਖੁਦ ਆਪ ਕਰੇਗਾ। 19 ਸਤੰਬਰ ਨੂੰ ਉਹ ਰਾਤੀਂ ਪਵਿੱਤਰ ਸਰੋਵਰ ਵਿਚ ਅਸ਼ਨਾਨ ਲਈ, 50 ਕਿਲੋਮੀਟਰ ਦੂਰ, ਗੋਲਡਨ ਟੈਂਪਲ ਗਿਆ ਤੇ ਇਸਨਾਨ ਕਰਕੇ ਓਸੇ ਰਾਤ ਵਾਪਿਸ ਆ ਗਿਆ। ਤੇ ਇਹ ਪੁਲਸ ਦੀ ਕਾਰ ਹੀ ਸੀ ਜਿਹੜੀ ਉਹਨੂੰ ਅੰਮ੍ਰਿਤਸਰ ਲੈ ਗਈ ਸੀ, ਭਾਵੇਂ ਉਹਦੇ ਵਾਰੰਟ ਨਿਕਲੇ ਹੋਏ ਸਨ। ਭਿੰਡਰਾਂਵਾਲੇ ਦੇ ਹਥਿਆਰ ਜ਼ਬਤ ਕਰ ਲੈਣ ਬਾਰੇ ਨਵੇਂ ਦਿੱਲੀ ਦੇ ਹੁਕਮਾਂ ਨੂੰ ਵੀ ਕੋਈ ਹੁੰਗਾਰਾ ਨਾ ਭਰਿਆ ਗਿਆ। ਯੂਨੀਅਨ ਗ੍ਰਹਿ ਮੰਤਰੀ ਦਾ ਕਹਿਣਾ ਹੈ: 'ਸਬੰਧਤ ਲੋਕਾਂ ਤੋਂ ਹਥਿਆਰ ਹਾਸਲ ਕਰਨ ਲਈ ਜਾਂ ਅਜਿਹਾ ਨਾ ਕਰਨ ਦੀ ਸੂਰਤ ਵਿਚ ਉਨ੍ਹਾਂ ਦੇ ਹਥਿਆਰਾਂ ਦੇ ਲਸੰਸ ਸਸਪੈਂਡ ਕਰਨ ਲਈ ਪੰਜਾਬ ਪੁਲਸ ਨੇ ਕੋਈ ਕਾਰਵਾਈ ਨਾ ਕੀਤੀ।' ਇੰਜ ਜਾਪਿਆ ਜਿਵੇਂ ਹੁਣ ਦਰਬਾਰਾ ਸਿੰਘ ਭਿੰਡਰਾਂਵਾਲੇ ਦਾ ਧਰਮ-ਪਿਤਾ ਬਣ ਗਿਆ ਸੀ।

ਇਹ ਤਥ ਕਿ ਭਿੰਡਰਾਂਵਾਲੇ* ਦੀ ਗਰਿਫਤਾਰੀ ਦੇ ਸਿਲਸਿਲੇ ਵਿਚ ਖੁਦ ਉਹਨੂੰ ਆਪਣੀ ਗਰਿਫਤਾਰੀ ਦੇ ਸਥਾਨ ਤੇ ਸਮੇਂ ਦੀ ਚੋਣ ਕਰਨ ਦੀ ਆਗਿਆ ਦਿਤੀ ਗਈ, ਜਾਂ ਤਾਂ ਪੰਜਾਬ ਸਰਕਾਰ ਦੀ ਬੇਵੱਸੀ ਦੀ ਜਾਂ ਉਹਦੀ ਮਿਲਭਗਤੀ ਦੀ ਸੂਚਕ ਹੈ। ਉਹ ਕਾਨੂੰਨ ਦਾ ਭਗੌੜਾ ਸੀ ਜੀਹਨੂੰ ਗੈਰ-ਜ਼ਰੂਰੀ ਤੌਰ ਤੇ ਉਚ-ਦੁਮਾਲੜਾ ਬਣਾਇਆ ਗਿਆ ਸੀ। ਜਦੋਂ ਉਹਦੀ 'ਤਾਲਾਸ਼' ਹੋ ਰਹੀ ਸੀ, ਉਹਨੇ ਅੰਮ੍ਰਿਤਸਰ ਵਿਖੇ ਤੰਬਾਕੂ ਵਿਰੁਧ ਜਲੂਸ ਦੀ ਅਗਵਾਈ ਕੀਤੀ। ਇੰਜ ਲਗਦਾ ਸੀ ਜਿਵੇਂ ਪੂਰਾ ਪੰਜਾਬ ਹੀ ਚੰਬਲ ਬਣ ਚੁਕਿਆ ਹੋਇਆ ਸੀ, ਜਿਥੇ ਧਾੜਵੀਆਂ ਤੇ ਬੰਦੂਕਾਂ ਦਾ ਹੁਕਮ ਹੀ ਚਲਦਾ ਹੈ, ਸਰਕਾਰ ਦਾ ਤੇ ਕਾਨੂੰਨ ਦਾ ਰਾਜ ਨਹੀਂ।

ਇਸ ਸਭ ਕਾਸੇ ਦਾ ਕਾਰਨ ਦਰਬਾਰਾ ਸਿੰਘ ਤੇ ਜ਼ੈਲ ਸਿੰਘ ਵਿਚਕਾਰ ਦੁਜਾਇਗੀ ਵੀ ਹੋ ਸਕਦਾ ਹੈ, ਯੂਨੀਅਨ ਗ੍ਰਹਿ ਮੰਤਰੀ ਆਪਣੀ ਸਰਬੋਤਮਤਾ ਸਥਾਪਤ ਕਰਨ ਦਾ ਚਾਹਵਾਨ ਸੀ ਤੇ ਮੁਖ ਮੰਤਰੀ ਉਹਨੂੰ ਵੰਗਾਰਨ ਉਤੇ ਤੁਲਿਆ ਹੋਇਆ ਸੀ। ਦੋਵਾਂ ਦੇ ਅਨੁਯਾਈ ਇਕ ਦੂਜੇ ਨੂੰ ਝਈਆਂ ਲੈ ਲੈ ਪੈਂਦੇ ਸਨ ਜਿਸ ਦਾ ਕਾਂਗਰਸ ਪਾਰਟੀ ਤੇ ਰਾਜ, ਦੋਹਾਂ, ਨੂੰ ਨੁਕਸਾਨ ਪਹੁੰਚ ਰਿਹਾ ਸੀ।

ਭਿੰਡਰਾਂਵਾਲੇ ਵਿਰੁਧ ਕਾਰਵਾਈ ਨਾ ਕੀਤੀ ਜਾਣਾ ਵਾਰਤਾ ਦਾ ਇਕ ਭਾਗ ਹੀ ਹੈ। ਦੂਜਾ ਭਾਗ ਪੰਜਾਬ ਵਿਖੇ ਹਿੰਦੂਆਂ ਤੇ ਸਿੱਖਾਂ ਵਿਚਲਾ ਵਧਦਾ ਹੋਇਆ ਖਿਚਾਉ ਸੀ। ਦੋਹਾਂ ਕਮਿਊਨਿਟੀਆਂ ਦੇ ਅੱਤਵਾਦੀ ਨਫਰਤ ਤੇ ਬਦਖੋਈ ਤੇ ਵਾਤਾਵਰਨ ਦੀ ਸਿਰਜਣਾ ਕਰ ਰਹੇ ਸਨ ਜਿਸ ਵਿਚ ਧਰਮ ਦੇ ਨਾਂ ਦੇ ਕਤਲ ਨੂੰ ਜਾਇਜ਼ ਠਹਿਰਾਇਆ ਗਿਆ। ਜਗਤ ਨਾਰਾਇਣ ਦਾ ਕਤਲ ਇਸੇ ਰੋਗ ਦਾ ਚਿਨ੍ਹ ਸੀ।

*ਉਹ ਜਦੋਂ ਸੰਤੋਖ ਸਿੰਘ ਦੇ ਭੋਗ ਦੇ ਮੌਕੇ ਦਿੱਲੀ ਆਇਆ ਤਾਂ ਜ਼ੈਲ ਸਿੰਘ ਤੇ ਬੂਟਾ ਸਿੰਘ, ਦੋਹਾਂ ਨੇ ਹੀ, ਭਿੰਡਰਾਂਵਾਲੇ ਦੇ ਚਰਨ ਛੂਹੇ ਸਨ। ਯਾਦ ਰਹੇ, ਸੰਤੋਖ ਸਿੰਘ ਨੂੰ ਕਾਂਗਰਸ (ਆਈ) ਦੀ ਹਿਮਾਇਤ ਹਾਸਲ ਸੀ, ਤੇ ਉਹਨੂੰ ਦਸੰਬਰ 1981 ਵਿਚ ਕਤਲ ਕਰ ਦਿਤਾ ਗਿਆ ਸੀ।

ਉਪ-ਮਹਾਂਦੀਪ ਦੀ ਵੰਡ ਨੂੰ ਪਰਵਾਨਗੀ ਮਿਲਣ ਪਿਛੋਂ, ਅੱਤਵਾਦੀ ਸਿੱਖ ਪਰਤ ਪੰਜਾਬ ਨੂੰ ਸੁਆਧੀਨ ਸਿੱਖ ਰਾਜ ਵਿਚ ਤਬਦੀਲ ਕਰਨਾ ਚਾਹੁੰਦੀ ਸੀ।

(ਬਾਕੀ ਪੰਨਾ 11 ਤੇ)

ਦੋਸ਼ੀ ਕੌਣ ਹਨ?

(ਸ਼੍ਰੀਮਤੀ ਇੰਦਰਾ ਗਾਂਧੀ ਦੇ ਕਤਲ ਪਿਛੋਂ ਦਿੱਲੀ ਵਿਚ 31 ਅਕਤੂਬਰ ਤੋਂ 10 ਨਵੰਬਰ ਤੱਕ ਹੋਏ ਦੰਗੇ ਫਸਾਦਾਂ ਦੇ ਕਾਰਨ ਅਤੇ ਅਸਰ ਬਾਰੇ ਪੀਪਲਜ਼ ਯੂਨੀਅਨ ਫਾਰ ਡੈਮੋਕਰੈਟਿਕ ਰਾਈਟਸ (ਪੀ. ਯੂ. ਡੀ. ਆਰ.) ਅਤੇ ਪੀਪਲਜ਼ ਯੂਨੀਅਨ ਫਾਰ ਸਿਵਲ ਲਿਬਰਟੀਜ਼(ਪੀ. ਯੂ. ਸੀ. ਐਲ.) ਸਾਂਝੀ ਜਾਂਚ ਕਮੇਟੀ ਦੀ ਰੀਪੋਰਟ ਜੋ ਪਹਿਲਾਂ ਅੰਗਰੇਜ਼ੀ ਵਿਚ ਛਪੀ ਸੀ ਉਸਦਾ ਸਹੀ ਅਨੁਵਾਦ ਸ਼ਹੀਦ ਭਗਤ ਸਿੰਘ ਦੇ ਭਾਣਜੇ ਪ੍ਰੋ: ਜਗਮੋਹਨ ਸਿੰਘ ਹੋਰਾਂ ਨੇ ਕੀਤਾ ਹੈ ਅਤੇ 'ਕੈਨੇਡਾ ਦਰਪਣ' ਨੂੰ 'ਕੈਨੇਡਾ ਦਰਪਣ' ਦੇ ਇਕ ਸੁਹਿਰਦ ਹਿਤੈਸ਼ੀ ਰਾਹੀਂ ਪ੍ਰਾਪਤ ਹੋਇਆ ਹੈ। ਇਹ ਰੀਪੋਰਟ 'ਕੈਨੇਡਾ ਦਰਪਣ' ਦੇ ਪਾਠਕਾਂ ਦੀ ਜਾਣਕਾਰੀ ਲਈ ਲੜੀਵਾਰ ਛਪੇਗੀ। ਅਸੀਂ ਪ੍ਰੋ: ਜਗਮੋਹਣ ਸਿੰਘ ਹੋਰਾਂ ਦੇ ਧੰਨਵਾਦੀ ਹਾਂ ਅਤੇ ਜਮਹੂਰੀ ਅਧਿਕਾਰ ਸਭਾ, ਪੰਜਾਬ ਦੇ ਰਿਣੀ ਹਾਂ — ਸੰਪਾਦਕ)

ਲੜੀ ਜੋੜਨ ਲਈ 'ਕੈਨੇਡਾ ਦਰਪਣ' ਦਾ ਪਿਛਲਾ ਅੰਕ ਵੇਖੋ:—

ਤਿੰਨ ਬਸਤੀਆਂ ਦੀ ਜਾਂਚ ਪੜਤਾਲ

1. ਸੁਲਤਾਨ ਪੁਰੀ

ਸੁਲਤਾਨਪੁਰੀ ਦੀ ਮੁੜ ਵਸਾਈ ਗਈ ਬਸਤੀ ਵਿਚ ਵੱਖ ਵੱਖ ਕਿੱਤਿਆਂ ਵਿਚ ਕੰਮ ਕਰ ਰਹੇ ਹਿੰਦੂਆਂ ਅਤੇ ਸਿੱਖਾਂ ਦੀ ਮਿਲੀ ਜੁਲੀ ਵਸੋਂ ਹੈ। ਹਿੰਦੂਆਂ ਵਿਚੋਂ ਬਹੁਤ ਸਾਰੇ ਨੀਵੀਆ ਜਾਤੀਆ ਨਾਲ ਸਬੰਧ ਰਖਦੇ ਹਨ ਅਤੇ ਅਨੇਕ ਸੰਸਥਾਵਾਂ ਵਿਚ ਸਫਾਈ ਕਰਮਚਾਰੀਆਂ ਦੇ ਤੌਰ ਤੇ ਨੌਕਰੀ ਉਤੇ ਲੱਗੇ ਹੋਏ ਹਨ। ਸਿੱਖਾਂ ਵਿਚ ਸਿਕਲੀਗਰ (ਜੋ ਕਿ ਇਮਾਰਤਾਂ ਬਨਾਣ ਲਈ ਲੋਹੇ ਦੇ ਜੰਗਲੇ ਆਦਿ ਬਨਾਣ ਦੇ ਮਾਹਿਰ ਹਨ), ਅਲਵਰ ਤੋਂ ਮੰਜੀਆਂ ਬੁਣਨ ਵਾਲੇ, ਸਕੂਟਰ ਰਿਕਸ਼ਾ ਦੇ ਮਾਲਕ, ਟੀ. ਵੀ. ਮਕੈਨਿਕ, ਬਿਜਲੀ ਦਾ ਕੰਮ ਕਰਨ ਵਾਲੇ ਅਤੇ ਦੁਕਾਨਦਾਰ ਹਨ। ਕੁਝ ਸਕੂਟਰ ਰਿਕਸ਼ਾ ਦੇ ਡਰਾਈਵਰ, ਰਿਕਸ਼ਾ ਚਲਾਣ ਵਾਲੇ, ਰੇਹੜੀ ਵਾਲੇ ਅਤੇ ਮਜ਼ਦੂਰ ਵੀ ਹਨ।

ਇਹ ਗੱਲ ਮਹੱਤਵਪੂਰਨ ਹੈ ਕਿ ਫਸਾਦਾਂ ਤੋਂ ਪਹਿਲਾਂ ਦੋਵੇਂ ਫਿਰਕੇ ਪੂਰਨ ਮੇਲ-ਜੋਲ ਨਾਲ ਰਹਿ ਰਹੇ ਸਨ। ਇਸ ਦੀ ਪ੍ਰੋੜਤਾ ਅਨੇਕ ਸਹਾਇਤਾ ਕੈਂਪਾਂ ਵਿਚਲੇ ਸਿੱਖਾਂ ਨੇ ਕੀਤੀ। ਬੀਤੇ ਦਿਨਾਂ ਵਿਚ ਕਿਸੇ ਵੀ ਮੌਕੇ ਤੇ ਉਨ੍ਹਾਂ ਵਿਚਕਾਰ ਖਿਚਾਅ ਦਾ ਕੋਈ ਸਬੂਤ ਨਹੀਂ ਮਿਲਦਾ।

ਇਸ ਬਸਤੀ ਦੇ ਸਿਖ ਵਸਨੀਕ ਪਹਿਲੀ ਨਵੰਬਰ ਵੀਰਵਾਰ ਨੂੰ ਦਿਨ ਦੇ ਉਸ ਸਮੇਂ ਦੰਗ ਰਹਿ ਗਏ ਜਦੋਂ ਉਨ੍ਹਾਂ ਤੇ ਅਤਿਆਚਾਰੀ ਭੀੜ ਤੇ ਅਚਾਨਕ ਹਮਲਾ ਕੀਤਾ। ਮੌਕੇ ਦੇ ਗਵਾਹਾਂ ਮੁਤਾਬਿਕ ਬਸਤੀ ਦੇ ਲੋਕ ਅਤੇ ਬਾਹਰ ਵਾਲੇ ਜੋ ਕਿ ਨਾਲ ਦੇ ਪਿੰਡਾਂ (ਜਿਨ੍ਹਾਂ ਵਿਚੋਂ ਇਕ ਪਿੰਡ ਮੁੰਡਕਾ ਹੈ) ਦੇ ਗੁੱਜਰ ਸਮਝੇ ਜਾਂਦੇ ਹਨ, ਭੀੜ ਵਿਚ ਸ਼ਾਮਿਲ ਸਨ। ਹਮਲੇ ਦਾ ਨਿਸ਼ਾਨਾ ਮਰਦ ਸਨ ਅਤੇ ਸਿਖ ਪੁਰਸ਼ ਵੱਡੀ ਗਿਣਤੀ ਵਿਚ ਮਾਰੇ ਗਏ। ਬੱਚ ਨਿਕਲਣ ਵਾਲਿਆਂ ਵਿਚੋਂ ਕੁਝ ਹਮਲੇ ਦੀ ਅਗਵਾਈ ਕਰਨ ਵਾਲਿਆਂ ਨੂੰ ਸ਼ਨਾਖਤ ਕਰ ਸਕਣ ਦੇ ਯੋਗ ਸਨ। ਮੋਹਰੀਆਂ ਵਿਚ ਉਥੋਂ ਦੇ ਸਿਆਸਤਦਾਨ, ਪੁਲੀਸ ਅਤੇ ਕੁਝ ਬਸਤੀ ਦੇ ਲੋਕ ਸਨ

ਹਮਲਾਵਰਾਂ ਅਤੇ ਅੱਗਾਂ ਲਾਉਣ ਵਾਲਿਆ ਦੀ ਪਹਿਚਾਨ ਕਰਨ ਅਤੇ ਸਮਝਣ ਦੇ ਯਤਨ ਵਿਚੋਂ ਇਹ ਗੱਲ ਯਕੀਨੀ ਨਿਕਲਦੀ ਹੈ ਕਿ ਉਥੋਂ ਦੇ ਹੀ ਜਮਾਦਾਰਾਂ ਦੇ ਵਿਗੜੇ ਛੋਕਰੇ, ਮੰਗਤੇ, ਮਕੈਨਿਕ, ਡਰਾਈਵਰ ਅਤੇ ਸਬਜੀਆ ਵੇਚਣ ਵਾਲੇ ਆਦਿ ਇਸ ਵਿਚ ਸ਼ਾਮਿਲ ਸਨ। ਪਰੰਤੂ ਸਾਰਾ ਕੁਝ ਉਨ੍ਹਾਂ ਨੇ ਆਪ ਸ਼ੁਰੂ ਨਹੀਂ ਸੀ ਕੀਤਾ। ਸਲਤਾਨਪੁਰੀ ਵਿਚ ਬਹੁਤੇ ਕਾਤਲਾਂ ਦੀ ਅਗਵਾਈ ਲੋਕਲ 'ਪ੍ਰਧਾਨ' ਕਰ ਰਹੇ ਸਨ ਜਿਹੜੇ ਕਿ ਸਿਆਸੀ ਢਾਂਚੇ ਦੀ ਸਭ ਤੋਂ ਹੇਠਲੀ ਪੌੜੀ ਤੇ ਹਨ।ਇਹ ਉਹ ਲੋਕ ਹਨ ਜਿਨ੍ਹਾਂ ਨੇ ਹਜੂਮ ਨੂੰ ਸਿੱਖਾਂ ਵਿਰੁਧ ਭੜਕਾਇਆ ਅਤੇ ਉਨ੍ਹਾਂ ਦੇ ਘਰਾਂ ਅਤੇ ਦੁਕਾਨਾਂ ਦੀ ਸ਼ਨਾਖਤ ਕੀਤੀ। ਪ੍ਰਧਾਨਾਂ ਦੇ ਉਸ ਹਲਕੇ ਦੇ ਕਾਂਗਰਸੀ ਐਮ. ਪੀ. ਨਾਲ ਨੇੜਲੇ ਸਬੰਧ ਹਨ। ਕੁਝ ਅਜਿਹੇ ਪ੍ਰਧਾਨ ਜਿਨ੍ਹਾਂ ਨੂੰ ਬਚੇ ਹੋਏ ਲੋਕਾਂ ਵਲੋਂ ਬਾਰ ਬਾਰ ਫਸਾਦੀਆਂ ਨੂੰ ਭੜਕਾਉਣ, ਮਦਦ ਕਰਨ ਅਤੇ ਹੱਲਾ-ਸ਼ੇਰੀ ਦੇਣ ਦੀਆ ਕਾਰਵਾਈਆਂ ਲਈ ਜਿੰਮੇਵਾਰ ਠਹਿਰਾਇਆ ਗਿਆ, ਇਸ ਪ੍ਰਕਾਰ ਹਨ: ਸ੍ਰੀ ਚੌਹਾਨ, ਸ੍ਰੀ ਬਾਗੜੀ ਅਤੇ ਸ੍ਰੀ ਗੁਪਤਾ। ਮੈਂਬਰ ਪਾਰਲੀਮੈਂਟ ਜਿਸਨੂੰ ਹਮਲਿਆਂ ਲਈ ਸਭ ਤੋਂ ਵਧੇਰੇ ਜਿੰਮੇਵਾਰ ਠਹਿਰਾਇਆ ਗਿਆ ਉਹ ਕਾਂਗਰਸ ਦਾ ਸੱਜਨ ਕੁਮਾਰ ਸੀ।

ਸੁਲਤਾਨਪੁਰੀ ਵਿਚ ਫਸਾਦੀਆਂ ਨਾਲ ਪੁਲੀਸ ਦੀ ਮਿਲੀ ਭੁਗਤ ਦਾ ਸੰਕੇਤ ਇਸ ਤੱਥ ਤੋਂ ਮਿਲਦਾ ਹੈ ਕਿ ਭੱਟੀ ਨਾਮ ਦੇ ਐਸ. ਐਚ. ਓ. ਨੇ ਸਿਰਫ ਕਾਫੀ ਸਿੱਖਾਂ ਨੂੰ ਮਾਰਿਆ ਹੀ ਨਹੀਂ ਸਗੋਂ ਉਨ੍ਹਾਂ ਨੂੰ ਨਿਹੱਥੇ ਕਰਨ ਵਿਚ ਭੀੜ ਦੀ ਮਦਦ ਵੀ ਕੀਤੀ। ਪੁਲੀਸ ਦਾ ਹੱਥ ਇਕ ਬਚ ਨਿਕਲੇ ਸਖਸ਼ ਦੇ ਸ਼ਬਦਾਂ ਵਿਚ "ਖੁਦ ਮਾਰਾ ਹੈ," ਮਿਲੇ ਹੂਏ ਥੇ" (ਪੁਲੀਸ ਨੇ ਆਪ ਮਾਰਿਆ ਹੈ ਉਹ ਉਨ੍ਹਾਂ ਨਾਲ ਮਿਲੇ ਹੋਏ ਸਨ)।

ਤਕਰੀਬਨ ਹਰੇਕ ਸ਼ਰਨਾਰਥੀ ਜਿਸ ਨਾਲ ਵੀ ਅਸੀਂ ਗੱਲ ਕੀਤੀ ਨੇ ਇਕੋ ਹੀ ਦਾਸਤਾਂ ਸੁਣਾਈ। ਸੁਲਤਾਨਪੁਰੀ ਵਿਚ ਹੋਏ ਇਸ ਕਤਲੇਆਮ ਵਿਚ ਮਿੱਟੀ ਦਾ ਤੇਲ ਵੇਚਣ ਵਾਲੇ ਬ੍ਰਹਮਾ ਨੰਦ ਗੁਪਤਾ, ਵੇਰਾ ਨੰਦ, ਮਾਸਟਰ ਅਤੇ ਵੇਦ ਪ੍ਰਕਾਸ਼ ਨੇ ਸਿੱਖਾਂ ਨੂੰ ਸਾੜਨ ਲਈ ਤੇਲ ਮੁਹਈਆ ਕੀਤਾ। ਇਸ ਕਤਲੇਆਮ ਵਿਚ ਡਾਕਟਰ ਛਾਂਗਾ ਵੀ ਸ਼ਾਮਿਲ ਸੀ। ਹੋਰਾਂ ਵਿਚ ਹਨੂਮਾਨ, ਰਾਸ਼ਨ ਦੀ ਦੁਕਾਨ ਦਾ ਮਾਲਕ; ਗਜਾਨੰਦ, ਗੋਦਾਮ ਮਾਲਕ; ਗੁਲਾਬ ਸਿੰਘ ਅਤੇ ਆਟੋ ਰਿਕਸ਼ਾ ਦਾ ਡਰਾਈਵਰ ਓਮੀ ਸੀ ਜਿਹੜੇ ਕਿ ਇਸ ਖੂਨ ਖਰਾਬੇ ਦੀ ਅਗਵਾਹੀ ਕਰ ਰਹੇ ਸਨ।

ਸਿੱਖਾਂ ਤੇ ਹਮਲੇ, ਵੀਰਵਾਰ ਦੀ ਰਾਤ ਤੋਂ ਸ਼ੁਰੂ ਹੋ ਕੇ ਸ਼ੁਕਰਵਾਰ (ਨਵੰਬਰ 1-2) ਬਾਅਦ ਦੁਪਹਿਰ ਤੱਕ ਲਗਾਤਾਰ ਜਾਰੀ ਰਹੇ। ਹਜੂਮ ਨੂੰ ਟਾਹਰਾਂ ਮਾਰੀਆਂ ਜਾ ਰਹੀਆ ਸਨ, "ਮਰਦਾ ਨੂੰ ਮਾਰ ਦਿਓ ਅਤੇ ਔਰਤਾਂ ਨਾਲ ਜਬਰ-ਜਿਨਾਹ ਕਰੋ।" ਹਜੂਮ ਲਾਠੀਆਂ, ਲੋਹੇ ਦੇ ਸਰੀਏ ਅਤੇ ਹੋਰ ਹਥਿਆਰਾਂ ਨਾਲ ਲੈਸ ਸੀ। ਉਹ ਮਿੱਟੀ ਦਾ ਤੇਲ ਨਾਲ ਲਈ ਫਿਰਦੇ ਸਨ।


ਬਹੁਤ ਸਾਰੇ ਹਿੰਦੂ ਗਵਾਂਢੀਆਂ ਨੇ ਸਿਖ ਪਰਿਵਾਰਾਂ ਨੂੰ ਪਨਾਹ ਦਿਤੀ ਹੋਈ ਸੀ ਅਤੇ ਕਈ ਘਰਾਂ ਵਿਚ ਉਨ੍ਹਾਂ ਨੂੰ ਜੰਦਰੇ ਮਾਰ ਕੇ ਲੁਕਾਇਆ ਹੋਇਆ ਸੀ। ਪਰ ਬਦਕਿਸਮਤੀ ਨਾਲ ਉਹ ਬਾਅਦ ਵਿਚ ਹੋਏ ਲੁੱਟ ਮਾਰ, ਅਗਜਨੀ ਅਤੇ ਕਤਲਾ ਤੋਂ ਬਚ ਨਾ ਸਕੇ। ਘਰਾਂ ਦੀ ਸ਼ਨਾਖਤ ਕਰਕੇ ਅੱਗ ਲਾਈ ਜਾ ਰਹੀ ਸੀ ਅਤੇ ਸਿੱਖ ਮਰਦਾਂ ਨੂੰ ਮਾਰਿਆ ਜਾ ਰਿਹਾ ਸੀ। ਔਰਤਾਂ ਨੂੰ ਵੀ ਚੰਗੇ ਖਾਂਦੇ ਪੀਂਦੇ ਸਿੱਖਾਂ ਦੇ ਘਰਾਂ ਦਾ ਸਮਾਨ ਲੁਟਕੇ ਲਿਜਾਂਦੇ ਹੋਏ ਵੇਖਿਆ ਗਿਆ। ਸੋਨੇ ਦੇ ਗਹਿਣੇ, ਟੀ.ਵੀ. ਸੈਟ ਅਤੇ ਹੋਰ ਚੀਜ਼ਾਂ ਵੀ ਲੁਟੀਆਂ ਗਈਆਂ। ਹੋਰ ਬਹੁਤ ਸਾਰੀ ਜਾਇਦਾਦ ਜਿਸ ਵਿਚ ਗੁਜਾਰੇ ਦੇ ਸਾਧਨ ਜਿਵੇਂ ਕਿ ਹੱਥ ਰੇਹੜੀ ਰਿਕਸ਼ੇ ਵੀ ਸ਼ਾਮਿਲ ਸਨ, ਨੂੰ ਇਕਸਾਰ ਤਰੀਕੇ ਨਾਲ ਤਬਾਹ ਕੀਤਾ ਗਿਆ।

ਕਤਲ ਅਤਿਅੰਤ ਜਾਲਮਾਨਾਂ ਤਰੀਕੇ ਨਾਲ ਕੀਤੇ ਗਏ। ਇੱਕ ਸਿੱਖ ਨੂੰ ਕਾਰ ਵਿਚ ਸੁਟਕੇ ਅੱਗ ਲਗਾ ਦਿੱਤੀ ਗਈ। ਹੋਰ ਕਈਆ ਨੂੰ ਸੱਟਾਂ ਮਾਰੀਆਂ ਗਈਆਂ, ਜਮੀਨ ਤੇ ਸੁੱਟਿਆ ਗਿਆ ਅਤੇ ਬਾਅਦ ਵਿਚ ਤੇਲ ਪਾ ਕੇ ਅੱਗ ਲਗਾ ਦਿਤੀ ਗਈ।

ਇਕ ਗਰਭਵਤੀ ਔਰਤ ਨੂੰ ਛੁਰਾ ਮਾਰਿਆ ਗਿਆ ਅਤੇ ਕੁਝ ਔਰਤਾਂ ਨਾਲ ਜਬਰ ਜਿਨਾਂਹ ਕੀਤੇ ਜਾਣ ਦੀ ਖਬਰ ਵੀ ਮਿਲੀ।ਘਟਨਾਵਾ ਦਾ ਹੈ-ਬਹੂ ਵੇਰਵਾ ਸਾਡੀ ਟੀਮ ਦੇ ਉਨ੍ਹਾਂ ਮੈਂਬਰਾਂ ਕੋਲ ਮੌਜੂਦ ਹੈ ਜਿਨ੍ਹਾਂ ਨੇ ਸ਼ਕਰਪੁਰ (ਰਾਣੀਬਾਗ) ਰਿਲੀਫ ਕੈਂਪ ਦਾ ਦੌਰਾ ਕੀਤਾ।

ਸੁਲਤਾਨਪੁਰੀ ਕਤਲੇਆਮ ਦੇ ਸ਼ਿਕਾਰ ਵਿਅਕਤੀਆਂ ਲਈ ਲਾਏ ਸ਼ਕਰਪੁਰ ਕੈਂਪ ਦੇ ਵੱਡੇ ਹਾਲ ਵਿਚ ਔਰਤਾਂ ਅਤੇ ਬੱਚੇ ਗੁਛਾ-ਮੁੱਛਾ ਹੋਏ ਬੈਠੇ ਸਨ ਡਰ ਅਤੇ ਸੋਗ ਉਨ੍ਹਾਂ ਦੇ ਰੋਮ-ਰੋਮ ਤੇ ਉਕਰਿਆ ਹੋਇਆ ਸੀ। ਇਨ੍ਹਾਂ ਵਿਚ ਦਸ ਸਾਲਾਂ ਤੋਂ ਵੱਧ ਉਮਰ ਦਾ ਇਕ ਵੀ ਲੜਕਾ ਨਹੀਂ ਸੀ ਅਤੇ ਲੜਕੇ ਵੈਸੇ ਵੀ ਬਹੁਤ ਘੱਟ ਸਨ। ਹਰੇਕ ਸਮੂਹ ਵਿਚ ਵਡੇਰੀ ਉਮਰ ਦੀਆਂ ਔਰਤਾ, ਤਿੰਨ ਚਾਰ ਵਿਧਵਾ ਔਰਤਾਂ, ਕੁਝ ਨੌਜਵਾਨ ਕੁੜੀਆਂ ਅਤੇ ਬਾਕੀ ਦੁੱਧ ਪੀਂਦੇ ਬੱਚਿਆਂ ਤੋਂ ਲੈ ਕੇ ਦਸ ਸਾਲਾਂ ਦੀ ਉਮਰ ਤੱਕ ਦੇ ਬੱਚੇ ਸਨ। ਇਕ ਘਰ ਦੇ 18 ਲੋਕ ਬਿਲਕੁਲ ਹੀ ਨਿਆਸਰਾ ਹੋ ਗਏ, ਕਿਉਂਕਿ ਇਕ ਵੀ ਕਮਾਊ ਆਦਮੀ ਨਹੀਂ ਸੀ ਬਚਿਆ। ਸਾਰੇ ਹੀ ਬਾਲਗ ਮਰਦ ਕਤਲ ਕਰ ਦਿੱਤੇ ਗਏ ਸਨ। ਦੋ ਜਵਾਨ ਔਰਤਾਂ ਕੋਲ ਨਵ-ਜੰਮੇ ਬਾਲ ਸਨ, ਇਕ ਛੈ ਦਿਨ ਦੀ ਉਮਰ ਦਾ (ਜੋ ਕਤਲਾ ਤੋਂ ਇਕ ਦਿਨ ਪਹਿਲਾ ਜਨਮਿਆ ਸੀ) ਅਤੇ ਦੂਜਾ, ਦਸ ਦਿਨ ਦੀ ਉਮਰ ਦਾ। ਉਹ ਆਪਣੇ ਬੱਚਿਆਂ ਨੂੰ ਬਾਹਵਾਂ ਵਿਚ ਲਈ ਖਿਲਾਹ ਵਿਚ ਖਾਲੀ ਖਾਲੀ ਝਾਕ ਰਹੀਆਂ ਸਨ ਅਤੇ ਇੰਨੀਆਂ ਬੌਂਦਲੀਆਂ ਹੋਈਆਂ ਸਨ ਕਿ ਉਹ ਰੋ ਜਾਂ ਬੋਲ ਨਹੀਂ ਸਕਦੀਆਂ ਸਨ। ਪਰੰਤੂ ਵਡੇਰੀ ਉਮਰ ਦੀ ਔਰਤ ਜਿਸ ਨੇ ਆਪਣੇ ਪਤੀ ਅਤੇ ਤਿੰਨ ਪੁੱਤਰ ਗੁਆ ਲਏ ਸਨ ਨੇ ਆਪਣੇ ਦੁੱਖ ਨੂੰ ਕੁੜਿੱਤਣ ਭਰੀ ਹਵਾ ਦਿੱਤੀ, "ਅਬ ਤੋਂ ਸਭ ਸੇ ਕੈਸੇ ਯੇ ਹੋਗਾ ਕਿ ਆਪ ਹਮ ਸਭ ਕੋ ਜ਼ਹਿਰ ਦਿਲਾ ਦੋ, ਅਬ ਹਮ ਜੀ ਨਹੀਂ ਸਕਤੇ, ਕੈਸੇ ਜੀਏਂਗੇ, ਕਿਸ ਦੇ ਲੀਏ ਜੀਏਂਗੇ?" ਉਹ ਉਥੇ ਮੌਜੂਦ ਔਰਤਾਂ ਦੇ ਜਜ਼ਬਾਤਾਂ ਦੀ ਆਵਾਜ਼ ਸੀ, ਜਿਨ੍ਹਾਂ ਸਾਰੀਆਂ ਨੇ ਆਪਣੇ ਮਰਦਾਂ ਨੂੰ ਟੋਟੇ ਹੁੰਦੇ, ਅਤੇ ਤੇਲ ਪਾਕੇ ਲਾਂਬੂ ਲਗਦੇ ਵੇਖਿਆ ਸੀ। ਇਸ ਵਹਿਸ਼ੀ ਕਤਲੇਆਮ ਤੋਂ ਪਿਛੋਂ ਇਨ੍ਹਾਂ ਵਿਚੋਂ ਕੋਈ ਵੀ ਆਪਣੇ ਪਹਿਲੇ ਘਰਾਂ ਨੂੰ ਪਰਤਣ ਲਈ ਰਾਜ਼ੀ ਨਹੀਂ ਸੀ ਉਹ ਇਸ ਬਾਰੇ ਸੋਚ ਵੀ ਕਿਵੇਂ ਸਕਦੇ ਸਨ ਜਦ ਤੱਕ ਕਿ ਦੋਸ਼ੀਆ ਨੂੰ ਪਛਾਣ ਕੇ ਸਜ਼ਾ ਨਾ ਦਿਤੀ ਜਾਵੇ।

ਪਹਿਲਾਂ ਲੁਟਮਾਰ, ਫੇਰ ਸਾੜਫੂਕ



ਜਿਨ੍ਹਾਂ ਬਲਾਕਾਂ ਵਿਚ ਵਧ ਤਬਾਹੀ ਹੋਈ, ਉਹ ਸਨ: ਏ-4 (65 ਮਰੇ, 15 ਲਾਪਤਾ) ਪੀ- 1-2 ਅਤੇ 3 (31 ਮਰੇ 5 ਲਾਪਤਾ) ਅਤੇ ਸੀ-3 ਅਤੇ 4। ਕੈਂਪ ਨੂੰ ਦੋ ਦਾ ਹਿਸਾਬ ਕਿਤਾਬ ਲਾਇਆ ਗਿਆ ਜਿਸ ਵਿਚ ਮੁੱਖ ਤੌਰ ਤੇ ਸੁਲਤਾਨਪੁਰੀ ਦੇ ਬਚੇ (2000 ਦੇ ਕਰੀਬ ਲੋਕ ਸਨ) ਇਸ ਇਕੱਲੇ ਸਮੂਹ ਦੇ ਅੰਕੜੇ ਇਸ ਪ੍ਰਕਾਰ ਹਨ: 157 ਮਰੇ, 25 ਜ਼ਖਮੀ ਅਤੇ 52 ਲਾਪਤਾ। ਇਸ ਦਾ ਅਰਥ ਹੈ ਕਿ ਔਸਤਾਨ ਹਰ ਦੂਜੇ ਪਰਿਵਾਰ ਵਿਚੋਂ ਘੱਟੋ ਘੱਟ ਇਕ ਜੀਅ ਮਾਰਿਆ ਗਿਆ। ਇਕ ਮਾਹਿਰ ਦੇ ਅਨੁਸਾਰ ਅਜੀਬ ਗੱਲ ਹੈ ਕਿ ਜ਼ਖਮੀਆਂ ਦੀ ਗਿਣਤੀ ਮਰਿਆਂ ਦੀ ਗਿਣਤੀ ਦੇ ਮੁਕਾਬਲੇ ਬਹੁਤ ਘੱਟ ਹੈ। ਹਜੂਮ ਦੀ ਭੜਕਹਾਟ ਕਾਰਨ ਲੁੱਟ ਮਾਰ ਦੀਆਂ ਘਟਨਾਵਾਂ ਵਿਚ ਜ਼ਖਮੀਆਂ ਦੀ ਗਿਣਤੀ ਆਮ ਤੌਰ ਤੇ ਬਹੁਤ ਜਿਆਦਾ ਹੁੰਦੀ ਹੈ। ਇਸ ਤੋਂ ਸਪੱਸ਼ਟ ਹੁੰਦਾ ਹੈ ਕਿ ਹਮਲਾ ਕਰਨ ਵਾਲੇ ਕੋਈ ਗੈਰ-ਜਥੇਬੰਦ ਨਹੀਂ ਸਨ।

ਮਾਮਲਾ, 1-2 ਨਵੰਬਰ ਦੀਆਂ ਘਟਨਾਵਾਂ ਨਾਲ ਹੀ ਖਤਮ ਨਹੀਂ ਹੋਇਆ ਅਗਲੇ ਦੋ ਦਿਨਾਂ ਦੌਰਾਨ, ਤਿੰਨ ਅਤੇ ਚਾਰ ਨਵੰਬਰ, ਸਨਿਚਰਵਾਰ ਅਤੇ ਐਤਵਾਰ ਨੂੰ ਐਸ. ਐਚ. ਓ. ਦੁਆਰਾ ਹਾਲ ਵਿਚ ਇਕ ਨਾਈ ਮੰਗਵਾਇਆ ਗਿਆ ਦੱਸਿਆ ਜਾਂਦਾ ਹੈ, ਜਿਥੇ ਕਿ ਸਿੱਖਾਂ ਨੂੰ ਕੱਢਣ ਤੋਂ ਪਹਿਲਾਂ ਤਾੜਿਆ ਹੋਇਆ ਸੀ। ਹਰੇਕ ਨੂੰ ਵਾਲ ਕਟਵਾਉਣ ਲਈ ਮਜਬੂਰ ਕੀਤਾ ਅਤੇ 21 ਰੁਪਏ ਪ੍ਰਤੀ ਵਿਅਕਤੀ ਦੁਆਏ ਗਏ। ਉਨ੍ਹਾਂ ਨੂੰ ਧਮਕਾਇਆ ਗਿਆ ਕਿ ਜੇ ਉਹ ਨਾ ਮੰਨੇ ਤਾਂ ਉਹਨ੍ਹਾਂ ਨੂੰ ਗੋਲੀ ਮਾਰ ਦਿਤੀ ਜਾਵੇਗੀ। ਇਹ ਦੱਸਿਆ ਜਾਂਦਾ ਹੈ ਕਿ ਨਾਈ ਨੇ 500 ਰੁਪਏ ਖਰੇ ਕੀਤੇ।

ਤਿੰਨ ਦਿਨਾਂ ਤੋਂ ਬਾਅਦ ਉਥੋਂ ਕੱਢਣ ਤੋਂ ਪਹਿਲਾਂ ਤਕਰੀਬਨ 5000 ਸਿੱਖ ਇਕੋਂ ਥਾਂ ਤੇ ਹੀ ਤੂੜੇ ਪਏ ਸਨ। 800 ਦੇ ਕਰੀਬ ਅਜੇ ਵੀ ਸੁਲਤਾਨਪੁਰੀ ਵਿਖੇ ਫੌਜੀ ਹਿਫਾਜਤ 'ਚ ਹਨ। ਅੱਠ ਨਵੰਬਰ ਵੀਰਵਾਰ, ਦਹਿਸ਼ਤ ਸ਼ੁਰੂ ਹੋਣ ਤੋਂ ਪੂਰਾ ਇਕ ਹਫਤਾ ਬਾਅਦ ਤੱਕ ਵੀ ਫੌਜ ਉਨ੍ਹਾਂ ਲਈ ਲੋੜੀਂਦੇ ਭੋਜਨ ਦਾ ਇੰਤਜਾਮ ਕਰਨ ਦਾ ਯਤਨ ਕਰ ਰਹੀ ਸੀ। ਕੈਂਪ ਨੰ: 2 ਵਿਚਲੇ ਬਚੇ ਲੋਕ, ਸਿਰਫ ਕੁਝ ਇਕ ਨੂੰ ਛੱਡ ਕੇ, ਆਪਣੇ ਘਰਾਂ ਨੂੰ ਵਾਪਸ ਨਹੀਂ ਸਨ ਜਾਣਾ ਚਾਹੁੰਦੇ ਦੱਸਣ ਅਨੁਸਾਰ 2000 ਵਿਚੋਂ ਸਿਰਫ 100 ਹੀ ਇਸ ਕੈਂਪ ਵਿਚੋਂ ਵਾਪਸ ਗਏ। ਉਨ੍ਹਾਂ ਵਿਚੋਂ 20 ਆਦਮੀ 9 ਨਵੰਬਰ ਤੱਕ ਵਾਪਿਸ ਆ ਗਏ। ਇਥੋਂ ਤੱਕ ਕਿ ਕੈਂਪ ਦੇ ਵਿਚ ਵੀ ਉਹ ਅਸੁਰੱਖਿਅਤ ਮਹਿਸੂਸ ਕਰ ਰਹੇ ਸਨ।

ਉਹ ਜਮਾਂਦਾਰ ਜਿਨ੍ਹਾਂ ਨੇ ਕੁਝ ਦਿਨ ਪਹਿਲਾ ਉਨ੍ਹਾਂ ਦੇ ਘਰ ਲੁੱਟੇ ਸਨ ਅਤੇ ਉਨ੍ਹਾਂ ਦੇ ਪਤੀਆਂ ਅਤੇ ਪੁੱਤਰਾਂ ਨੂੰ ਮਾਰਿਆ ਸੀ, ਸੋਚੇ ਸਮਝੇ ਮਕਸਦ ਅਧੀਨ

(ਬਾਕੀ ਪੰਨਾ 12 ਤੇ)

(ਪੰਨਾ 10 ਦੀ ਬਾਕੀ)

ਸੁਤੰਤਰਤਾ-ਪਰਾਪਤੀ ਦੇ ਮੌਕੇ ਅੱਤਵਾਦੀ ਆਪਣੇ ਮਨਸੂਬੇ ਵਿਚ ਅਸਫਲ ਰਹੇ, ਪਰ ਉਨ੍ਹਾਂ ਨੇ ਆਪਣੇ ਜਤਨ ਢਿੱਲੇ ਨਹੀਂ ਸਨ ਕੀਤੇ। ਬਹੁਤੇ ਸਿਖ ਅਜੇ ਉਨ੍ਹਾਂ ਦੀ ਵਿਉਂਤਕਾਰੀ ਦਾ ਸ਼ਿਕਾਰ ਨਹੀਂ ਸਨ ਹੋਏ ਪਰ ਅੱਤਵਾਦੀ ਹਿੰਦੂਆਂ ਨੇ ਉਨ੍ਹਾਂ ਦੇ ਮਨਾਂ ਵਿਚ ਸ਼ੱਕ ਸੰਦੇਹ ਦੇ ਬੀ ਬੀਜ ਦਿਤੇ ਹੋਏ ਸਨ।

ਬਹੁਤ ਸਾਰੇ ਹਿੰਦੂਆਂ ਨੇ 1951 ਦੀ ਮਰਦੁਮ ਸ਼ੁਮਾਰੀ ਵਿਚ ਆਪਣੀ ਮਾਂ ਬੋਲੀ ਹਿੰਦੀ ਲਿਖਵਾਈ ਸੀ। ਸਿਖ ਅੱਤਵਾਦੀ ਪ੍ਰਾਪਾਗੰਡਾ ਇਹ ਸੀ ਕਿ ਜੇ ਉਨ੍ਹਾਂ ਨੂੰ ਆਪਣੀ ਮਾਂ-ਬੋਲੀ ਨੂੰ ਹੀ ਤਲਾਂਜਲੀ ਦੇਣ ਲਈ ਪਰੇਰਿਆ ਜਾ ਸਕਦਾ ਹੈ, ਬੋਲੀ ਜੋ ਉਹ ਬੋਲਦੇ ਹਨ, ਤਾਂ ਉਹ ਸਿੱਖਾਂ ਨਾਲ ਕਦੇ ਵੀ ਨਿਆਂ ਨਹੀਂ ਕਰ ਸਕਣਗੇ; ਇਸ ਦਲੀਲ ਨੂੰ ਸੁਣ ਕੇ ਔਸਤ ਸਿਖ ਸੋਚਣ ਲੱਗ ਪਿਆ ਕਿ ਜਿਹੜੇ ਲੋਕ ਆਪਣੀ ਮਾਂ-ਬੋਲੀ ਤੋਂ ਹੀ ਮੁਨਕਰ ਹੋਣ ਦੀ ਹੱਦ ਤਕ ਜਾ ਸਕਦੇ ਹਨ ਕਿਉਂਜ ਇਹ ਸਿੱਖਾਂ ਦੀ ਬੋਲੀ ਹੈ, ਕਿ ਉਹ ਉਨ੍ਹਾਂ ਨਾਲ ਸ਼ਾਮਿਲ ਹੋ ਸਕਦੇ ਹਨ।

20 ਸਤੰਬਰ ਨੂੰ ਭਿੰਡਰਾਂਵਾਲੇ ਨੇ ਆਪਣੇ ਆਪ ਨੂੰ ਗਰਿਫਤਾਰੀ ਲਈ ਪੇਸ਼ ਕੀਤਾ ਤਾਂ ਲੋਕਾਂ ਦਾ ਵਡਾ ਜੋੜਮੇਲਾ ਸੀ। ਉਹ ਪਬਲਿਸਿਟੀ ਚਾਹੁੰਦਾ ਸੀ ਤੇ ਸਰਕਾਰ ਨੇ ਇਸ ਵਿਚ ਉਹਦੀ ਸਹਾਇਤਾ ਕੀਤੀ; ਇਹ ਝਾਕੀ ਸੁਤੰਤਰਤਾ—ਪਰਾਪਤੀ ਤੋਂ ਪਹਿਲਾਂ ਦੇ ਚੇਤੇ ਸਜਰਾਉਂਦੀ ਸੀ ਜਦੋਂ ਕਈ ਕਾਂਗਰਸੀ ਆਗੂ ਹਜ਼ਾਰਾਂ ਲੋਕਾਂ ਦੇ ਸਾਹਮਣੇ ਪੁਲਸ ਨੂੰ ਆਤਮ-ਸਮਰਪਣ ਕੀਤਾ ਕਰਦੇ ਸਨ।

ਉਹਦੀ ਗਰਿਫਤਾਰੀ ਨੇ ਪੁਲਸ ਅਤੇ ਇਕੱਠੇ-ਹੋਏ ਲੋਕਾਂ ਵਿਚਕਾਰ ਝੜਪ ਭੜਕਾ ਦਿਤੀ; ਉਸ ਤਮਾਸ਼ੇ ਦਾ, ਜੀਹਦਾ ਪ੍ਰਬੰਧ ਸਰਕਾਰ ਨੇ ਕੀਤਾ ਸੀ, ਭੋਗ ਇਸ ਤਰ੍ਹਾਂ ਹੀ ਪੈਣਾ ਸੀ। ਪੁਲਿਸ ਫਾਇਰਿੰਗ ਵਿਚ ਲਗਭਗ ਦਰਜਨ ਸਿਖ ਮਾਰੇ ਗਏ।

ਭਿੰਡਰਾਂਵਾਲੇ ਦੀ ਗਰਿਫਤਾਰੀ ਨੇ ਉਹਨੂੰ ਅਨੇਕਾਂ ਸਿੱਖਾਂ ਦੀਆਂ ਨਜ਼ਰਾਂ ਵਿਚ ਹੀਰੋ ਬਣਾ ਦਿਤਾ ਵਧੇਰੇ ਇਸ ਕਰਕੇ ਕਿਉਂਜ ਹਿੰਦੂ ਪਰੈੱਸ ਨੇ ਸਿਖ ਸ਼ਾਵਨਵਾਦ ਦੇ ਮੁਖ ਪ੍ਰਤੀਨਿਧ ਵਜੋਂ ਉਹਦੇ ਤੇ ਹੀ ਹਮਲੇ ਕਰਨੇ ਸ਼ੁਰੂ ਕਰ ਦਿਤੇ ਹੋਏ ਸਨ।

ਸਿੱਖਾਂ ਵਿਚ, ਖਾਸ ਕਰ ਕੇ ਨੌਜਵਾਨਾਂ ਵਿਚ, ਭਿੰਡਰਾਂਵਾਲੇ ਦੀ ਤਕੜੀ ਹਿਮਾਇਤ ਨੂੰ ਭਾਂਪਦਿਆ, ਨੌਜਵਾਨ ਜਿਨ੍ਹਾਂ ਵਿਚੋਂ ਕੁਝ 29 ਸਤੰਬਰ ਨੂੰ ਰੋਸ ਵਜੋਂ ਇੰਡੀਅਨ ਏਅਰ-ਲਾਈਨਜ਼ ਦੇ ਇਕ ਹਵਾਈ ਜਹਾਜ਼ ਦਾ ਅਪਹਰਣ ਕਰਕੇ ਲਾਹੌਰ ਲੈ ਗਏ ਸਨ, ਅਕਾਲੀਆਂ ਨੇ ਭਿੰਡਰਾਂਵਾਲੇ ਦੀ ਰਿਹਾਈ ਦੀ ਮੰਗ ਕੀਤੀ। ਉਹ ਇਸ ਰਾਜਸੀ ਵਰਤਾਰੇ ਦਾ ਲਾਭ ਉਠਾਉਣਾ ਚਾਹੁੰਦੇ ਸਨ, ਉਹ ਸਿੱਖਾਂ ਨੂੰ ਦਸਣਾ ਚਾਹੁੰਦੇ ਸਨ ਕਿ ਉਹ ਉਨ੍ਹਾਂ ਲਈ ਅਜਨਬੀ ਨਹੀਂ ਹੈ। ਉਨ੍ਹਾਂ ਦੀਆਂ ਨਜ਼ਰਾਂ ਭਵਿੱਖ ਉਪਰ ਵੀ ਟਿਕੀਆ ਹੋਈਆਂ ਸਨ ਜਦੋਂ ਉਨ੍ਹਾਂ ਨੇ ਹਕੂਮਤ ਨੂੰ ਡਰਾਉਣ ਲਈ ਤੇ ਆਪਣੀਆਂ ਮੰਗਾਂ ਮੰਨਵਾਉਣ ਲਈ ਇਕ ਡੰਡੇ ਵਜੋਂ ਉਹਦੀ ਵਰਤੋਂ ਕਰਨੀ ਸੀ। ਅਕਾਲੀ ਜਾਣਦੇ ਸਨ ਕਿ ਗਿਆਨੀ ਜ਼ੈਲ ਸਿੰਘ ਭਿੰਡਰਾਂਵਾਲੇ ਨਾਲ ਆਪਣੇ ਸੰਬੰਧ ਤੋੜ ਚੁਕਿਆ ਹੋਇਆ ਹੈ ਜਿਹੜਾ ਹੁਣ ਬਹੁਤ ਹੀ ਵਿਵਾਦੀ ਵਿਅਕਤੀ ਬਣ ਗਿਆ ਹੋਇਆ ਸੀ। ਇਹਦੀ ਪੁਸ਼ਟੀ ਉਨ੍ਹਾਂ ਪੱਤਰਾਂ ਤੋਂ ਹੁੰਦੀ ਹੈ ਜੋ ਜ਼ੈਲ ਸਿੰਘ ਨੇ ਉਹਨੀਂ ਦਿਨੀਂ ਦਰਬਾਰਾ ਸਿੰਘ ਨੂੰ ਲਿਖੇ, ਤੇ ਜਿਨ੍ਹਾਂ ਵਿਚ ਭਿੰਡਰਾਂਵਾਲੇ ਤੇ ਉਹਦੇ ਨਿਕਟ-ਵਰਤੀ ਸਾਥੀਆਂ ਨੂੰ ਗਰਿਫਤਾਰ ਕਰਨ ਵਿਚ ਸਹਾਇਤਾ ਚਾਹੀ ਗਈ ਸੀ।

ਸਰਕਾਰ ਨੇ ਭਿੰਡਰਾਂਵਾਲੇ ਨੂੰ ਬਿਨਾਂ-ਸ਼ਰਤ ਰਿਹਾ ਕਰ ਦਿਤਾ।

(ਚਲਦਾ)

(ਪੰਨਾ 11 ਦੀ ਬਾਕੀ)

ਸਫਾਈ ਦਾ ਕੰਮ ਕਰਨ ਲਈ ਕੈਂਪਾਂ ਵਿਚ ਵੜਨ ਵਿਚ ਸਫਲ ਹੋ ਗਏ। ਇਹ ਲੋਕ ਉਨ੍ਹਾਂ ਤੇ ਅੱਖ ਰੱਖ ਰਹੇ ਹਨ ਤੇ ਉਹਨਾਂ ਦੀ ਤੋੜਾਫੋੜੀ ਤੇ ਜਸੂਸੀ ਦਾ ਕੰਮ ਕਰ ਰਹੇ ਹਨ।

2. ਮੰਗੋਲਪੁਰੀ

ਇਥੇ ਘਲੂਘਾਰੇ ਦਾ ਕੇਂਦਰ ਪੱਛਮੀ ਦਿੱਲੀ ਦੀ ਮੰਗੋਲਪੁਰੀ ਵਿਚ ਝੁੱਗੀ ਝੌਂਪੜੀ ਕਲੋਨੀ ਸੀ, ਜਿਥੇ ਕਿ ਕੁਝ ਬਲਾਕਾਂ ਵਿਚ ਸਿੱਖਾਂ ਦੀ ਗਿਣਤੀ ਕਾਫੀ ਜਿਆਦਾ ਹੈ।

ਗੜਬੜ ਪਹਿਲੀ ਨਵੰਬਰ ਦੀ ਸ਼ਾਮ ਨੂੰ ਸ਼ੁਰੂ ਹੋਈ ਜਦੋਂ ਕਿ ਇਕ ਪੁਲੀਸ ਦੀ ਵੈਨ ਜੀ ਬਲਾਕ ਆਈ ਤੇ ਐਲਾਨ ਕੀਤਾ ਕਿ ਪਾਣੀ ਵਿਚ ਜ਼ਹਿਰ ਮਿਲਾ ਦਿਤਾ ਗਿਆ ਸੀ। ਦੋ ਹੋਰ ਅਫਵਾਹਾਂ ਕਿ ਸਿੱਖ ਸ੍ਰੀਮਤੀ ਇੰਦਰਾ ਗਾਂਧੀ ਦੀ ਮੌਤ ਤੇ ਮਠਿਆਈ ਵੰਡ ਕੇ ਖੁਸ਼ੀਆਂ ਮਨਾ ਰਹੇ ਹਨ ਅਤੇ ਹਿੰਦੂਆਂ ਦੀਆਂ ਲਾਸ਼ਾਂ ਪੰਜਾਬ ਵਿਚੋਂ ਗੱਡੀਆਂ ਰਾਹੀਂ ਦਿੱਲੀ ਪਹੁੰਚੀਆਂ ਹਨ, ਵੀ ਆਮ ਪ੍ਰਚੱਲਤ ਸਨ।

ਹੋਣ ਵਾਲੀਆਂ ਸੰਭਵ ਘਟਨਾਵਾਂ ਨੂੰ ਖਿਆਲ ਵਿਚ ਰਖ ਕੇ ਕਾਫੀ ਸਿੱਖਾਂ ਨੂੰ ਪੁਲੀਸ ਕੋਲ ਸਹਾਇਤਾ ਲਈ ਪਹੁੰਚ ਕੀਤੀ। ਇਕ ਬਚੀ ਹੋਈ ਔਰਤ ਜਿਸ ਨੂੰ ਕਿ ਅਸੀਂ ਬਾਅਦ ਵਿਚ ਪੰਜ ਨਵੰਬਰ ਨੂੰ ਸ਼ਕਰਪੁਰ ਸਹਾਇਤਾ ਕੈਂਪ ਵਿਚ ਮਿਲੇ, ਨੇ ਸਾਨੂੰ ਦੱਸਿਆ ਕਿ ਜਦੋਂ ਉਹ ਥਾਣੇ ਵਿਚ ਸੁਰੱਖਿਆ ਲਈ ਗਈ ਤਾਂ ਪੁਲੀਸ ਨੇ ਕਿਹਾ, "ਅਸੀਂ ਕੁਝ ਨਹੀਂ ਕਰ ਸਕਦੇ ਤੁਸੀਂ ਹੁਣ ਆਪਣਾ ਬਚਾ ਆਪ ਕਰੋ।" ਬਾਅਦ ਵਿਚ ਫਸਾਦਾਂ ਦੌਰਾਨ ਬਦਮਾਸ਼ਾਂ ਨੂੰ ਸਿੱਖਾਂ ਦੇ ਘਰਾਂ ਨੂੰ ਅੱਗਾਂ ਲਾਉਣ ਲਈ ਪੁਲੀਸ ਦੀਆਂ ਗੱਡੀਆਂ ਵਿਚੋਂ ਡੀਜ਼ਲ ਦੀ ਵਰਤੋਂ ਕਰਦੇ ਵੇਖਿਆ ਗਿਆ। ਬਲਾਕ ਐਕਸ ਵਿਚ ਬਚੇ ਹੋਏ ਲੋਕਾਂ ਦੇ ਇਕ ਗਰੁਪ ਨੇ ਸਾਨੂੰ ਦੱਸਿਆ ਕਿ ਪੁਲੀਸ ਨੇ ਉਨ੍ਹਾਂ ਨੂੰ ਘਰਾਂ ਤੋਂ ਇਹ ਦਲੀਲ ਦੇ ਕੇ ਕੱਢਿਆ ਕਿ ਉਨ੍ਹਾਂ ਨੂੰ ਬਚਾਉਣ ਲਈ ਆਏ ਹਨ ਅਤੇ ਬਾਅਦ ਵਿਚ ਉਨ੍ਹਾਂ ਨੂੰ ਭੀੜ ਦੇ ਹਵਾਲੇ ਕਰ ਦਿੱਤਾ।


ਬਚੇ ਹੋਏ ਲੋਕਾਂ ਦੇ ਦੱਸਣ ਅਨੁਸਾਰ ਹਮਲਾਵਰ ਲਾਗਲੇ ਪਿੰਡਾਂ ਦੇ ਜਾਟ ਸਨ, ਜਿਨ੍ਹਾਂ ਦਾ ਸਾਥ ਬਸਤੀ ਦੇ ਹਰੀਜਨ ਦੇ ਰਹੇ ਸਨ। ਭੀੜ ਵਿਚ ਉਸੇ ਕਿਸਮ ਦੇ ਲੋਕ ਸਨ ਜਿਹੋ ਜਿਹੇ ਅਸੀਂ ਤਿਰਲੋਕਪੁਰੀ ਵਿਚ ਦੇਖੇ ਸਨ। ਅੱਗ ਲਾਉਣ ਵਾਲਿਆਂ ਦੇ ਆਲੇ ਦੁਆਲੇ ਕਾਂਗਰਸ (ਆਈ) ਦੇ ਆਗੂ ਜੀਪਾਂ ਅਤੇ ਹੋਰ ਗੱਡੀਆਂ ਵਿਚ ਮੰਡਰਾ ਰਹੇ ਸਨ। ਬਚ ਨਿਕਲਣ ਵਾਲਿਆਂ ਨੇ, ਮਾਲਾ ਰਾਮ, ਸਥਾਨਕ ਕਾਂਗਰਸ (ਆਈ) ਆਗੂ ਜੋ ਕਿ 300 ਦੇ ਕਰੀਬ ਲੋਕਾਂ ਨਾਲ ਆਇਆ ਅਤੇ ਖੁਦ ਅੱਗਾਂ ਲਾਉਣ, ਲੁਟਣ ਅਤੇ ਕਤਲ ਕਰਨ ਵਾਲਿਆਂ ਦੀ ਅਗਵਾਈ ਕਰਦਾ ਰਿਹਾ, ਦੀ ਸ਼ਨਾਖਤ ਕੀਤੀ। ਈਸ਼ਵਰ ਸਿੰਘ ਸਲੀਮ, ਕੁਰੈਸ਼ੀ ਅਤੇ ਸ਼ੌਕੀਨ (ਵਕਫ ਕਲੱਬ ਦੇ ਕਾਂਗਰਸ ਆਈ ਨਾਲ ਸਬੰਧ ਰੱਖਣ ਵਾਲੇ) ਅਤੇ ਰਾਜਿੰਦਰ ਸਿੰਘ ਜਾਣਿਆ-ਪਛਾਣਿਆ ਕਾਂਗਰਸ (ਆਈ) ਦਾ ਸਰਗਰਮ ਕਾਰਕੁਨ ਸਭਨਾਂ ਨੂੰ ਇਧਰ ਉਧਰ ਜਾਂਇਆ, ਭੀੜ ਨੂੰ ਹਦਾਇਤਾਂ ਦਿੰਦਿਆਂ, ਮਿੱਟੀ ਦਾ ਤੇਲ ਮੁਹੱਈਆ ਕਰਦਿਆ ਅਤੇ ਸਿੱਖਾਂ ਦੇ ਘਰ ਦੱਸਦਿਆਂ ਵੇਖਿਆ ਗਿਆ।

ਇਕ ਇਕੱਲਾ ਨਾਮ, ਜਿਹੜਾ ਕਿ ਜਿਥੇ ਵੀ ਅਸੀਂ ਮੰਗਲੋਰਪੁਰੀ ਦੇ ਵਸਨੀਕਾਂ ਨਾਲ ਗਲਬਾਤ ਕਰਨ ਗਏ ਬਾਰ ਬਾਰ ਉਭਰਿਆ, ਉਹ ਕਾਂਗਰਸ (ਆਈ) ਦਾ ਐਮ. ਪੀ. ਸੱਜਣ ਕੁਮਾਰ ਸੀ। ਲੱਗ ਭੱਗ ਇਕੋ ਆਵਾਜ਼ ਵਿਚ ਉਹਨਾਂ ਦੋਸ਼ ਲਗਾਇਆ ਕਿ ਉਸ ਨੇ 100 ਰੁਪਏ ਅਤੇ ਸ਼ਰਾਬ ਦੀ ਇਕ ਬੋਤਲ ਹਰ ਇਕ ਆਦਮੀ ਨੂੰ ਇਸ ਕਤਲੋ-ਗਾਰਤ ਵਿਚ ਹਿਸਾ ਲੈਣ ਲਈ ਦਿਤੀ। ਮੰਗੋਲਪੁਰੀ ਦੇ ਬਚੇ ਸਿੱਖਾਂ ਵਿਚ ਉਸ ਪ੍ਰਤੀ ਨਫਰਤ ਦੀ ਭਾਵਨਾ ਬਿਲਕੁਲ ਸਪੱਸ਼ਟ ਸੀ। ਜਦੋਂ ਸੱਜਨ ਕੁਮਾਰ ਨੇ 4 ਨਵੰਬਰ ਨੂੰ ਮੰਗੋਲਪੁਰੀ ਪੁਲੀਸ ਸਟੇਸ਼ਨ ਦਾ ਦੌਰਾ ਕੀਤਾ ਜਿਥੇ ਕਿ ਬਚੇ ਹੋਏ ਸਿੱਖ ਸ਼ਰਨਾਰਥੀ ਕੈਂਪਾਂ ਵਿਚ ਜਾਣ ਲਈ ਇੰਤਜਾਰ ਕਰ ਰਹੇ ਸਨ, ਸਾਡੀ ਟੀਮ ਦੇ ਮੈਂਬਰ ਵੀ ਉਥੇ ਹਾਜ਼ਰ ਸਨ ਜਦੋਂ ਸਿੱਖਾਂ ਨੇ ਉਸ ਨੂੰ ਖੁਲਮ-ਖੁੱਲਾ ਗਾਲ੍ਹਾਂ ਕੱਢੀਆਂ ਅਤੇ ਉਸ ਨੂੰ ਇਸ ਕਤਲੇਆਮ ਲਈ ਜਿੰਮੇਵਾਰ ਠਹਿਰਾਇਆ। ਕਾਂਗਰਸ (ਆਈ) ਦੇ ਇਸ ਐਮ. ਪੀ. ਨੇ ਉਹਨਾਂ ਨੂੰ ਆਪਣੀ ਬੁਗੁਨਾਹੀ ਬਾਰੇ ਦਲੀਲ ਦਿੰਦੇ ਹੋਏ ਸ਼ਾਂਤ ਕਰਨ ਦੀ ਕੋਸ਼ਿਸ ਕੀਤੀ। "ਮੇਰੀ ਪਾਰਟੀ ਤੁਹਾਨੂੰ ਕਿਉਂ ਮਾਰੇਗੀ। ਤੁਸੀਂ ਤਾਂ ਕਾਂਗਰਸ (ਆਈ) ਦੇ ਸਮਰਥਕ ਹੋ" ਉਸਨੇ ਸਾਰਾ ਦੋਸ਼ ਲੈਫਟੀਨੈਂਟ ਗਵਰਨਰ ਦੇ ਸਿਰ ਮੜ੍ਹਿਆ, ਜਿਸ ਨੂੰ ਇਕ ਦਿਨ ਪਹਿਲਾਂ ਹੀ ਬਦਲ ਦਿੱਤਾ ਗਿਆ ਸੀ। ਕੁਝ ਦੇਰ ਬਾਅਦ ਜਦੋਂ ਟੀਮ ਨੇ ਪੰਜਾਬੀ ਬਾਗ ਕੈਂਪ ਦਾ ਦੌਰਾ ਕੀਤਾ ਜਿਥੇ ਕਿ ਮੰਗੋਲਪੁਰੀ ਦੇ ਸ਼ਰਨਾਰਥੀਆਂ ਵਿਚੋਂ ਕੁਝ ਲੋਕ ਪੁੱਜੇ ਸਨ, ਟੀਮ ਨੂੰ ਦੱਸਿਆ ਗਿਆ ਕਿ ਭੁੱਖੇ ਸ਼ਰਨਾਰਥੀਆਂ ਨੇ ਸੱਜਣ ਕੁਮਾਰ ਰਾਹੀਂ ਲਿਆਂਦੇ ਖਾਣ-ਪੀਣ ਦੇ ਸਮਾਨ ਨੂੰ ਹੱਥ ਲਾਉਣ ਤੋਂ ਨਾਂਹ ਕਰ ਦਿਤੀ।

ਹਜੂਮ ਰਾਹੀਂ ਕੀਤੀ ਗਈ ਹਿੰਸਾ ਅਣ-ਮਨੁੱਖੀ ਅਤਿਆਚਾਰਾਂ ਨਾਲ ਭਰਪੂਰ ਸੀ। ਬਚੀਆਂ ਹੋਈਆਂ ਔਰਤਾਂ ਨੇ ਸਾਨੂੰ ਦੱਸਿਆ ਕਿ ਕਿਸ ਤਰ੍ਹਾਂ ਉਨ੍ਹਾਂ ਦੇ ਬੱਚਿਆਂ ਨੂੰ ਖਿਚ ਕੇ ਪਾੜ ਦਿਤਾ, ਪਤੀਆਂ ਅਤੇ ਪੁੱਤਰਾਂ ਦੇ ਸਿਰ ਮੁੰਨੇ, ਲੋਹੇ ਦੀਆਂ ਸੀਖਾ ਨਾਲ ਕੁੱਟਿਆ ਅਤੇ ਫਿਰ ਜ਼ਿੰਦਾ ਸਾੜ ਦਿੱਤੇ ਗਏ। ਮੰਗੋਲਪੁਰੀ ਦੇ ਬਲਾਕ 26 ਵਿਚ ਲੱਗ ਭੱਗ ਸਿੱਖਾਂ ਦੇ ਸਾਰੇ ਘਰਾਂ ਤੇ ਹਮਲਾ ਕੀਤਾ ਅਤੇ ਤਬਾਹ ਕੀਤੇ ਗਏ। ਨੌਜਵਾਨ ਮਰਦ ਇਸ ਕਤਲੇਆਮ ਦਾ ਮੁੱਖ ਨਿਸ਼ਾਨਾ ਸਨ। ਮਰਨ ਵਾਲਿਆ ਦੀ ਗਿਣਤੀ ਨੂੰ ਘਟਾਉਣ ਦੀ ਸਰਕਾਰੀ ਕੋਸ਼ਿਸ਼ ਵਿਚ ਸਿਰਫ ਨੌਂ ਮੌਤਾਂ ਦੱਸੀਆਂ ਗਈਆਂ। ਸੀ. ਪੀ. ਐਮ. ਦੀ ਦਿੱਲੀ ਸਟੇਟ ਕਮੇਟੀ ਨੇ ਸਿਰਫ ਕੁਝ ਬਲਾਕਾਂ ਵਿਚ ਹੀ ਘਰੋ ਘਰੀ ਕੀਤੇ ਸਰਵੇ ਦੇ ਅਧਾਰ ਤੇ ਘੱਟੋ ਘੱਟ 51 ਮੌਤਾਂ ਦੱਸੀਆਂ, ਇਸ ਨਾਲ ਸਰਕਾਰੀ ਗਿਣਤੀ ਦਾ ਖੰਡਨ ਕੀਤਾ।

ਜਦੋਂ ਅਸੀਂ ਪੰਜ ਨਵੰਬਰ ਨੂੰ ਮੰਗੋਲਪੁਰੀ ਗਏ ਤਾਂ ਸਾਨੂੰ ਉਹ ਥਾਵਾਂ ਵਿਖਾਈਆਂ ਗਈਆਂ ਜਿਥੇ ਲਾਸ਼ਾਂ ਨੂੰ ਸਾੜਿਆ ਗਿਆ ਸੀ ਅਤੇ ਲੋਕ ਸਾਨੂੰ ਮੰਗੋਲਪੁਰੀ ਸੁਲਤਾਨਪੁਰੀ ਵਿਚਲੇ ਨਾਲੇ ਤੇ ਲੈ ਕੇ ਗਏ ਜਿਥੇ ਕਿ ਸਾਨੂੰ ਦੱਸਿਆ ਗਿਆ ਕਿ ਕਈ ਸੌ ਲਾਸ਼ਾਂ ਇਸ ਵਿਚ ਸੁੱਟੀਆਂ ਗਈਆਂ।

ਤਿੰਨ ਨਵੰਬਰ ਦੀ ਸ਼ਾਮ ਨੂੰ ਹੀ ਫੌਜ ਮੰਗੋਲਪੁਰੀ ਵਿਚ ਪੁੱਜੀ। ਘਟਨਾਵਾਂ ਬਿਆਨ ਕਰਦੇ ਹੋਏ ਸਿੱਖ, ਜਿਸ ਨੂੰ ਅਸੀਂ ਸ਼ਕਰਪੁਰ ਸਹਾਇਤਾ ਕੈਂਪ ਵਿਚ ਜਿਥੇ ਕਿ ਉਹ ਦੂਜੇ ਸ਼ਰਨਾਰਥੀਆਂ ਨਾਲ ਰਹਿ ਰਿਹਾ ਸੀ, ਨੇ ਸਾਨੂੰ ਦੱਸਿਆ ਕਿ ਉਹਨੂੰ ਭੀੜ ਨੇ ਬਾਹਰ ਪਾਰਕ ਵਿਚ ਕੱਢਿਆ ਹੋਇਆ ਸੀ ਅਤੇ ਉਹਨਾਂ ਨੂੰ ਅੱਗ ਲਗਾਉਣ ਹੀ ਲੱਗੇ ਸਨ ਜਦੋਂ ਕਿ ਫੌਜੀ ਦਸਤੇ ਪਹੁੰਚ ਗਏ ਅਤੇ ਉਨ੍ਹਾਂ ਨੂੰ ਬਚਾ ਲਿਆ ਗਿਆ।



ਫੌਜ ਦੇ ਪਹੁੰਚਣ ਤੋਂ ਪਹਿਲਾਂ ਸਿੱਖਾਂ ਦੀ ਰਖਿਆ ਕਰਨ ਵਾਲੇ ਕੁਝ ਹਿੰਦੂ ਅਤੇ ਮੁਸਲਮਾਨ ਗਵਾਂਢੀ ਹੀ ਸਨ ਜਿਨ੍ਹਾਂ ਨੇ ਕਈ ਥਾਈਂ ਆਪਣੀ ਜਾਨ ਨੂੰ ਵੀ ਖਤਰੇ ਵਿਚ ਪਾ ਕੇ ਉਨ੍ਹਾਂ ਦਾ ਬਚਾਅ ਕੀਤਾ। ਉਹਨਾਂ ਨੇ ਪੀੜਤਾਂ ਨੂੰ ਆਪਣੇ ਘਰਾਂ 'ਤੇ ਦੁਕਾਨਾਂ ਵਿਚ ਛੁਪਾਇਆ ਅਤੇ ਹਮਲਾਵਾਰਾਂ ਦੇ ਉਹਨ੍ਹਾਂ ਨੂੰ ਲੱਭਣ ਦੇ ਸਾਰੇ ਯਤਨ ਫੇਲ ਕਰ ਦਿਤੇ ਗਏ। ਇਕ ਮੁਸਲਿਮ ਨੇ ਸਾਨੂੰ ਨਾਂਗਲੋਈ ਵਿਚ ਦੱਸਿਆ ਕਿ ਉਨ੍ਹਾਂ ਦੇ ਪਰਿਵਾਰ ਨੇ ਕਿਸ ਤਰ੍ਹਾਂ ਕਿੰਨੇ ਸਾਰੇ ਸਿੱਖ ਮਰਦਾਂ ਔਰਤਾਂ ਅਤੇ ਬੱਚਿਆਂ ਨੂੰ ਬਚਾਇਆ ਅਤੇ ਗੁਪਤ ਢੰਗ ਨਾਲ ਉਨ੍ਹਾਂ ਨੂੰ ਰਲੀਫ ਕੈਂਪਾਂ ਵਿਚ ਪੁਚਾਇਆ।

ਮੰਗੋਲਪੁਰੀ ਦੇ ਇਕ ਹਿੰਦੂ ਸੀ. ਲਾਲ ਦਾ ਤਜਰਬਾ ਬੜਾ ਕੌੜਾ ਹੈ। ਉਸ ਨੇ ਬਟਵਾਰੇ ਦੇ ਦਿਨ ਵੀ ਵੇਖੇ ਸਨ ਜਦ ਉਹ 1947 ਵਿਚ ਸਿਆਲਕੋਟ ਤੋਂ ਹਿੰਦੁਸਤਾਨ ਵਿਚ ਦਾਖਲ ਹੋਇਆ। ਨਵੰਬਰ ਦੇ ਪਹਿਲੇ ਹਫਤੇ ਵਿਚ ਉਸ ਦੀ ਗੁਜਰੇ ਦਿਨਾਂ ਦੀ ਯਾਦ ਮੁੜ ਤਾਜ਼ਾ ਹੋ ਗਈ, ਜਦੋਂ ਉਹਦੇ ਭਰਾ ਦੀ ਦੁਕਾਨ ਲੁੱਟੀ ਅਤੇ ਸਾੜ ਦਿਤੀ ਗਈ ਸਿਰਫ ਇਸ ਕਰਕੇ ਕਿ ਉਨ੍ਹਾਂ ਨੇ ਕੁੱਝ ਸਿਖ ਪਰਿਵਾਰਾਂ ਨੂੰ ਪਨਾਹ ਦਿਤੀ ਅਤੇ ਸਿੱਖਾਂ ਦੀ ਸੁਰੱਖਿਆ ਲਈ ਇਕ ਅਮਨ ਕਮੇਟੀ ਬਣਾਈ ਸੀ।

3. ਤਰਲੋਕਪੁਰੀ

31 ਅਕਤੂਬਰਥ ਤੋਂ ਦੋ ਨਵੰਬਰ ਤੱਕ ਦਿੱਲੀ ਦੇ ਪੂਰਬ ਵੱਲ ਜਮਨਾ ਪਾਰ ਦੀ ਮੁੜ ਵਸਾਈ ਬਸਤੀ ਤਰਲੋਕਪੁਰੀ ਵਿਚ ਹੋਈਆਂ ਘਟਨਾਵਾਂ, ਬੁਚੜਪੁਣੇ ਦੀ ਇੰਤਹਾ ਦੀ ਭਿਆਨਕ ਤਸਵੀਰ ਸਨ। 48 ਘੰਟਿਆ ਤੋਂ ਵੀ ਘੱਟ ਸਮੇਂ ਵਿਚ ਕਾਂਗਰਸ (ਆਈ) ਦੇ ਇਕ ਕੌਂਸਲਰ ਦੀ ਅਗਵਾਈ ਹੇਠ ਸ਼ਰਾਰਤੀ ਅਨਸਰਾਂ ਦੀ ਜਥੇਬੰਦ ਭੀੜ ਨੇ ਪੁਲੀਸ ਦੀ ਮਿਲੀ ਭੁਗਤ ਨਾਲ ਘੱਟੋ ਘੱਟ 400 ਸਿਖ ਜਿਉਂਦੇ ਸਾੜ ਦਿਤੇ ਜਿਨ੍ਹਾਂ ਵਿਚੋਂ ਬਹੁਤੇ ਨੌਜਵਾਨ ਸਨ। ਹੋਰਨਾਂ ਇਲਾਕਿਆਂ ਵਾਂਗ ਇਥੇ ਵੀ ਕਤਲੇਆਮ ਤੋਂ ਪਹਿਲਾਂ ਉਹੀ ਅਫਵਾਹ ਉਸੇ ਤਰ੍ਹਾਂ ਹੀ ਫੈਲਾਈ ਗਈ ਕਿ ਸਿੱਖਾਂ ਨੇ ਇੰਦਰਾ ਗਾਂਧੀ ਦੇ ਕਤਲ ਦੀ ਖੁਸ਼ੀ ਮਨਾਉਣ ਲਈ 31 ਅਕਤੂਬਰ ਨੂੰ ਮਠਿਆਈਆਂ ਵੰਡੀਆਂ ਸਨ। ਦੂਸਰਾ ਪੱਖ, ਜਿਹੜਾ ਅਸੀਂ ਤਿੰਨ ਦਿਨ ਬਾਅਦ ਤਰਲੋਕਪੁਰੀ ਜਾਣ ਤੇ ਸੁਣਿਆ, ਇਸ ਪ੍ਰਕਾਰ ਸੀ ਕਿ ਹਿੰਦੂਆਂ ਦੀ ਇਕ ਭੀੜ 31 ਅਕਤੂਬਰ ਨੂੰ ਗੁਰਦਵਾਰੇ ਤੇ ਹਮਲਾ ਕਰਨ ਆਈ ਸੀ ਅਤੇ ਸਿੱਖਾਂ ਨੇ ਤਲਵਾਰਾਂ ਲਹਿਰਾਕੇ ਇਸ ਨੂੰ ਰੋਕਣ ਨੂੰ ਦਾ ਯਤਨ ਕੀਤਾ। ਜਦੋਂ ਭੀੜ ਨੇ ਗੁਰਦਵਾਰੇ ਤੇ ਹਮਲਾ ਕੀਤਾ, ਇਸ ਦੀ ਛੱਤ ਤੋਂ ਪੱਥਰ ਚਲਾਏ ਗਏ ਅਤੇ ਇਸ ਤਰ੍ਹਾਂ ਹੁਲੜਬਾਜ਼ੀ ਦਾ ਆਰੰਭ ਹੋਇਆ। ਅਸੀਂ ਪੜਤਾਲ ਦੇ ਦੌਰਾਨ ਇਕ ਵੀ ਅਜਿਹੇ ਆਦਮੀ ਨੂੰ ਨਹੀਂ ਲੱਭ ਸਕੇ ਜੋ ਇਸ ਗੱਲ ਦਾ ਦਾਅਵਾ ਕਰੇ ਕਿ ਉਸਨੇ ਸਿੱਖਾਂ ਨੂੰ ਮਠਿਆਈਆਂ ਵੰਡਦਿਆਂ ਵੇਖਿਆ ਸੀ। ਕੁਝ ਲੋਕਾਂ ਨੇ ਇਸ ਰਿਪੋਰਟ ਨਾਲ ਸਹਿਮਤੀ ਪ੍ਰਗਟ ਕੀਤੀ ਕਿ ਜਦੋਂ ਭੀੜ ਗੁਰਦਵਾਰੇ ਤੇ ਹਮਲਾ ਕਰਨ ਆਈ ਤਾਂ ਸਿੱਖਾਂ ਨੇ ਗੁਰਦਵਾਰੇ ਵਿਚੋਂ ਤਲਵਾਰਾਂ ਵਿਖਾਈਆਂ।

ਬਚ ਨਿਕਲੇ ਲੋਕਾਂ, ਹਿੰਦੂ ਗਵਾਂਢੀਆਂ ਅਤੇ ਅਜਿਹੇ ਪੱਤਰ ਪ੍ਰੇਰਕਾਂ, ਜੋ ਦੋ ਨਵੰਬਰ ਨੂੰ ਘਟਨਾ ਤੋਂ ਤੁਰੰਤ ਬਾਅਦ ਉਥੇ ਗਏ, ਦੇ ਸਮੁੱਚੇ ਵੇਰਵੇ ਤੋਂ ਅਸੀਂ ਘਟਨਾਵਾਂ ਦੀ ਲੜੀ ਹੇਠਲੇ ਰੂਪ ਵਿਚ ਜੋੜ ਸਕੇ ਹਾਂ।

ਦੁਖਾਂਤ ਉਦੋਂ ਸ਼ੁਰੂ ਹੋਇਆ ਜਦੋਂ 31 ਅਕਤੂਬਰ ਦੀ ਰਾਤ ਨੂੰ ਕਾਂਗਰਸ (ਆਈ) ਦੇ ਕੌਂਸਲਰ ਡਾਕਟਰ ਅਸ਼ੋਕ ਕੁਮਾਰ, ਜਿਹੜਾ ਤਰਲੋਕਪੁਰੀ ਤੋਂ ਇਕ ਕਿਲੋਮੀਟਰ ਤੇ ਕਲਿਆਣਪੁਰੀ ਵਿਚ ਆਪਣਾ ਕਲੀਨਿਕ ਚਲਾਂਦਾ ਹੈ, ਨੇ ਤਰਲੋਕਪੁਰੀ ਵਿਚ ਇਕ ਮੀਟਿੰਗ ਕੀਤੀ। ਮੀਟਿੰਗ ਤੋਂ ਤੁਰੰਤ ਬਾਅਦ ਭੜਕੀ ਹਿੰਸਾ, ਅਗਲੇ ਦਿਨ ਸਵੇਰ ਨੂੰ ਉਦੋਂ ਆਪਣੀ ਸਿਖਰ ਤੇ ਪੁਜੀ ਜਦੋਂ ਨਾਲ ਦੇ ਪਿੰਡ ਚਿੱਲਾਂ ਤੋਂ ਗੁੱਜਰ ਤਰਲੋਕਪੁਰੀ ਵਿਚ ਆ ਪਹੁੰਚੇ ਅਤੇ ਸਥਾਨਕ ਲੋਕਾਂ ਦੇ ਇਕ ਟੋਲੇ (ਵਸਨੀਕਾਂ ਦੇ ਦੱਸਣ ਅਨੁਸਾਰ ਉਹ ਹਰੀਜਨ ਸਨ) ਨਾਲ ਰਲਕੇ ਉਨ੍ਹਾ ਬਲਾਕ 28, 32, 33, ਅਤੇ 34 ਤੇ ਚੜ੍ਹਾਈ ਕੀਤੀ ਅਤੇ ਯੋਜਨਾਬੱਧ ਢੰਗ ਨਾਲ ਸਿੱਖਾਂ ਦੇ ਘਰਾਂ ਤੇ ਹਮਲਾ ਕੀਤਾ, ਨੌਜਵਾਨ ਆਦਮੀਆ ਨੂੰ ਬਾਹਰ ਧੂਹਿਆ ਗਿਆ, ਮਾਰਿਆ ਗਿਆ ਅਤੇ ਘਰਾਂ ਨੂੰ ਅੱਗ ਲਗਾ ਦਿਤੀ ਗਈ। ਕੁਝ ਘਟਨਾਵਾ ਵਿਚ ਹਮਲਾਵਰਾਂ ਨੇ ਮਿੱਟੀ ਦਾ ਤੇਲ ਪਾਕੇ ਸਾੜਣ ਤੋਂ ਪਹਿਲਾਂ ਲੋਹੇ ਦੀਆਂ ਸਲਾਖਾਂ ਨਾਲ ਪੀੜਤਾਂ ਦੇ ਸਿਰ ਫੇਹ ਸੁੱਟੇ।

31 ਅਤੇ 32 ਬਲਾਕਾਂ ਵਿਚਕਾਰ ਪਈ ਖੁਲ੍ਹੀ ਖਾਲੀ ਥਾਂ ਵਿਚ 50 ਤੋਂ ਵਧੀਕ ਸਿੱਖ ਪਰਿਵਾਰ ਝੁੱਗੀਆਂ ਅਤੇ ਝੌਂਪੜੀਆਂ ਵਿਚ ਰਹਿ ਰਹੇ ਸਨ। ਇਨ੍ਹਾਂ ਝੁੱਗੀਆਂ ਨੂੰ ਸਾੜ ਦਿੱਤਾ ਗਿਆ ਅਤੇ ਮਰਦਾਂ ਨੂੰ ਜਾਨੋਂ ਮਾਰ ਦਿੱਤਾ।

ਲੁੱਟ ਮਾਰ ਤੇ ਕਤਲ ਵਿਚ ਸ਼ਾਮਲ ਦੋਸ਼ੀਆਂ ਦੀ ਸੂਚੀ ਨੂੰ ਧਿਆਨ ਨਾਲ ਦੇਖਣ ਤੋਂ ਪਤਾ ਲਗਦਾ ਹੈ ਕਿ ਉਹਨਾਂ ਵਿਚ ਵਡੀ ਗਿਣਤੀ ਉਸ ਇਲਾਕੇ ਦੇ ਬੁਰੀ ਤਰ੍ਹਾਂ ਬਦਨਾਮ ਸਮਾਜ ਵਿਰੋਧੀ ਅਨਸਰਾਂ ਦੀ ਸੀ। ਉਹਨਾਂ ਵਿਚੋਂ ਇਕ 32 ਨੰਬਰ ਬਲਾਕ ਦੇ 90 ਨੰਬਰ ਘਰ ਦਾ ਵਸਨੀਕ ਸੋਮਨਾਥ ਸੀ ਜੋ ਬਹੁਤ ਸਾਰੇ ਸਿੱਖਾਂ ਦੇ ਕਤਲ ਦਾ ਜ਼ਿੰਮੇਂਵਾਰ ਹੈ। ਇਨ੍ਹਾਂ ਵਿਚ ਹੁਸ਼ਿਆਰ ਸਿੰਘ ਪੁੱਤਰ ਮਿਲਾਪ ਸਿੰਘ ਅਤੇ ਤਿੰਨ ਹੋਰ ਨੌਜਵਾਨ ਮਰਦ ਸ਼ਾਮਲ ਸਨ, ਉਸਨੇ ਇਹਨਾਂ ਨੂੰ ਇਕ ਘਰ ਵਿਚ ਬੰਦ ਕਰਕੇ ਜ਼ਿੰਦਰਾ ਮਾਰ ਦਿਤਾ ਸੀ ਅਤੇ ਬਾਅਦ ਵਿਚ ਹੋਰਾਂ ਦੀ ਮਦਦ ਨਾਲ ਇਹਨਾਂ ਦਾ ਕਤਲ ਕਰ ਦਿਤਾ(ਵਿਸਥਾਰ ਪੂਰਵਕ ਸੂਚੀ, ਜਿਸ ਵਿਚ, ਮੁਜਰਮਾਂ ਦੇ ਨਾਮ ਅਤੇ ਉਹਨਾਂ ਦੇ ਇਸ ਸਮੇਂ ਦੌਰਾਨ ਤਰਲੋਕਪੁਰੀ ਵਿਚ ਕੀਤੇ ਗੁਨਾਹਾਂ ਦਾ ਵੇਰਵਾ ਦਰਜ ਹੈ, ਅੰਤਿਕਾ 1 ਵਿਚ ਦਿਤੀ ਗਈ ਹੈ)।

ਹਿੰਸਾ ਲੈਣ ਵਾਲਿਆਂ ਵਿਚ ਕੁਝ ਦੁਕਾਨਦਾਰ ਵੀ ਸ਼ਾਮਲ ਸਨ ਜਿਨ੍ਹਾਂ ਨੇ ਅੱਗਾਂ ਲਾਉਣ ਵਾਲਿਆਂ ਨੂੰ ਤੇਲ ਮੁਹੱਈਆ ਕੀਤਾ। ਕੁਝ ਹੋਰ ਸਨ, ਪੀੜਤਾਂ ਦੇ ਗੁਆਂਢੀ ਜਿਹਨਾਂ ਵਿਚੋਂ ਬਹੁਤੇ, ਛੋਟੇ ਵਪਾਰੀ ਸਨ ਜਿਵੇਂ ਕਿ ਦੋਧੀ, ਮਕੈਨਿਕ ਅਤੇ ਸੀਮਿੰਟ ਵੇਚਣ ਵਾਲੇ। ਸ਼ਿਕਾਰ ਹੋਏ ਵਿਅਕਤੀਆਂ ਵਿਚੋਂ ਬਹੁਤ ਗਿਣਤੀ ਗਰੀਬ ਸਿੱਖ ਮਕੈਨਿਕਾਂ, ਕਾਰੀਗਰਾਂ ਅਤੇ ਦਿਹਾੜੀਦਾਰ ਮਜ਼ਦੂਰਾਂ ਦੀ ਸੀ।

ਪੁਲੀਸ ਦਾ ਕਿਰਦਾਰ ਦਿੱਲੀ ਦੇ ਬਾਕੀ ਹਿੱਸਿਆਂ ਵਾਂਗ ਉਹਨਾਂ ਲੀਹਾਂ ਤੇ ਹੀ ਪਾਇਆ ਗਿਆ। ਕਲਿਆਣਪੁਰੀ ਪੁਲੀਸ ਸਟੇਸ਼ਨ ਜਿਸ ਦੇ ਅਧੀਨ ਤਰਲੋਕਪੁਰੀ ਪੈਂਦਾ ਹੈ, ਵਿਚ ਪੁਲੀਸ ਦੀ ਮਨਜ਼ੂਰ ਗਿਣਤੀ, ਸਮੇਤ ਇਕ ਇੰਸਪੈਕਟਰ(ਐਸ. ਐਚ. ਓ.) ਅਤੇ 90 ਸਿਪਾਹੀਆਂ ਦੇ 113 ਹੈ। ਇੰਸਪੈਕਟਰ ਐਸ. ਐਚ. ਓ.) 1 ਨਵੰਬਰ ਨੂੰ ਕਰੀਬ 2.30 ਵਜੇ ਤਰਲੋਕਪੁਰੀ ਪਹੁੰਚਿਆ ਜਦੋਂ ਕਿ ਲੁੱਟਮਾਰ ਅਤੇ ਕਤਲੇਆਮ ਹੋ ਰਹੇ ਸਨ। ਆਉਂਦੇ ਹੀ ਉਸਨੇ ਹਵਾਲਦਾਰ ਅਤੇ ਇਕ ਹੋਰ ਸਿਪਾਹੀ ਨੂੰ ਉਸ ਥਾਂ ਤੋਂ ਹਟਾ ਲਿਆ ਤੇ ਇਸ ਤਰ੍ਹਾਂ ਜੋ ਥੋੜੀ ਬਹੁਤ ਮੁਜਰਮਾਂ ਦੀ ਸ਼ਨਾਖਤ ਹੋਣ ਦੀ ਸੰਭਾਵਨਾ ਸੀ ਉਸ ਨੂੰ ਵੀ ਖਤਮ ਕਰ ਦਿਤਾ। ਉਸ ਤੋਂ ਪਿਛੋਂ ਅੱਗਾਂ ਲਾਉਣ, ਬਲਾਤਕਾਰ ਅਤੇ ਕਤਲਾਂ ਦਾ ਇਕ ਲੰਮਾ ਦੌਰ ਚਲਿਆ। ਬਾਅਦ ਵਿਚ ਇਕ ਸੀਨੀਅਰ ਪੁਲੀਸ ਅਫਸਰ ਦੁਆਰਾ ਕਰਵਾਈ ਗਈ ਜਾਂਚ ਨੇ ਇਹ ਦਰਸਾਇਆ ਕਿ ਘੱਟੋ ਘੱਟ ਚਾਰ ਔਰਤਾਂ ਜਿਹਨਾਂ ਦੀ ਉਮਰ 14 ਤੋਂ 50 ਸਾਲ ਦੇ ਵਿਚਕਾਰ ਸੀ, ਨਾਲ ਸਮੂਹਕ ਬਲਾਤਕਾਰ ਕੀਤਾ ਗਿਆ। ਬਾਅਦ ਵਿਚ ਤਰਲੋਕਪੁਰੀ ਤੋਂ ਬਲਾਤਕਾਰ ਦੇ 7 ਕੇਸ ਸਰਕਾਰੀ ਤੌਰ ਤੇ ਜੇ. ਪੀ. ਨਰਾਇਣ ਹਸਪਤਾਲ ਦਿੱਲੀ ਵਲੋਂ ਰਿਪੋਰਟ

(ਬਾਕੀ ਪੰਨਾ 13 ਤੇ)

(ਪੰਨਾ 12 ਦੀ ਬਾਕੀ)

ਕੀਤੇ ਗਏ।

ਜਦੋਂ ਕਤਲੇਆਮ ਸਿਖਰ ਤੇ ਸੀ, ਪੁਲਸ ਵਲੋਂ ਹਿੰਸਾ ਦੇ ਤਾਂਡਵ ਨਾਚ ਨੂੰ ਰੋਕਣ ਜਾਂ ਮੌਤਾਂ ਦੀ ਗਿਣਤੀ ਘਟਾਉਣ ਦਾ ਭੋਰਾ ਵੀ ਯਤਨ ਨਾ ਕੀਤਾ ਗਿਆ। 2 ਨਵੰਬਰ ਦੀ ਸ਼ਾਮ ਨੂੰ 5.30 ਦੇ ਕਰੀਬ ਦਿੱਲੀ ਪੁਲੀਸ ਦੇ ਸਹਾਇਕ ਕਮਿਸ਼ਨਰ ਸ੍ਰੀ ਨਿਖਿਲ ਕੁਮਾਰ ਨੂੰ ਇਹ ਸੂਚਨਾ ਮਿਲੀ ਕਿ "ਬਲਾਕ-32 ਮੇਂ ਮਾਰ ਕਾਟ ਹੋ ਰਹੀ ਹੈ।" ਪੁਲੀਸ ਕੰਟਰੋਲ ਰੂਮ ਨੇ ਤਾਂ ਹੱਦ ਹੀ ਕਰ ਦਿਤੀ। ਉਸ ਨੇ ਤਿੰਨ ਵਿਅਕਤੀਆਂ ਦਾ ਜ਼ਖਮੀ ਹੋਣਾ ਹੀ ਰਿਕਾਰਡ ਕੀਤਾ। ਇਹ ਉਸ ਸਮੇਂ ਦੀ ਗੱਲ ਹੈ ਜਦੋਂ ਤਰਲੋਕਪੁਰੀ ਦੇ ਚੌਖੇ ਬਲਾਕਾਂ ਵਿਚ ਘਰਾਂ ਦੀਆਂ ਕਤਾਰਾਂ ਦੀਆਂ ਕਤਾਰਾਂ ਸੜ ਰਹੀਆਂ ਸਨ ਅਤੇ ਵਾਸੀ ਮਾਰ ਦਿਤੇ ਗਏ ਸਨ।

ਦਿੱਲੀ ਦੇ ਇਕ ਅਖਬਾਰ ਦਾ ਪੱਤਰ ਪਰੇਰਕ ਜਿਹੜਾ ਕਿ 2 ਨਵੰਬਰ ਨੂੰ ਬਾਅਦ ਦੁਪਹਿਰ ਦੋ ਵਜੇ ਤਰਲੋਕਪੁਰੀ ਪਹੁੰਚਿਆ ਤਾਂ ਬਲਾਕ ਨੰ: 28 ਵਿਚ ਉਸ ਨੂੰ ਇਕ ਭੂਤਰੀ ਭੀੜ ਦਾ ਸਾਹਮਣਾ ਕਰਨਾ ਪਿਆ, ਜਿਸ ਨੇ ਉਸਨੂੰ ਧਮਕਾਇਆ ਅਤੇ ਉਸਦੀ ਕਾਰ ਤੇ ਪਥਰਾਓ ਕੀਤਾ। ਜਦੋਂ ਉਹ ਕਲਿਆਣਪੁਰੀ ਪੁਲੀਸ ਸਟੇਸ਼ਨ ਗਿਆ ਤਾਂ ਐਸ. ਐਚ. ਓ. ਸੁਰਵੀਰ ਸਿੰਘ ਨੇ ਉਸ ਨੂੰ ਦਸਿਆ ਕਿ ਇਲਾਕੇ ਵਿਚ ਪੂਰਨ ਸ਼ਾਂਤੀ ਸੀ। ਉਸਨੇ ਪੁਲੀਸ ਸਟੇਸ਼ਨ ਦੇ ਬਾਹਰ ਇਕ ਟਰੱਕ ਦੇਖਿਆ ਜਿਸ ਵਿਚ ਚਾਰ ਮਨੁੱਖੀ ਸਰੀਰ ਪਏ ਸਨ ਜਿਹਨਾਂ ਵਿਚੋਂ ਇਕ ਅਜੇ ਵੀ ਜਿਉਂਦਾ ਸੀ। ਜਦੋਂ ਪੱਤਰ ਪਰੇਰਕ ਨਿਰਾਸ਼ ਹੋ ਕੇ ਪੁਲੀਸ ਹੈਡਕੁਆਟਰ ਵੱਲ ਨੂੰ ਪਰਤਿਆ ਤਾਂ ਉਸਨੂੰ ਰਾਹ ਵਿਚ ਨਿਜਾਮੁਦੀਨ ਪੁਲ ਹੇਠਲੀ ਸੜਕ ਉਤੇ ਤੁਰੇ ਜਾਂਦੇ ਲੱਗ ਭਗ 70 ਸਿਖ ਔਰਤਾਂ ਤੇ ਬੱਚਿਆਂ ਦਾ ਸਮੂਹ ਮਿਲਿਆ। ਉਹਨਾਂ ਨੇ ਉਸ ਨੂੰ ਦੱਸਿਆ ਕਿ ਉਹਨਾਂ ਦੇ ਸਾਰੇ ਆਦਮੀ ਤਰਲੋਕਪੁਰੀ ਵਿਚ ਮਾਰ ਦਿੱਤੇ ਗਏ ਹਨ ਅਤੇ ਉਹ ਆਪ ਜਾਨਾਂ ਬਚਾ ਕੇ ਨਿਕਲ ਆਏ ਸਨ। ਪੱਤਰ ਪਰੇਰਕ ਵਲੋਂ ਸੜਕ ਤੇ ਜਾਂਦੇ ਕਈ ਫੌਜੀਆਂ ਕੋਲੋਂ ਮੱਦਦ ਹਾਸਲ ਕਰਨ ਦੇ ਯਤਨ ਦਾ ਕੋਈ ਹੁੰਗਾਰਾ ਨਾ ਮਿਲਿਆ। ਕਿਉਂਕਿ ਬਹੁਤੇ ਫੌਜੀਆਂ ਦਾ ਆਪਣੇ ਹੈਡ ਕੁਆਟਰ ਨਾਲ ਸੰਪਰਕ ਟੁੱਟ ਚੁੱਕਾਸੀ ਅਤੇ ਉਹਨਾਂ ਕੋਲ ਕਈ ਨਿਸ਼ਚਿਤ ਹੁਕਮ ਨਹੀਂ ਸੀ।

ਆਖਿਰ ਆਈ. ਟੀ. ਓ. ਵਿਖੇ ਪੁਲੀਸ ਹੈਡਕੁਆਟਰ ਤੇ ਪਹੁੰਚਣ ਪਿਛੋਂ, ਉਹ ਸਹਾਇਕ ਪੁਲੀਸ ਕਮਿਸ਼ਨਰ ਸ੍ਰੀ ਨਿਖਿਲ ਕੁਮਾਰ ਨੂੰ ਮਿਲਿਆ ਜਿਸ ਨੇ ਉਸ ਨੂੰ ਦੱਸਿਆ ਕਿ ਉਹ ਕੁਝ ਨਹੀਂ ਕਰ ਸਕਦਾ ਅਤੇ ਸਿਰਫ ਉਸਦਾ ਸੁਨੇਹਾ ਕੰਟਰੋਲ ਰੂਮ ਵਿਚ ਪਹੁੰਚਾ ਸਕਦਾ ਹੈ। ਉਸਨੇ ਆਪਣੇ ਰੋਲ ਨੂੰ ਇਕ "ਪ੍ਰਾਹੁਣੇ ਕਲਾਕਾਰ" ਦਾ ਰੋਲ ਦੱਸਿਆ।

ਪੱਤਰ ਪਰੇਰਕ ਉਸੇ ਦਿਨ ਦੀ ਸ਼ਾਮ ਨੂੰ ਮੁੜ ਤਰਲੋਕਪੁਰੀ ਗਿਆ ਅਤੇ ਕਤਲੇਆਮ ਦੀ ਰਹਿੰਦ-ਖੂੰਹਦ, ਸੜੇ ਹੋਏ ਮਕਾਨਾਂ ਅਤੇ ਮਨੁੱਖੀ ਲਾਸ਼ਾਂ ਦੇ ਰੂਪ ਵਿਚ ਵੇਖੀ। ਐਸ. ਐਚ. ਓ. ਦੋ ਸਿਪਾਹੀਆਂ ਸਮੇਤ ਆਲੇ ਦੁਆਲੇ ਘੁੰਮ ਰਿਹਾ ਸੀ। ਐਸ. ਐਚ. ਓ. ਨੇ ਉਸਨੂੰ ਦੱਸਿਆ ਕਿ ਉਸ ਨੂੰ ਇਸ ਗੱਲ ਦਾ ਕੋਈ ਪਤਾ ਨਹੀਂ ਕਿ ਕੀ ਵਾਪਰਿਆ ਸੀ। ਜਦੋਂ ਸ਼ਾਮੀ ਫਿਰ ਪੱਤਰ ਪਰੇਰਕ ਪੁਲੀਸ ਹੈਡਕੁਆਟਰ ਗਿਆ, ਉਸਨੂੰ ਇਕ ਹੋਰ ਸਹਾਇਕ ਪੁਲੀਸ ਕਮਿਸ਼ਨਰ ਨੇ ਦੱਸਿਆ ਕਿ ਉਸਦੀ ਸੂਚਨਾ ਅਨੁਸਾਰ ਤਰਲੋਕਪੁਰੀ ਵਿਚ ਕੋਈ ਗੜਬੜ ਨਹੀਂ ਸੀ। ਪੱਤਰ ਪਰੇਰਕ ਨੇ ਸਹਾਇਕ ਪੁਲਿਸ ਕਮਿਸ਼ਨਰ ਦਾ ਧਿਆਨ ਇਸ ਗੱਲ ਵੱਲ ਦੁਆਇਆ ਕਿ ਘੱਟੋ ਘੱਟ 300 ਆਦਮੀਆਂ ਨੂੰ ਸਾੜ ਦਿਤਾ ਗਿਆ ਸੀ ਅਤੇ ਪੁਲੀਸ ਸਿਰਫ ਉਹਨਾਂ ਲਾਸ਼ਾਂ ਦੀ ਗਿਣਤੀ ਕਰ ਰਹੀ ਸੀ ਜਿਹੜੀਆਂ ਕਿ ਪਹਿਚਾਣੀਆਂ ਜਾ ਸਕਦੀਆਂ ਸਨ ਅਤੇ ਉਹਨਾਂ ਵੱਲ ਕੋਈ ਧਿਆਨ ਨਹੀਂ ਸੀ ਦਿੱਤਾ ਜਾ ਰਿਹਾ ਜਿਹਨਾਂ ਦੇ ਸਰੀਰ ਸੜਕੇ ਕੋਲਾ ਹੋ ਗਏ ਸਨ।

ਦੋ ਨੰਵਬਰ ਨੂੰ ਸ਼ਾਮ ਦੇ 7 ਵਜੇ ਜਾ ਕੇ ਉਚ ਪੁਲਿਸ ਅਧਿਕਾਰੀ ਤਰਲੋਕਪੁਰੀ ਪੁੱਜੇ। ਤਦ ਸੀ. ਆਰ. ਪੀ. ਤੈਨਾਤ ਕੀਤੀ ਗਈ ਅਤੇ ਅਤੇ ਬਚੇ ਹੋਏ ਲੋਕਾਂ ਨੂੰ ਮਾਰ ਹੇਠ ਆਏ ਬਾਲਾਕਾਂ ਵਿਚੋਂ ਕੱਢ ਕੇ ਸੁਰਖਿਅਤ ਥਾਵਾਂ ਤੇ ਪਹੁੰਚਾਇਆ ਗਿਆ।

ਜਦੋਂ ਸਾਡੀ ਟੀਮ ਦੇ ਮੈਂਬਰ 3 ਨਵੰਬਰ ਨੂੰ ਸਵੇਰ ਦੇ ਸੱਤ ਵਜੇ ਤਰਲੋਕਪੁਰੀ ਪੁੱਜੇ ਤਾਂ ਅਸੀਂ ਵੇਖਿਆ ਕਿ ਬਚ ਨਿਕਲੇ ਬਜ਼ੁਰਗ ਆਦਮੀ, ਔਰਤਾਂ ਅਤੇ ਬੱਚੇ, ਜਿਨ੍ਹਾਂ ਵਿਚੋਂ ਕੁਝ ਬੁਰੀ ਤਰ੍ਹਾਂ ਝੁਲਸੇ ਹੋਏ ਸਨ, ਮੁੱਖ ਸੜਕ ਤੇ ਖੁਲ੍ਹੇ ਅਕਾਸ਼ ਹੇਠ ਇਕੱਠੇ ਹੋਏ ਸਨ। ਵਿਲਕਦੀਆਂ ਔਰਤਾਂ ਨੇ ਦੱਸਿਆ ਕਿ ਕਿਸ ਤਰ੍ਹਾਂ ਉਨ੍ਹਾਂ ਦੇ ਆਦਮੀਆਂ ਨੂੰ ਵਹਿਸ਼ੀ ਤਰੀਕੇ ਨਾਲ ਕਤਲ ਕੀਤਾ ਗਿਆ ਸੀ ਅਤੇ ਕੁਝ ਇਕ ਥਾਵਾਂ ਤੇ ਪੁਲੀਸ ਨੇ ਆਪ ਹਮਲੇ ਕਰਵਾਏ। ਬਚੇ ਹੋਏ ਲੋਕਾਂ ਵਿਚੋਂ ਸਾਨੂੰ ਬਹੁਤੇ ਜਣਿਆਂ ਨੇ ਇਹ ਦੱਸਿਆ ਕਿ ਉਥੋਂ ਦੇ ਕਾਂਗਰਸ (ਆਈ) ਦੇ ਕੌਂਸਲਰ ਡਾ: ਅਸ਼ੋਕ ਕੁਮਾਰ ਨੇ ਭੀੜ ਨੂੰ ਉਕਸਾਇਆ ਸੀ। ਉਹਨਾਂ ਕਿਹਾ ਕਿ ਸੀ. ਆਰ. ਪੀ. ਦੇ ਪੁੱਜਣ ਤੋਂ ਪਹਿਲਾਂ ਸਾਰੀ ਸਿੱਖ ਬਰਾਦਰੀ ਪੂਰੇ ਦੋ ਦਿਨ ਵਹਿਸ਼ੀ ਭੀੜ ਦੇ ਸ਼ਿਕੰਜੇ ਵਿਚ ਰਹੀ।

ਜਦੋਂ ਅਸੀਂ ਬਲਾਕ-32 ਵਿਚ ਦਾਖਲ ਹੋਏ, ਸੜੀਆਂ ਮਨੁੱਖੀ ਲਾਸ਼ਾਂ ਦੀ ਤਿੱਖੀ ਬਦਬੂ ਆਈ ਜੋ ਕਿ ਅਜੇ ਵੀ ਘਰਾਂ ਅੰਦਰ ਗਲ ਰਹੀਆਂ ਸਨ। ਸਾਰੀ ਗਲੀ, ਸਕੂਟਰਾਂ ਕਾਗਜ਼ਾਂ ਅਤੇ ਫਰਨੀਚਰ ਦੇ ਸੜੇ ਟੁਕੜਿਆਂ ਨਾਲ ਭਰੀ ਪਈ ਸੀ। ਉਥੇ ਸੁਆਹ ਦੇ ਢੇਰ ਵੀ ਪਏ ਸਨ ਜੋ ਮਨੁੱਖ ਸਰੀਰ ਦੇ ਅਕਾਰ ਨਾਲ ਮਿਲਦੇ ਸਨ ਜਿਸ ਤੋਂ ਸਾਫ ਜ਼ਾਹਿਰ ਹੁੰਦਾ ਸੀ ਕਿ ਇਥੇ ਮਨੁੱਖੀ ਜੀਵਾਂ ਨੂੰ ਸਾੜਿਆ ਗਿਆ ਹੈ। ਕੁੱਤੇ ਆਪਣੇ ਸ਼ਿਕਾਰ ਦੀ ਖੋਜ ਵਿਚ ਘੁੰਮ ਰਹੇ ਸਨ।

ਜਦੋਂ ਅਸੀਂ ਇਹ ਡਰਾਉਣਾ ਦ੍ਰਿਸ਼ ਵੇਖਿਆ, ਸਾਨੂੰ ਯਾਦ ਆਇਆ ਕਿ ਅਸੀਂ ਸਵੇਰ ਦੀਆਂ ਅਖਬਾਰਾਂ ਵਿਚ ਉਸੇ ਦਿਨ ਕੀ ਪੜ੍ਹਿਆ ਸੀ। 2 ਨਵੰਬਰ ਦਿੱਲੀ ਵਿਚਲੀ ਸਥਿਤੀ ਬਿਆਨ ਕਰਦਿਆਂ, ਜਦੋਂ ਕਿ ਤਰਲੋਕਪੁਰੀ ਵਿਚ ਕਤਲੇਆਮ ਜੋਰਾਂ ਤੇ ਸੀ, ਲੈਫਟੀਨੈਂਟ ਗਵਰਨਰ ਸ੍ਰੀ ਗਵੱਈ ਨੇ ਦੱਸਿਆ ਸੀ ਕਿ ਹਾਲਾਤ ਕਾਬੂ ਵਿਚ ਹੈ। ਜੋ ਕੁਝ ਅਸੀਂ ਤਰਲੋਕਪੁਰੀ ਵਿਚ ਵੇਖਿਆ, ਇਹ ਸਪਸ਼ਟ ਸੀ ਕਿ 2 ਨਵੰਬਰ ਨੂੰ ਸਥਿਤੀ ਨਿਰਸੰਦੇਹ "ਕਾਬੂ ਹੇਠ" ਸੀ ਪਰ ਕਬਜ਼ਾ ਅਜਿਹੇ ਤਾਕਤਵਰ ਟੋਲੇ ਦੇ ਪ੍ਰਭਾਵਸ਼ਾਲੀ ਆਦਮੀਆਂ ਦਾ ਸੀ ਜਿਹੜੇ ਕਿ ਸਥਾਨਕ ਪੁਲੀਸ ਦੀ ਮਦਦ ਹਾਸਲ ਕਰਕੇ ਉਹਨਾਂ ਨੂੰ ਕਤਲੋ-ਗਾਰਤ ਵਿਚ ਹਿੱਸੇਦਾਰ ਬਣਾ ਸਕੇ ਅਤੇ ਸਾਰੀ ਪ੍ਰਬੰਧਕ-ਪ੍ਰਣਾਲੀ ਨੂੰ 48 ਘੰਟੇ ਤੋਂ ਵੱਧ ਸਮੇਂ ਲਈ ਬੇਕਾਰ ਬਣਾ ਕੇ, ਕਤਲ ਅਤੇ ਤਬਾਹੀ ਦੀ ਆਪਣੀ ਵਿਉਂਤਬੰਦੀ ਨੂੰ ਪੂਰੀ ਤਰ੍ਹਾਂ ਸਿਰੇ ਚੜ੍ਹਾ ਸਕੇ।

ਤਰਲੋਕਪੁਰੀ ਦੇ ਪੀੜਤਾਂ ਨੂੰ ਪਹਿਲੀ ਸਹਾਇਤਾ, ਅਧਿਕਾਰੀਆਂ ਵਲੋਂ ਨਹੀਂ ਸਗੋਂ ਸਿਰਫ ਚੌਵੀ ਕੁ ਬੰਦਿਆਂ ਦੇ ਇਕ ਵਲੰਟਰੀ ਗਰੁਪ ਨੇ ਦਿਤੀ ਜਿਨ੍ਹਾਂ ਨੇ ਉਹਨਾਂ ਲਈ ਖਾਣਾ, ਡਾਕਟਰੀ ਸਹਾਇਤਾ ਅਤੇ ਮਨੁੱਖੀ ਭਾਵਨਾ ਲਿਆਂਦੀ। ਭਾਵੇਂ ਕਿ ਪੀੜਤ ਔਰਤ ਨੇ ਬੱਚੇ ਨੂੰ ਜਨਮ ਦਿਤਾ ਸੀ, ਅਧਿਕਾਰੀਆਂ ਨੇ ਉਸ ਔਰਤ ਜਾਂ ਹੋਰਨਾਂ ਆਦਮੀਆਂ, ਜਿਹੜੇ ਕਿ ਇਕ ਦਿਨ ਪਹਿਲਾਂ ਬੁਰੀ ਤਰ੍ਹਾਂ ਜ਼ਖਮੀ ਹੋਏ ਸਨ, ਲਈ ਕੋਈ ਡਾਕਟਰੀ ਸਹਾਇਤਾ ਦਾ ਪ੍ਰਬੰਧ ਨਾ ਕੀਤਾ। ਇਸ ਵਲੰਟਰੀ ਟੀਮ ਦੇ ਮੈਂਬਰਾਂ ਨੇ ਸਿੱਖ ਪਰਿਵਾਰ ਜਿਹੜੇ ਕਿ ਹਿੰਦੂ ਘਰਾਂ 'ਚ ਸ਼ਾਮ ਦੇ ਸਾਢੇ ਸੱਤ ਵਜੇ ਤਕ ਵੀ ਛੁਪੇ ਹੋਏ ਸਨ, ਨੂੰ ਸੁਰਖਿਅਤ ਥਾਵਾਂ ਤੇ ਪਹੁੰਚਾਇਆ ਇਹ ਬਚਾਅ ਜ਼ਿਲਾ ਕਮਿਸ਼ਨਰ ਦੀ ਮੌਜੂਦਗੀ ਵਿਚ ਕੀਤਾ ਗਿਆ ਜਿਸਨੂੰ ਕਾਫੀ ਦਬਾਅ ਤੋਂ ਬਾਅਦ ਸਹਾਇਤਾ ਲਈ ਮਨਾ ਲਿਆ ਗਿਆ ਸੀ। ਅਧਿਕਾਰੀਆਂ ਨੇ ਪੀੜਤਾਂ ਨੂੰ ਵਿਸ਼ਵਾਸ਼ ਦੁਆਇਆ ਕਿ ਉਹਨਾਂ ਨੂੰ ਪੂਰੀ ਸਹਾਇਤਾ ਅਤੇ ਕੰਬਲ ਆਦਿ ਵੀ ਦਿਤੇ ਜਾਣਗੇ। ਭਾਵੇਂ ਉਹਨਾਂ ਕੋਲ ਦੇਣ ਲਈ ਹੱਥ ਪੱਲੇ ਕੁਝ ਵੀ ਨਹੀਂ ਸੀ। ਦਰਅਸਲ ਅਧਿਕਾਰੀ ਫਰਸ਼ ਬਜ਼ਾਰ ਕੈਂਪ(ਜਿਥੇ ਤਰਲੋਕਪੁਰੀ ਦੇ ਪੀੜਤਾਂ ਨੂੰ ਭੇਜਿਆ ਗਿਆ ਸੀ) ਨੂੰ ਆਪਣੀ ਯੋਗਤਾ ਦਾ ਸਬੂਤ ਦੇਣ ਲਈ ਵਰਤ ਰਹੇ ਸਨ ਹਾਲਾਂ ਕਿ ਕੰਮ ਦਾ ਵੱਡਾ ਹਿੱਸਾ ਵਲੰਟਰੀ ਜਥੇਬੰਦੀਆਂ ਰਾਹੀਂ ਕੀਤਾ ਗਿਆ। (ਚਲਦਾ)

.ਗਜ਼ਲ

ਪਰਮਜੀਤ ਸਿੰਘ 'ਕੰਵਲ'(ਰਾਮਪੁਰੀ)

ਜਦੋਂ ਵੀ ਧਰਮ ਦੇ ਉਹਲੇ, ਜ਼ੁਲਮ ਦੁਨੀਆਂ ਤੇ ਛਾਇਆ ਏ,
ਉਦੋਂ ਹੀ ਏਸ ਧਰਤੀ ਤੇ, ਕੋਈ ਅਵਤਾਰ ਆਇਆ ਏ।

ਜਿਹਨਾਂ ਨੇ ਜ਼ੁਲਮ ਕੀਤੇ ਨੇ, ਬੰਦੇ ਦੀ ਜ਼ਾਤ ਦੇ ਉਤੇ,
ਉਹਨਾਂ ਕੌਮਾਂ ਦਾ ਦੁਨੀਆਂ ਤੋਂ, ਹੁੰਦਾ ਤੱਕਿਆ ਸਫਾਇਆ ਏ।

ਆਪ ਤਾਂ ਦੇ ਨਹੀਂ ਸਕਦਾ, ਕਿਸੇ ਨੂੰ ਇਕ ਚੂਲੀ ਪਾਣੀ,
ਇਹ ਨਿੰਦਿਆ ਓਸ ਦੀ ਕਰਦਾ, ਜਿਹੜਾ ਗੰਗਾ ਲਿਆਇਆ ਏ।

ਚੜ੍ਹਿਆ ਚੰਨ ਨਹੀਂ ਦਿਸਦਾ, ਹਨੇਰਾ ਛਾ ਗਿਆ ਐਨਾ,
ਚੋਕਰਾਂ ਚੁਪ ਵਟ ਲੀਤੀ, ਰੌਲਾ ਉਲੂਆਂ ਨੇ ਪਾਇਆ ਏ।

ਜ਼ਮਾਨੇ ਦੀ ਨਜ਼ਰ ਤੋਂ ਤੂੰ, ਗੁਨਾਹ ਆਪਣੇ ਛੁਪਾ ਸਕਦੈਂ,
ਛੁਪਾਵੇਂਗਾ ਕਿਵੇਂ ਇਸ ਤੋਂ, ਜੋ ਕਣ ਕਣ ਵਿਚ ਸਮਾਇਆ ਏ।

ਤੂਫਾਨਾਂ ਨਾਲ ਟੁਟ ਜਾਂਦੇ, ਜੋ ਬੂਟੇ ਝੁਕ ਨਹੀਂ ਸਕਦੇ,
ਉਹੋ ਬਚ ਜਾਂਦੀਆਂ ਲਗਰਾਂ, ਜਿਹਨਾਂ ਨੇ ਸਿਰ ਝੁਕਾਇਆ ਏ।

ਜ਼ਮਾਨੇ ਸਾਹਮਣੇ ਉਹਨੂੰ ਵੀ ਇਕ ਦਿਨ ਨੱਚਣਾ ਪੈਣਾ,
ਉਂਗਲਾਂ ਤੇ ਜ਼ਮਾਨੇ ਨੂੰ 'ਕੰਵਲ' ਜਿਸ ਨੇ ਨਚਾਇਆ ਏ।

ਚੌਬਰਗੀ

ਸ਼ੌਕ ਜਿਹਨਾਂ ਨੂੰ ਪੀਣ ਦਾ ਹੁੰਦਾ, ਉਹ ਆਣ ਮੈ-ਖਾਨੇ ਬਹਿੰਦੇ।
ਬੜੀ ਆਜ਼ਜ਼ੀ ਨਾਲ ਸਾਕੀ ਨੂੰ, ਇਕ ਘੁਟ ਪੀਣ ਲਈ ਕਹਿੰਦੇ।
ਇਕ ਘੁਟ ਪੀ ਕੇ ਚੜ੍ਹੀ ਖੁਮਾਰੀ ਸਭ ਹੋਸ਼ ਹਵਾਸ ਖੋਹ ਬੈਠੇ।
"ਕੰਵਲ" ਹੋਰ ਉਹ ਮੁੜ ਮੁੜ ਮੰਗਣ, ਹੋਸ਼ ਵਿਚ ਜੋ ਰਹਿੰਦੇ।

ਸਾਂਝੀ

ਅਵਤਾਰ ਰੋਡੇ, ਕੁਨੈਲ

ਮੇਰੇ ਕੰਮ ਦਾ
ਕੋਈ ਨਿਯਤ ਸਮਾਂ ਨਹੀਂ
ਗਰਮੀ, ਸਰਦੀ ਦਿਨ ਰਾਤ
ਮੀਂਹ ਹਨੇਰੀ, ਵੇਲੇ ਕਵੇਲੇ
ਬਸ ਮਾਲਕ ਦੇ ਇਸ਼ਾਰੇ ਤੇ
ਪਾਲਤੂ ਜਾਨਵਰ ਵਾਂਗ
ਕੰਮ ਤੇ ਜੁੱਟ ਜਾਂਦਾ ਹਾਂ।

ਜੇਠ ਹਾੜ੍ਹ ਦੀਆਂ
ਚੁਭਵੀਆਂ ਧੁੱਪਾਂ ਵਿਚ
ਮੇਰੀ ਭਰਵੀਂ ਤੇ ਸਜਰੀ
ਮੁਰਝਾਈ ਜਵਾਨੀ
ਕਾਲੀਆਂ ਹਨੇਰੀਆਂ ਰਾਤਾਂ ਨੂੰ
ਪਾਣੀਆਂ ਦੇ ਨੱਕੇ ਮੋੜਦੀ ਹੈ

ਪੋਹ ਮਾਘ ਦੇ ਮਹੀਨੇ
ਹੱਥਾਂ ਪੈਰਾਂ ਵਿਚ
ਪਈਆਂ ਕੱਚੀ ਕੰਧ ਦੇ
ਪਾਟੇ ਲਿਉੜਾਂ ਵਾਂਗ ਵਿਆਈਆਂ
ਚੋਂ ਸਿੰਮਦੇ ਲਹੂ ਨਾਲ
ਖੇਤਾਂ ਨੂੰ ਸਿੰਜਦਾ
ਖੁਰਦੀਆਂ ਵੱਟਾਂ ਵਾਂਗ
ਮੈਂ ਆਪ ਖੁਰ ਜਾਂਦਾ ਹਾਂ।

ਤੈਥੋਂ ਉਧਾਰ ਲਈ ਰਕਮ
ਕਈ ਗੁਣਾਂ ਹੋ ਕੇ
ਮੇਰੇ ਸਾਰੇ ਪ੍ਰਵਾਰ ਨੂੰ
ਤੇਰਾ ਗੁਲਾਮ ਬਣਾ ਦਿੰਦੀ ਹੈ
ਮੇਰੀ ਇਕ ਛੋਟੀ ਜਿਹੀ ਭੁਲ ਤੇ
ਮੈਨੂੰ ਬੇ-ਇੱਜ਼ਤ ਕਰਦਿਆਂ
ਗੁੱਸੇ 'ਚ ਆ ਕੇ
ਮੇਰੇ ਨਾਂ ਨਾਲ ਕਈ ਤਰ੍ਹਾਂ ਦੇ
ਵਿਸ਼ੇਸਣ ਲਾ ਕੇ ਲਲਕਾਰਦਾ ਹੈ।

ਮੇਰੇ ਨਾਲੋਂ ਤਾਂ ਤੇਰੇ ਪਸ਼ੂ ਚੰਗੇ
ਜਿਨਾਂ ਦੇ ਪਿੰਡੇ 'ਤੇ ਹਰ ਰੋਜ਼
ਪਿਆਰ ਨਾਲ ਥਾਪੀ ਤਾਂ ਦਿੰਦਾ ਹੈਂ
ਪਰ ਮੈਨੂੰ ਹੱਥ ਲਾਇਆਂ
ਤੇਰਾ ਸਰੀਰ ਭਰਿਸ਼ਟ ਹੁੰਦਾ ਹੈ
ਮੇਰੇ ਕੋਲੋਂ
ਤੈਨੂੰ ਗਰੀਬੀ ਦੀ ਸੂਕ ਆਉਂਦੀ ਹੈ

ਬਿਜਾਈ ਤੋਂ ਲੈ ਕੇ
ਆਟੇ ਦੀ ਪਿਸਾਈ ਤੱਕ
ਸਾਰਾ ਸਾਲ ਖੂਨ ਪਸੀਨੇ ਦੀ
ਕਮਾਈ ਕਰਦਾ
ਮੈਂ ਖੁਦ ਆਪ ਸਿਪ ਜਾਂਦਾ ਹਾਂ
ਫਿਰ ਵੀ ਹਰ ਰੋਜ਼
ਕਿਸੇ ਭਿਖਾਰੀ ਵਾਂਗ ਦੂਰ ਬੈਠ
ਰੋਟੀ ਦੀ ਉਡੀਕ ਕਰਨੀ ਪੈਂਦੀ ਹੈ
ਜਦ ਦੋ ਚਾਰ ਰੁਖੀਆਂ ਮਿਸੀਆਂ
ਤੇਰੀ ਨਫਰਤ ਦਾ ਪਲੇਥਣ ਲੱਗ
ਮੇਰੇ ਕਮਾਊ ਹੱਥਾਂ ਤੇ
ਦੂਰੋਂ ਹੀ ਸੁੱਟ ਦਿਤੀਆਂ ਜਾਂਦੀਆਂ ਹਨ।

ਰੈਸਪੋਟਨ

ਰੇਸਪੋਟਨਾਂ
ਲੰਮੀ ਦਾੜ੍ਹੀ ਤੇ ਮੋਟੀਆਂ ਅੱਖਾਂ ਵਾਲਿਆ
ਨੌਰਾਨੀ ਚਿਹਰੇ ਵਾਲਿਆ
ਤੂੰ ਆਪਣੇ ਵੰਨ ਸਵੰਨੇ ਵਸਥਾਂ ਰਾਹੀਂ
ਕਿਕਣ ਸ਼ਾਹਾਂ ਦੇ ਮਹੱਲਾਂ ਅੰਦਰ
ਮੁੱਢ-ਕਦੀਮ ਤੋਂ ਲੈਕੇ ਅੱਜ ਤਕ
ਦਾਖਲ ਹੋ ਕੇ ਹਕੂਮਤਾਂ ਕਰਦਾ ਆਇਆਂ
ਤੂੰ ਜਿਹੜਾ ਆਪਣੇ ਆਪ ਨੂੰ ਲਹੂ ਦੇ
ਸਕਾਹਰੇ ਵਗਣ ਦੇ ਰੋਗ ਦੇ ਇਲਾਜ ਨੂੰ
ਆਪਣੇ ਸੀਨੇ ਵਿਚ ਲੁਕਾਈ ਫਿਰਦਾ ਏ
ਤੂੰ ਹਮੇਸ਼ਾ ਸ਼ਾਹਾਂ ਨਾਲ ਮਿਲ ਕੇ ਲੋਕਾਈ ਉਪਰ
ਤੂੰਅ ਕੀਤੇ ਜ਼ੁਲਮ ਢਾਏ
ਤੂੰ ਹੇਮੂ ਫਲੀਲਾਂ ਦੇ ਇਲਾਜ ਦਾ ਜਾਣੂ
ਹੁਣ ਅਸਾਂ ਤੇਰੀ ਤੇ ਤੇਰੇ ਨਵੇਂ ਸ਼ਾਹ ਦੀ
ਰੱਤ ਵਗਾਉਣੀ ਏ
ਇਸ ਤਰਾਂ ਪਈ ਉਹ ਸਾਰੀ ਦੁਨੀਆਂ ਦੇ ਰੈਪੋਟੀਨਾ
ਨੂੰ ਵੀ ਸਦਵਾਣਗੇ
ਪਰਾਧਨਾ ਦਾ ਵਗਦਾ ਖੂਨ ਨਹੀਂ ਡਕਿਆ ਜਾਵੇਗਾ
ਤੇ ਉਹ ਤੇ ਤੂੰ ਅੱਡੀਆਂ ਰਗੜ ਰਗੜ ਕੇ
ਮਰ ਜਾਉਂਗੇ।

ਫ਼ਖ਼ਰ ਜ਼ਮਾਂ

‘ਗੁਰੂ ਨਾਨਕ’ ਤੋਂ ਪਹਿਲਾਂ ਵੀ ਗੁਰਮੁਖੀ ਦੀ ਹੋਂਦ


ਚੰਡੀਗੜ੍ਹ: ਪੰਜਾਬ ਦੀ ਧਰਤੀ ਦਾ ਸ਼ਾਇਦ ਹੀ ਕੋਈ ਅਜਿਹਾ ਖੰਡ ਹੋਵੇ ਜਿਸਦਾ ਇਤਿਹਾਸ ਤੇ ਪ੍ਰਾਚੀਨ ਸਭਿਅਤਾ ਨਾਲ ਕੋਈ ਸੰਬੰਧ ਨਾ ਹੋਵੇ। ਆਦਿ ਮਨੁੱਖ ਤੋਂ ਬਿਨਾਂ ਦਰਾਵੜ, ਭੀਲ, ਆਰੀਏ, ਹੂਨ, ਯੂਨਾਨੀ ਤੇ ਮੁਸਲਮਾਨ ਇਸ ਦੀ ਹਿੱਕ ਤੇ ਪੈਰ ਰੱਖਕੇ ਭਾਰਤ ਵੱਲ ਵਧਦੇ ਰਹੇ। ਪੰਜਾਬ ਦੇ ਲੋਕਾਂ ਨੂੰ ਜਿਥੇ ਇਨ੍ਹਾਂ ਦੇ ਹਮਲਿਆਂ ਦੀ ਤਾਬ ਸਹਾਰਨੀ ਪਈ ਉਥੇ ਇਥੇ ਦੇ ਲੋਕਾਂ ਨੇ ਇਨ੍ਹਾ ਸਭਿਅਤਾਵਾਂ ਤੋਂ ਬਹੁਤ ਕੁਝ ਗ੍ਰਹਿਣ ਵੀ ਕੀਤਾ। ਪੰਜਾਬ ਦੇ ਬਹੁਤ ਸਾਰੇ ਸ਼ਹਿਰ ਨਗਰ, ਕਸਬੇ, ਤੇ ਗਿਰਾਂ ਸਮੇਂ ਦੇ ਫੇਰ ਅਤੇ ਭੂਗੋਲਿਕ ਤਬਦੀਲੀਆ ਦੇ ਕਾਰਨ ਦਰਿਆਵਾਂ ਅਤੇ ਧਰਤੀ ਹੇਠ ਸਮਾ ਗਏ। ਕਦੇ ਕਦੇ ਭੋਇੰ ਦੀ ਖੁਦਾਈ ਦੇ ਕਾਰਨ ਕੁਝ ਅਜਿਹੇ ਚਿੰਨ੍ਹ ਲੱਭ ਪੈਂਦੇ ਹਨ ਜਿਨ੍ਹਾਂ ਰਾਹੀਂ ਇਥੋਂ ਦੇ ਲੋਕਾਂ ਦੀ ਬੋਲੀ ਅਤੇ ਸਭਿਅਤਾ ਦਾ ਪਤਾ ਲੱਗਦਾ ਹੈ।

ਜਗਰਾਓਂ: ਬਰਨਾਲਾ ਸੜਕ ਤੇ ਜਗਰਾਓਂ ਤੋਂ 25 ਕਿਲੋਮੀਟਰ ਦੀ ਵਿਥ ਤੇ ਹਠੂਰ ਨਾਂ ਦਾ ਇਕ ਪਿੰਡ ਹੈ ਜਿਸ ਦੇ ਇਕ ਟਿੱਲੇ ਦੀ ਖੁਦਾਈ ਕਰਦਿਆ ਬਹੁਤ ਸਾਰੀਆਂ ਪ੍ਰਾਚੀਨ ਵਸਤਾਂ ਮਿਲੀਆਂ ਹਨ। ਇਕ ਸਮੇਂ ਸਤਲੁਜ ਹਿਲਾੜ ਤੇ ਮੰਡ ਦੇ ਇਲਾਕੇ ਵਿਚਕਾਰ ਲੀਹ ਪਾਉਂਦਾ ਸੀ। ਹਠੂਰ ਕਿਉਂਕਿ ਹਿਟਰ ਰਿਜਨ ਦੇ ਆਖਰੀ ਸਿਰੇ ਤੇ ਸੀ। ਇਸ ਲਈ ਇਸ ਦਾ ਨਾਂ ਹਠੂਰ ਪੈ ਗਿਆ। ਇਕ ਸਮੇਂ ਇਹ ਜੈਨੀਆਂ ਦਾ ਪਵਿੱਤਰ ਸ਼ਹਿਰ ਸੀ ਅਤੇ ਆਪਣੇ ਬਾਗਾਂ ਤੇ ਵਪਾਰ ਲਈ ਪ੍ਰਸਿੱਧ ਸੀ।

ਨੌਵੀਂ ਸਦੀ ਵਿਚ ਇਹ ਪ੍ਰਿਥਵੀ ਰਾਜ ਚੌਹਾਨ ਦੇ ਬਜ਼ੁਰਗਾਂ ਤੂਰ ਰਾਜਿਆ ਦੇ ਅਧੀਨ ਸੀ ਤੇ ਫਿਰ ਇਥੇ ਮੰਜ ਰਾਜ ਕਰਦੇ ਰਹੇ। ਜੈਸਮਲੇਰ ਦੇ ਰਾਜਪੂਤਾਂ ਅਤੇ ਕਨਿਸ਼ਕ ਨੇ ਵੀ ਇਸ ਨੂੰ ਆਪਣੇ ਅਧੀਨ ਰੱਖਿਆ

ਇਸ ਇਤਿਹਾਸਕ ਨਗਰ ਦੇ ਟਿੱਲੇ ਦੀ ਖੁਦਾਈ ਸਮੇਂ ਜੋ ਵਸਤਾਂ ਨਿਕਲੀਆ ਹਨ ਉਨ੍ਹਾਂ ਵਿਚ ਸ਼ਾਰਦਾ ਲਿਪੀ ਦੀਆਂ ਕੁਝ ਸਿਲਾ ਵੀ ਹਨ। ਸ਼ਾਰਦਾ ਲਿਪੀ ਤੋਂ ਗੁਰਮੁਖੀ ਲਿਪੀ ਦਾ ਆਰੰਭ ਹੋਇਆ ਦਸਿਆ ਜਾਂਦਾ ਹੈ ਤੇ ਗੁਰੂ ਨਾਨਕ ਦੇਵ ਜੀ ਦੇ ਵੇਲੇ ਇਹ ਲਿਪੀ ਆਮ ਵਰਤੀ ਜਾਂਦੀ ਸੀ। ਇਸ ਟਿੱਲੇ ਤੋਂ ਬਹੁਤ ਸਾਰੇ ਪੁਰਾਣੇ ਸਿਕੇ ਤੇ ਕਪੜੇ ਵੀ ਮਿਲੇ ਹਨ। ਕਸਬੇ ਦੇ ਬਾਹਰ ਰਾਇ ਫਿਰੋਜ਼ ਦਾ ਮਕਬਰਾ ਵੀ ਜੋ ਕਿ ਪੁਰਾਣੀਆਂ ਇੱਟਾਂ ਦਾ ਬਣਿਆ ਹੋਇਆ ਹੈ।

ਕਲ੍ਹ ਇਸ ਪਿੰਡ ਵਿਚ ਸ੍ਰੀ ਜਗਦੇਵ ਸਿੰਘ ਜੱਸੋਵਾਲ ਦੀ ਪ੍ਰਧਾਨਗੀ ਹੇਠ ਇਕ ਕਾਨਫਰੰਸ ਹੋਈ ਜਿਸ ਵਿਚ ਪਿੰਡ ਦੇ ਲੋਕਾਂ ਨੇ ਸਰਕਾਰ ਤੇ ਮੰਗ ਕੀਤੀ ਕਿ ਉਹ ਪ੍ਰਾਚੀਨ ਲਭਤਾਂ ਨੂੰ ਸੰਭਾਲੇ। ਇਹ ਲਭਤਾਂ 8ਵੀਂ ਸਦੀ ਤਕ ਦੀਆਂ ਹਨ। ਸ੍ਰੀ ਜਸੋਵਾਲ ਨੇ ਪਤਰਕਾਰਾਂ ਨੂੰ ਦਸਿਆ ਕਿ ਰਾਇ ਫਿਰੋਜ਼ ਦੇ ਮਕਬਰੇ ਤੋਂ ਮਿਲੀਆ ਲਿਖਤਾਂ ਤੋਂ ਪਤਾ ਲੱਗਦਾ ਹੈ ਕਿ ਗੁਰਮੁਖੀ ਗੁਰੂ ਨਾਨਕ ਦੇਵ ਜੀ ਤੋਂ ਪਹਿਲਾਂ ਵੀ ਵਰਤੀ ਜਾਂਦੀ ਸੀ।



ਪਿੰਡ ਹਠੂਰ ਵਿਚੋਂ ਮਿਲੀ ਸ਼ਾਰਦਾ ਲਿਪੀ ਦਾ ਨਮੂਨਾ ਇਹ ਲਿਪੀ ਗੁਰਮੁਖੀ ਦੇ ਨੇੜੇ ਹੈ ਤੇ ਗੁਰੂ ਨਾਨਕ ਦੇਵ ਜੀ ਤੋਂ ਪਹਿਲਾਂ ਪੰਜਾਬ ’ਚ ਪ੍ਰਚਲਤ ਸੀ।

ਦੋ ਕਥਿਤ ਅਤਿਵਾਦੀ ਜ਼ਮਾਨਤ ’ਤੇ ਰਿਹਾਅ

ਪਟਿਆਲਾ: ਵਿਸ਼ੇਸ਼ ਅਦਾਲਤ ਪਟਿਆਲਾ ਦੇ ਜੱਜ ਸ੍ਰੀ ਅੰਮ੍ਰਿਤ ਲਾਲ ਬਾਹਰੀ ਨੇ ਦੋ ਕਥਿਤ ਅਤਿਵਾਦੀਆ ਗੁਰਸੇਵਕ ਸਿੰਘ ਅਤੇ ਅਮਰਜੀਤ ਸਿੰਘ ਨੂੰ ਜ਼ਮਾਨਤ ’ਤੇ ਰਿਹਾਅ ਕਰਨ ਦਾ ਹੁਕਮ ਦਿਤਾ ਹੈ। ਇਸ ਲਈ ਜ਼ਮਾਨਤੀ ਰਕਮ ਦਾ ਫੈਸਲਾ ਕਰਨ ਦਾ ਅਧਿਕਾਰ ਚੀਫ ਜੁਡੀਸ਼ਲ ਮੈਜਿਸਟਰੇਟ ਪਟਿਆਲਾ ’ਤੇ ਛੱਡ ਦਿਤਾ ਗਿਆ ਹੈ।

ਕੇਸ ਅਨੁਸਾਰ ਇਨ੍ਹਾਂ ਦੋਵਾਂ ਕਥਿਤ ਦੋਸ਼ੀਆਂ ਨੂੰ ਦੋ ਜੂਨ 1984 ਨੂੰ ਗੁਰਦੁਆਰਾ ਦੁਖ ਨਿਵਾਰਨ ਸਾਹਿਬ ਵਿਚ ਤਿੰਨ ਨੌਜਵਾਨਾਂ ਦੀ ਕਥਿਤ ਤੌਰ ’ਤੇ ਹੱਤਿਆ ਕਰਕੇ ਲਾਸ਼ਾਂ ਬਾਹਰ ਸਰਹੰਦ ਰੋਡ ’ਤੇ ਸੁੱਟਣ ਦੇ ਦੋਸ਼ ਵਿਚ ਭਾਰਤੀ ਦੰਡ ਵਿਧਾਨ ਧਾਰਾ 302/34 ਅਧੀਨ ਗ੍ਰਿਫਤਾਰ ਕੀਤਾ ਗਿਆ ਸੀ।

ਸ਼੍ਰੋਮਣੀ ਕਮੇਟੀ ਵਲੋਂ ਵਿਸਾਖੀ ਤੇ ਪੰਜਾ ਸਾਹਿਬ ਲਈ ਜਥਾ ਨਾ ਲਿਜਾਣ ਦਾ ਫੈਸਲਾ

ਅੰਮ੍ਰਿਤਸਰ: (ਯੂ. ਐਨ. ਆਈ.) — ਸਰਕਾਰ ਵਲੋਂ ਸ਼੍ਰੋਮਣੀ ਕਮੇਟੀ ਦਾ ਕੋਟਾ ਘੱਟ ਕੀਤੇ ਜਾਣ ਵਿਰੁਧ ਰੋਸ ਵਜੋਂ ਕਮੇਟੀ ਨੇ ਐਤਕੀਂ ਵਿਸਾਖੀ ਦੇ ਤਿਉਹਾਰ ’ਤੇ ਪਾਕਿਸਤਾਨ ਦੇ ਗੁਰਧਾਮਾਂ ਦੀ ਯਾਤਰਾ ਲਈ ਜਥਾ ਨਾ ਭੇਜਣ ਦਾ ਫੈਸਲਾ ਕੀਤਾ ਹੈ।

ਇਹ ਫੈਸਲਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਕਾਰਜਕਾਰਨੀ ਦੀ ਅਜ ਇਥੇ ਹੋਈ ਮੀਟਿੰਗ ਵਿਚ ਕੀਤਾ ਗਿਆ।

ਕਮੇਟੀ ਵਲੋਂ ਜਾਰੀ ਕੀਤੇ ਗਏ ਇਕ ਪ੍ਰੈਸ ਨੋਟ ਵਿਚ ਕਿਹਾ ਗਿਆ ਹੈ ਕਿ ਕਮੇਟੀ ਇਕ ਦਹਾਕੇ ਤੋਂ ਹਰ ਸਾਲ ਵਿਸਾਖੀ ਦੇ ਤਿਉਹਾਰ ‘ਤੇ 1800 ਯਾਤਰੂਆਂ ਦਾ ਜਥਾ ਪਾਕਿਸਤਾਨ ਵਿਚ ਪੰਜਾ ਸਾਹਿਬ ਵਿਖੇ ਭੇਜਦੀ ਆ ਰਹੀ ਹੈ। ਪਰ ਐਤਕੀਂ ਸਰਕਾਰ ਨੇ ਬਿਨਾ ਕੋਈ ਕਾਰਨ ਦੱਸਿਆਂ ਯਾਤਰੂਆਂ ਦੇ ਸ਼੍ਰੋਮਣੀ ਕਮੇਟੀ ਦੇ ਕੋਟੇ ਨੂੰ ਘੱਟ ਕਰਕੇ 1020 ਕਰ ਦਿਤਾ ਹੈ।

ਸਰਕਾਰ ਨੇ ਸ਼੍ਰੋਮਣੀ ਕਮੇਟੀ ਦੇ ਕੋਟੇ ਦੀ ਫੀਸਦੀ ਨੂੰ ਘੱਟ ਨਹੀਂ ਕੀਤਾ, ਪਰ ਜਥੇ ਦੀ ਕੁਲ ਗਿਣਤੀ ਹੀ ਤਿੰਨ ਹਜ਼ਾਰ ਤੋਂ ਘਟਾ ਕੇ 1700 ਕਰ ਦਿਤੀ ਹੈ। ਸ਼੍ਰੋਮਣੀ ਕਮੇਟੀ ਨੂੰ ਕੁਲ ਜਥੇ ਦਾ 60 ਫੀਸਦੀ ਹਿੱਸਾ ਭੇਜਣ ਦਾ ਅਧਿਕਾਰ ਹਾਸਲ ਹੈ।

ਪ੍ਰੈਸ ਨੋਟ ਵਿਚ ਕਿਹਾ ਗਿਆ ਹੈ ਕਿ ਸ਼੍ਰੋਮਣੀ ਕਮੇਟੀ ਨੇ 1980 ਵਿਚ ਵੀ ਯਾਤਰੂਆਂ ਦਾ ਜਥਾ ਨਹੀਂ ਸੀ ਭੇਜਿਆ ਕਿਉਂਕਿ ਉਦੋਂ ਵੀ ਸਰਕਾਰ ਨੇ ਕਮੇਟੀ ਦੇ ਕੋਟੇ ਵਿਚ ਕਮੀ ਕਰ ਦਿਤੀ ਸੀ। ਇਸ ਕਾਰਨ ਦਿੱਲੀ ਅਕਾਲੀ ਦਲ ਦੇ ਉਦੋਂ ਦੇ ਮੁਖੀਂ ਜਥੇਦਾਰ ਸੰਤੋਖ ਸਿੰਘ ਨੇ ਜਥੇ ਦੀ ਅਗਵਾਈ ਕੀਤੀ ਸੀ।

ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਕੁਲਦੀਪ ਸਿੰਘ ਵਡਾਲਾ ਨੇ ਕਮੇਟੀ ਦੇ ਕੋਟੇ ਨੂੰ ਘੱਟ ਕਰਨ ਦੀ ਨਿੰਦਾ ਕਰਦੇ ਹੋਏ ਦੋਸ਼ ਲਾਇਆ ਕਿ ਸਰਕਾਰ ਦੀ ਇਹ ਕਾਰਵਾਈ ਕਮੇਟੀ ਨਾਲ ਮਜ਼ਾਕ ਅਤੇ ਸਾਰੇ ਸਿੱਖਾਂ ਦੀ ਬੇਕਦਰੀ ਹੈ।

ਕਮੇਟੀ ਨੇ ਸਾਰੇ ਸਿੱਖਾਂ ਨੂੰ ਅਪੀਲ ਕੀਤੀ ਹੈ ਕਿ ਵਿਸਾਖੀ ਦੇ ਤਿਉਹਾਰ ਤੇ ਜੇਕਰ ਸਰਕਾਰ ਆਪਣੇ ਬੰਦਿਆ ਦਾ ਜਥਾ ਲਿਜਾਣਾ ਚਾਹੇ ਤਾਂ ਉਸ ਜਥੇ ਵਿਚ ਸ਼ਾਮਲ ਨਾ ਹੋਣ।

ਇਕ ਹੋਰ ਕੇਸ ਵਿਚ ਵਿਸ਼ੇਸ਼ ਅਦਾਲਤ ਨੇ ਰਾਜਪੁਰਾ ਤਹਿਸੀਲ ਦੇ ਪਿੰਡ ਖੰਡੋਲੀ ਵਿਚ ਪਿਛਲੇ ਸਾਲ ਹੋਏ ਚਾਰ ਵਿਅਕਤੀਆਂ ਦੇ ਕਤਲ ਕੇਸ ਵਿਚ ਗ੍ਰਿਫਤਾਰ ਕੀਤੇ ਕਥਿਤ ਦੋਸ਼ੀਆਂ ਸੁਲਤੀ ਰਿਸ਼ੀ ਦੇਵ ਨੂੰ ਬਰੀ ਕਰ ਦਿਤਾ ਹੈ ਜਦੋਂ ਕਿ ਇਸੇ ਕੇਸ ਦਾ ਦੂਜਾ ਦੋਸ਼ੀ ਭਰਤਰਿਸ਼ੀ ਦੇਵ ਹਾਲੇ ਤਕ ਫਰਾਰ ਹੈ ਤੇ ਅਦਾਲਤ ਨੇ ਉਸ ਨੂੰ ਇਸ਼ਤਿਹਾਰੀ ਮੁਜਰਿਮ ਕਰਾਰ ਦਿਤਾ ਹੋਇਆ ਹੈ।

ਸਾਹਿਤ ਦਰਪਣ

ਰੁਬਾਈਆਂ — ਉਮਰ ਖ਼ਿਯਾਮ

21

ਮੇਰੇ ਵਸ ਦੀ ਗਲ ਨਹੀਂ ਸੀ ਆਦ ਸਮੇਂ ਜਗ ਆਉਣਾ
ਕਿਸੇ ਨਹੀਂ ਹੈ ਮੇਥੋਂ ਪੁਛਣਾ ਕਿਸ ਵੇਲੇ ਤੁਰ ਜਾਣਾ
ਸਾਕੀ ਛੇਤੀ ਹਿੰਮਤ ਕਰਕੇ ਭਰ ਦੇ ਮਦ ਦਾ ਸਾਗਰ
ਮਦ ਦੇ ਨਾਲ ਹੀ ਸੌਖਾ ਹੋਵੇ ਜਗ ਦੇ ਦੁਖੜੇ ਸਹਿਣਾ

22

'ਖ਼ਿਯਾਮ' ਕਿ ਜਿਸ ਨੇ ਗਿਆਨ ਦਾ ਤੰਬੂ ਔਖੇ ਹੋ ਬਣਾਇਆ
ਗਮਾਂ ਦੀ ਭੱਠੀ ਦੇ ਵਿਚ ਡਿਗ ਕੇ ਅਪਣਾ ਆਪ ਜਲਾਇਆ
ਉਸਦੇ ਜੀਵਨ ਦੇ ਤੰਬੂ ਦੇ ਕਿਸਮਤ ਤੋੜੇ ਧਾਗੇ
ਆਸਾ ਦੇ ਦਲਾਲ ਨੇ ਉਸ ਦਾ ਇਕ ਨਗ਼ਮਾ ਮੁਲ ਪਾਇਆ

23

'ਖ਼ਿਯਾਮ' ਤੂੰ ਆਪਣੇ ਪਾਪਾਂ ਉਪਰ ਕਿਉਂ ਏਂ ਮਾਤਮ ਕਰਦਾ
ਦਿਨ ਰਾਤੀਂ ਤੂੰ ਇਨ੍ਹਾਂ ਗ਼ਮਾਂ ਵਿਚ ਕਿਉਂ ਫਿਰਦਾਂ ਏਂ ਮਰਦਾ
ਪਾਪ ਨਹੀਂ ਹਨ ਜਿਸ ਨੇ ਕੀਤੇ ਉਹ ਕਿਉਂ ਬਖ਼ਸ਼ਿਸ਼ ਲੋੜੇ ?
ਪਾਪੀ ਬੰਦਿਆਂ ਲਈ ਜੇ ਬਖ਼ਸ਼ਸ਼ ਫ਼ਿਰ ਕਾਹਤੋਂ ਏਂ ਡਰਦਾ

24

ਮਸਜਿਦ, ਗਿਰਜੇ ਅਤੇ ਮਦਰਸੇ ਜਿਹੜੇ ਫ਼ਿਰਦੇ ਭੌਂਦੇ
ਨਰਕਾਂ ਤੋਂ ਉਹ ਡਰਦੇ ਹੋਏ ਸੁਰਗਾਂ ਲਈ ਲਲਚਾਉਂਦੇ
ਭੇਦ ਖ਼ੁਦਾ ਦਾ ਜਾਨਣ ਵਾਲੇ ਸੁਘੜ ਸਿਆਣੇ ਬੰਦੇ
ਸੁਰਗ ਨਰਕ ਦੇ ਮਸਲੇ ਦਾ ਹੈ ਦਿਲ ਚੋਂ ਤੁਖਮ ਮਟਾਉਂਦੇ

25

ਸੋਹਣੀ ਪਰੀ ਦੀ ਸੰਗਤ ਹੋਵੇ ਆਈਆਂ ਹੋਣ ਬਹਾਰਾਂ
ਹਰੇ ਖੇਤ ਦੀ ਵੱਟ ਤੇ ਬਹਿ ਕੇ ਮਾਣਾਂ ਮਦ ਦੀਆਂ ਲਹਿਰਾਂ
ਭਾਵੇਂ ਹਰ ਇਕ ਬੰਦਾ ਇਹ ਗਲ ਸਮਝੂ ਬੜੀ ਕਰੂਪੀ
ਕੁੱਤੇ ਨਾਲੋਂ ਭੈੜਾ ਸਮਝੀਂ ਜੇ ਮੈਂ ਸੁਰਗ ਪੁਕਾਰਾਂ

26

ਚੇਤੇ ਰੱਖੀਂ ਤੇਥੋਂ ਕਰਨਾ ਰੂਹ ਨੇ ਵੱਖ ਠਿਕਾਣਾ
ਰੱਬੀ ਭੇਦਾਂ ਦਾ ਇਕ ਪਰਦਾ ਜਿਸ ਪਿੱਛੇ ਛੁਪ ਜਾਣਾ
ਖ਼ਬਰ ਨਹੀਂ ਕਿਸ ਥਾਂ ਤੋਂ ਚਲ ਕੇ ਤੂੰ ਏਥੇ ਸੀ ਆਇਆ
ਮਦ ਪੀ ਤੈਨੂੰ ਸਾਰੀ ਨਹੀਂ ਕੱਲ੍ਹ ਕਿਥੇ ਡੇਰਾ ਲਾਉਣਾ

27

ਇਕ ਵਾਰੀ ਸੁਪਨੇ ਵਿਚ ਮੈਨੂੰ ਅਕਲ ਨੇ ਇਹ ਸਮਝਾਇਆ
ਬਾਗ ਖ਼ੁਸ਼ੀ ਦਾ ਕਦੇ ਨਹੀਂ ਹੈ ਸੌਂ ਕੇ ਕਿਸੇ ਸਜਾਇਆ
ਇਹ ਉਹ ਚੀਜ਼ ਨਾਲ ਮੌਤ ਦੇ ਸਾਂਝ ਹੈ ਜਿਸ ਨੇ ਪਾਈ
ਮਦ ਪੀ, ਮੁੜ ਕਦ ਸੁੱਤਿਆਂ ਨੂੰ ਹੈ ਉਮਰਾਂ ਕਿਸੇ ਜਗਾਇਆ

28

ਦਿਲ ਆਖੇ ਮੈਨੂੰ ਗਿਆਨ ਇਲਾਹੀ ਸਿੱਖਣ ਦਾ ਚਾਹ ਚੜ੍ਹਿਆ
ਇਹ ਵਦਿਆ ਮੈਨੂੰ ਸਿਖਲਾ ਦੇ ਤੈਂ ਜੋ ਸਬਕ ਹੈ ਪੜ੍ਹਿਆ
ਮੈਂ ਅਲਫ਼ ਕਿਹਾ ਤਾਂ ਦਿਲ ਬੋਲਿਆ, "ਹੋਰ ਨਾ ਕੁੱਝ ਭੀ ਆਖੀਂ
ਲੋੜ ਨਾ ਉਸ ਨੂੰ ਕੋਈ ਰਹਿੰਦੀ ਜਿਸ ਇਹ ਅੱਖਰ ਫੜਿਆ"



29

ਪਰਦੇ ਪਿਛੇ ਭੇਦ ਹੈ ਜਿਹੜਾ ਉਹ ਨਾ ਕੋਈ ਜਾਣੇ
ਖੋਜ ਦਾ ਕੋਈ ਜ਼ੋਰ ਨਾ ਚੱਲੇ ਨਾ ਬੁੱਝ ਸਕਣ ਸਿਆਣੇ
ਸਾਡੀ ਮੰਜ਼ਿਲ ਧਰਤੀ ਦਾ ਦਿਲ ਸੁਰਗ ਹੈ ਝੂਠਾ ਲਾਰਾ
ਉਠ ਪਿਆਲਾ ਮਦ ਦਾ ਪੀ ਲੈ, ਛੱਡ ਲੰਮੇ ਅਫ਼ਸਾਨੇ

30

ਭੇਦ ਛੁਪਾ ਕੇ ਉਨ੍ਹਾਂ ਤੋਂ ਰੱਖੀਂ ਜਿਹੜੇ ਹੋਣ ਕਮੀਨੇ
ਰਮਜ਼ ਉਨ੍ਹਾਂ ਨੂੰ ਕ ਦੇ ਨਾ ਦਸੀਂ ਜਿਹੜੇ ਹੋਣ ਨਾ ਦਾਨੇ
ਪੈਰ ਤੂੰ ਪੁੱਟੀ ਸੋਚ ਸਮਝ ਕੇ ਹੋਰਾਂ ਲਈ ਵਿਚਾਰੀਂ
ਦਿਲ ਦੀਆਂ ਆਸਾਂ ਗੁਪਤ ਹੀ ਰੱਖੀਂ ਆਪਣੇ ਦਿਲ ਦੇ ਖਾਨੇ

ਪੰਜਾਬੀ ਰੂਪ : ਰਣਜੀਤ ਅਜ਼ਾਦ

ਇਕ ਨਜ਼ਮ

ਜਸਬੀਰ ਗੁਰਮ

ਕੀ ਤੈਨੂੰ ਪਤਾ
ਇਨਸਾਨ ਵੀ ਕਾਨੂੰਨ ਨਾਲ ਬਦਲਦੇ ਨੇ
ਤੇ ਕੀ ਮੈਨੂੰ ਪਤੈ
ਕਿ ਕਾਨੂੰਨ ਨਾਲ ਘਰ ਵਸਦੇ ਤੇ ਘਰ ਵੀ ਉਜੜਦੇ ਨੇ ?
ਹਾਂ, ਡੂੰਘਾ ਦੁੱਖ ਤੇਰੇ ਦਿਲ ਤੇ
ਜਿਸਮ ਤੇ ਅੱਪੜਿਆ
ਪਰ, ਇਹ ਇਕ ਉਹ ਪਿਆਰ ਸੀ
ਜੋ ਹੋਰ ਕਿਸੇ ਦੇਸ ਤੋਂ ਸੀ ਵਸਿਆ -
ਤੇ ਉਸ ਪਿਆਰ ਨਾਲ,
ਹਾਲੇ ਵੀ ਤੂੰ ਹੈਂ ਜਕੜਿਆ
ਜ਼ਿੰਦਗੀ ਤੁਰਦੀ ਜਾਂਦੀ ਰਵਾਂ ਰਵੀ
ਤਾਂ ਕੌਣ ਨਹੀਂ ਚਾਹੁੰਦਾ ਹੋਵੇ
ਆਸਮਾਂ ਹੋਵੇ ਜ਼ਮਹਨ !
ਡਾਵਾਂ ਡੋਲ ਜ਼ਿੰਦਗੀ ਨਾਲ
ਦਿਸਦੇ ਜ਼ਿਮੀਂ ਆਸਮਾਂ ਵੀ ਉਲਟਦੇ ਪਲਟਦੇ
ਕੀ ਤੈਨੂੰ ਪਤਾ ਹੈ ਇਨਸਾਨ
ਵੀ ਕਾਨੂੰਨ ਨਾਲ ਬਦਲਦੇ ?
ਖ਼ੁਦਾਇਆ ਜ਼ਿੰਦਗੀ ਇਕੱਲੀ ਹੈ
ਪਰ ਇਹ ਥਾਵਾਂ ਕੁਥਾਵਾਂ ਨੇ ਮੱਲੀ ਹੈ
ਹੁਣ ਤਾਂ ਲੱਗਦੇ ਨੇ
ਰਸਤੇ ਵੀ ਚਲਦੇ ਚਲਦੇ ।

ਨਵੀਆਂ ਕਲਮਾਂ

ਗੀਤ

ਰਣਵੀਰ ਹੁਸ਼ਿਆਰਪੁਰੀ

ਕਰ ਗਏ ਸ਼ੁਦਾਈ ਮੈਨੂੰ ਤੇਰੇ ਮਿੱਠੇ ਬੋਲ ਨੀ
ਹੁਣ ਕਿਉਂ ਨਹੀਂ ਬਹਿੰਦੀ ਮੇਰੇ ਦੋ ਪਲ ਕੋਲ ਨੀ
ਆਪੇ ਹੀ ਤੂੰ ਮੇਰੇ ਸੀਨੇ ਅੱਗ ਲਾਈ ਨੀ
ਕੱਟੀ ਨਹੀਂਉਂ ਜਾਂਦੀ ਮੇਥੋਂ ਤੇਰੀ ਇਹ ਜੁਦਾਈ ਨਹ
ਕਰੇਂ ਹਰ ਗਲ ਤੂੰ ਗੋਲ ਮੋਲ ਨੀ
ਹੁਣ ਕਿਉਂ ਨਹੀਂ ਬਹਿੰਦੀ ਮੇਰੇ ਦੋ ਪਲ ਕੋਲ ਨੀ
ਤੇਰੇ ਨਾਲ ਯਾਰੀ ਲਾ ਕੇ ਅਸਾਂ ਕੀ ਨੀ ਖੱਟਿਆ
ਹਰ ਵੇਲੇ ਮੂੰਹ ਰਹਿੰਦਾ ਤੇਰਾ ਹੀਰੇ ਵੱਟਿਆ
ਬੁਲਾਵਾਂ ਜਦੋਂ ਵੀ ਕਰੇਂ ਟਾਲ ਮਟੋਲ ਨੀ
ਕਰ ਗਏ ਸ਼ੁਦਾਈ ਮੈਨੂੰ ਤੇਰੇ ਮਿੱਠੇ ਬੋਲ ਨੀ
ਹੁਣ ਕਿਉਂ ਨਹੀਂ ਬਹਿੰਦੀ ਮੇਰੇ ਦੋ ਪਲ ਕੋਲ ਨੀ
ਲੱਗਾ ਹੁਣ ਪਤਾ ਮੈਨੂੰ ਪਿਆਰ ਕਿੰਝ ਪਾਈਦਾ
ਨਕਲੀ ਅਦਾ ਤੇ ਮਰ ਮਿਟ ਨਹੀਂ ਜਾਈਦਾ
ਅਲੜ੍ਹ ਸੀ ਉਦੋਂ ਮੈਂ ਨਾਲੇ ਅਣਭੋਲ ਨੀ
ਕਰ ਗਏ ਸ਼ੁਦਾਈ ਮੈਨੂੰ ਤੇਰੇ ਮਿੱਠੇ ਬੋਲ ਨੀ
ਹੁਣ ਕਿਉਂ ਨਹੀਂ ਬਹਿੰਦੀ ਮੇਰੇ ਦੋ ਪਲ ਕੋਲ ਨੀ
ਦੋ ਪਲ ਕੋਲ ਨੀ ..... ਦੋ ਪਲ ਕੋਲ ਨੀ.......

● ਗਲਤੀ

ਮੁੰਨੀ ਸਕੂਲੋਂ ਲੇਟ ਘਰ ਪੁੱਜੀ ਤਾਂ ਉਹਦੀ ਮਾਂ ਨੇ ਪੁੱਛਿਆ — "ਕੀ ਗੱਲ ਏ ਧੀਏ, ਅੱਜ ਤੂੰ ਬਹੁਤ ਦੇਰ ਨਾਲ ਘਰ ਆਈ ਏਂ?"

"ਸਹੁੰ ਰੱਬ ਦੀ ਮਾਂ ਜੀ, ਇਸ ਵਿੱਚ ਮੇਰਾ ਕੋਈ ਕਸੂਰ ਨਹੀਂ। ਤੁਸੀਂ ਬੇਸ਼ੱਕ ਮਿਸ ਤੋਂ ਜਾ ਕੇ ਪੁੱਛ ਲਉ। ਉਹਨਾਂ ਦੀ ਗਲਤੀ ਏ। ਅੱਜ ਆਖਰੀ ਪੀਰੀਅਡ 'ਚ ਮਿਸ ਮੈਨੂੰ ਜਗਾਣਾ ਭੁੱਲ ਗਏ ਸਨ ।"

ਅਕਾਲੀ 'ਐਕਸ਼ਨ' ਬਾਰੇ ਵਿਸ਼ੇਸ਼ ਸਰਕਾਰੀ ਸੈੱਲ

ਗੁਰਦਾਸਪੁਰ: ਪਤਾ ਲੱਗਾ ਹੈ ਕਿ ਪੰਜਾਬ ਸਰਕਾਰ ਨੇ ਮੌਜੂਦਾ ਅਕਾਲੀ ਐਕਸ਼ਨ ਪ੍ਰੋਗਰਾਮ ਨਾਲ ਨਿਪਟਣ ਲਈ ਇਕ ਗੁਪਤ ਸੈੱਲ ਸਥਾਪਤ ਕੀਤਾ ਹੈ। ਇਸ ਸੈੱਲ ਦਾ ਮੁਖੀ ਪੰਜਾਬ ਸਰਕਾਰ ਦਾ ਇਕ ਚੋਟੀ ਦਾ ਸਿੱਖ ਆਈ. ਏ. ਐਸ. ਅਧਿਕਾਰੀ ਹੈ, ਜਿਸ ਨੂੰ ਕੁਝ ਮਹੀਨੇ ਪਹਿਲਾਂ ਦੂਜੇ ਪ੍ਰਾਂਤ 'ਚੋਂ ਬਦਲ ਕੇ ਇਥੇ ਲਾਇਆ ਗਿਆ ਹੈ।

ਇਸ ਅਧਿਕਾਰੀ ਨੂੰ ਅਕਾਲੀ ਸਿਆਸਤ ਅਤੇ ਸਿੱਖ ਮਸਲਿਆ ਸਬੰਧੀ ਸਲਾਹ ਮਸ਼ਵਰਾ ਦੇਣ ਲਈ ਸਹਾਇਤਾ ਵਜੋਂ ਤਿੰਨ ਸਿੱਖ ਬੁਧੀਜੀਵੀ ਨਿਸ਼ਚਤ ਕੀਤੇ ਗਏ ਹਨ, ਜਿਨ੍ਹਾ ਵਿਚ ਉਚੀ ਪਦਵੀ ਤੇ ਕਾਇਮ ਇਕ ਨਿਗਮ ਦਾ ਉੱਚ ਅਧਿਕਾਰੀ ਵੀ ਸ਼ਾਮਲ ਹੈ, ਜਦ ਕਿ ਬਾਕੀ ਦੋ ਅਜਿਹੇ ਸਾਹਿਤਕਾਰ ਹਨ ਜਿਨ੍ਹਾਂ ਦਾ ਇਸ ਸਮੇਂ ਅਕਾਲੀ ਦਲ ਅੰਦਰ ਵੀ ਪੂਰਾ ਰਸੂਖ ਹੈ। ਸਿੱਖਾਂ ਵਿਚ ਵੀ ਉਨ੍ਹਾਂ ਦਾ ਆਦਰ ਸਤਿਕਾਰ ਹੈ।

ਉੱਚ ਪੱਧਰੀ ਸਰਕਾਰੀ ਸੂਤਰਾਂ ਤੋਂ ਪਤਾ ਲੱਗਾ ਹੈ ਕਿ ਸਿੱਖ ਰਾਜਨੀਤੀ ਨਾਲ ਨਿਪਟਣ ਲਈ ਬਣਾਈ ਗਈ ਇਸ ਸਲਾਹਕਾਰ ਕਮੇਟੀ ਨੂੰ ਪੂਰਨ ਰੂਪ ਵਿਚ ਗੁਪਤ ਰੱਖਿਆ ਗਿਆ ਹੈ, ਜਿਸ ਦਾ ਵੱਡਾ ਮੰਤਵ ਅਕਾਲੀ ਦਲ ਦੀ ਮੌਜੂਦਾ ਲੀਡਰਸ਼ਿਪ ਦਾ ਅੰਤ ਕਰਕੇ ਅਕਾਲੀ ਦਲ ਵਿਚ ਨਵੀਂ ਲੀਡਰਸ਼ਿਪ ਨੂੰ ਜਨਮ ਦੇਣਾ ਹੈ। ਇਹ ਸਲਾਹਕਾਰ ਕਮੇਟੀ ਉਹ ਵਿਉਂਤਾਂ ਵੀ ਤਿਆਰ ਕਰੇਗੀ ਜਿਨ੍ਹਾ ਨਾਲ ਪੰਜਾਬ ਵਿਚ ਬੀਤੇ ਚਾਰ ਸਾਲਾਂ ਤੋਂ ਫੈਲਿਆ ਹੋਇਆ ਦਹਿਸ਼ਤਵਾਦ ਸਮਾਪਤ ਕੀਤਾ ਜਾ ਸਕੇ।

ਪੰਜਾਬ ਵਿਚ ਕੇਸਰੀ ਦਸਤਾਰਾਂ ਬੰਨ੍ਹਣ ਦੀ ਜੋ ਨਵੀਂ ਲਹਿਰ ਚੱਲੀ ਹੈ, ਇਸ ਦੀ ਵਿਰੋਧਤਾ ਵੀ ਇਸ ਕਮੇਟੀ ਦੀ ਰਾਏ ਤੇ ਸਰਕਾਰ ਵਲੋਂ ਨਹੀਂ ਕੀਤੀ ਗਈ, ਕਿਉਂਕਿ ਅਜਿਹੀ ਵਿਰੋਧਤਾ ਕਰਨ ਨਾਲ ਪੰਜਾਬ ਵਿਚ ਅਤਿਵਾਦ ਨੂੰ ਉਤਸ਼ਾਹ ਮਿਲਣਾ ਸੀ। ਜੇਕਰ ਪੰਜਾਬ ਵਿਚ ਕੇਸਰੀ ਦਸਤਾਰਾਂ ਬੰਨ੍ਹਣ ਦੀ ਲਹਿਰ ਜ਼ੋਰ ਪਕੜਦੀ ਹੈ ਤਾਂ ਉਸ ਦਾ ਪ੍ਰਭਾਵ ਅਕਾਲੀ ਰਾਜਨੀਤੀ ਤੇ ਪੈਣਾ ਲਾਜ਼ਮੀ ਹੈ। ਹੁਣ ਤਕ ਅਕਾਲੀ ਦਲ ਦੀ ਦਸਤਾਰ ਨੀਲੀ ਅਤੇ ਕਾਲੀ ਹੀ ਰਹੀ ਹੈ। ਇਨ੍ਹਾਂ ਦੋਹਾਂ ਰੰਗਾਂ ਦੀਆਂ ਦਸਤਾਰਾਂ ਦਾ ਅਕਾਲੀ ਦਲ ਦੇ ਬੀਤੇ 60 ਸਾਲਾਂ ਦੇ ਇਤਿਹਾਸ ਨਾਲ ਨਾਤਾ ਜੁੜਿਆ ਹੋਇਆ ਹੈ। ਜੇਕਰ ਅਕਾਲੀ ਦਲ ਵਲੋਂ ਪਗੜੀ ਦਾ ਰੰਗ ਬਦਲਣ ਦਾ ਨਿਰਣਾ ਕੀਤਾ ਜਾਂਦਾ ਹੈ, ਜਿਹਾ ਕਿ 11 ਫਰਵਰੀ ਨੂੰ ਹੋਈ ਅਕਾਲੀ ਦਲ ਦੀ ਮੀਟਿੰਗ ਵਿਚ ਏਜੰਡੇ ਤੇ ਸੀ, ਤਾਂ ਅਕਾਲੀ ਦਲ ਲਈ ਇਕ ਬਹੁਤ ਵੱਡੀ ਔਕੜ ਉਤਪੰਨ ਹੋ ਸਕਦੀ ਸੀ।

ਇਸ ਮੀਟਿੰਗ ਤੋਂ ਇਕ ਦਿਨ ਪਹਿਲਾਂ ਸੀਨੀਅਰ ਅਕਾਲੀ ਆਗੂਆਂ ਨੂੰ ਇਹ ਰਾਏ ਦਿਤੀ ਗਈ ਸੀ ਕਿ ਜੇਕਰ ਜੇਲ੍ਹਾ ਵਿਚ ਬੰਦ ਅਕਾਲੀ ਦਲ ਦੇ ਪ੍ਰਧਾਨ ਸੰਤ ਹਰਚੰਦ ਸਿੰਘ ਲੌਂਗੋਵਾਲ ਅਤੇ ਹੋਰ ਸੀਨੀਅਰ ਨੇਤਾਵਾ ਦੀ ਮਰਜ਼ੀ ਤੋਂ ਬਿਨਾ ਆਪਣੇ ਆਪ ਦਸਤਾਰ ਦਾ ਰੰਗ ਬਦਲ ਦਿਤਾ ਜਾਂਦਾ ਹੈ ਤਾਂ ਇਸ ਦਾ ਅਵੱਸ਼ ਹੀ ਅਕਾਲੀ ਰਾਜਨੀਤੀ ਨੂੰ ਧੱਕਾ ਲੱਗੇਗਾ। ਸਿੱਖ ਹਲਕਿਆ ਵਿਚ ਇਨੀਂ ਦਿਨੀਂ ਪਗੜੀ ਦੇ ਰੰਗ ਬਾਰੇ ਵਾਦ ਵਿਵਾਦ ਚਲ ਰਿਹਾ ਹੈ। ਅਕਾਲੀ ਲੀਡਰ ਅਤੇ ਵਰਕਰ ਸ਼ੰਕੇ ਵਿਚ ਹਨ ਕਿ ਕਿਸ ਰੰਗ ਦੀ ਦਸਤਾਰ ਬੰਨ੍ਹੀ ਜਾਏ।

• ਬਕਾਇਆ

ਸਕਾਟਲੈਂਡ ਦਾ ਇੱਕ ਵਾਸੀ ਆਪਣੀ ਨੌਕਰਾਣੀ ਹੈ ਬਰਖਾਸਤ ਕਰਨਾ ਚਾਹੁੰਦਾ ਸੀ ਪਰ ਨੌਕਰਾਨੀ ਬੀਮਾਰੀ ਦਾ ਬਹਾਨਾ ਬਣਾ ਕੇ ਲੇਟ ਗਈ ਇਸ ਲਈ ਕਿ ਉਹਦੀ ਤਨਖਾਹ ਬਾਕੀ ਸੀ।

ਮਾਲਕ ਨੇ ਫੈਮਲੀ ਡਾਕਟਰ ਨੂੰ ਬੁਲਾਇਆ। ਨੌਕਰਾਣੀ ਨੇ ਡਾਕਟਰ ਨੂੰ ਇਕਾਂਤ 'ਚ ਕਿਹਾ — "ਡਾਕਟਰ ਸਾਹਿਬ! ਮੈਂ ਬੀਮਾਰ ਨਹੀਂ ਹਾਂ। ਮਾਲਕ ਨੇ ਤਿੰਨ ਮਹੀਨੇ ਤੋਂ ਮੇਰੀ ਤਨਖਾਹ ਨਹੀਂ ਦਿੱਤੀ ਏ। ਇਸ ਲਈ ਬੀਮਾਰ ਬਣ ਗਈ ਹਾਂ। ਜਦੋਂ ਤੱਕ ਮੇਰੇ ਪੈਸੇ ਨਹੀਂ ਮਿਲਣਗੇ, ਇੱਥੋਂ ਨਹੀਂ ਜਾਵਾਂਗੀ।"

ਡਾਕਟਰ ਨੇ ਇਹ ਸੁਣ ਕੇ ਸਿਰ ਹਿਲਾਇਆ ਤੇ ਬੋਲਿਆ — "ਜ਼ਰਾ ਉਧਰ ਸਰਕ ਜਾਉ।" "ਕਿਉਂ?" "ਮੈਂ ਵੀ ਇੱਥੇ ਲੇਟਣਾ ਚਾਹੁੰਦਾ ਹਾਂ, ਇਸ ਲਈ ਕਿ ਮੈਨੂੰ ਦੋ ਸਾਲ ਤੋਂ ਆਪਣੀ ਫੀਸ ਨਹੀਂ ਮਿਲੀ।"

• ਸੁਰਜੀਤ

****

ਦੋ ਭਗੌੜੇ ਜਵਾਨਾਂ ਨੂੰ ਦਸ ਸਾਲ ਕੈਦ

ਜਬਲਪੁਰ: ਜੂਨ ਵਿਚ ਦਰਬਾਰ ਸਾਹਿਬ ਵਿਚ ਫੌਜੀ ਕਾਰਵਾਈ ਪਿਛੀ ਰਾਮਗੜ੍ਹ ਦੇ ਸਿੱਖ ਰੈਜੀਮੈਂਟਲ ਸੈਂਨਰ ਵਿਚ ਬਗਾਵਤ ਕਰਾਉਣ ਅਤੇ ਹਥਿਆਰ ਲੁੱਟਣ ਦੇ ਦੋਸ਼ ਹੇ। ਜਿਨ੍ਹਾਂ ਦੋ ਨਾਨ ਕਮਿਸ਼ੰਡ ਅਫਸਰਾਂ ਦਾ ਕੋਰਟ ਮਾਰਸ਼ਲ ਜਾਰੀ ਸੀ ਫੌਜੀ ਅਦਾਲਤ ਵਲੋਂ ਉਨ੍ਹਾਂ ਨੂੰ ਦਸ-ਦਸ ਸਾਲ ਦੀ ਸਖਤ ਕ੦ਦ ਦੀ ਸਜ਼ਾ ਸੁਣਾਈ ਗਈ ਹੈ।

ਹਵਾਲਦਾਰ ਹਰੀ ਸਿੰਘ ਅਤੇ ਨਾਇਬ ਸਾਧੂ ਸਿੰਘ ਨੂੰ ਸਜ਼ਾ ਦੇ ਨਾਲ ਨਾਲ ਫੌਜੀ ਨੌਕਰੀ ਵਿਚੋਂ ਵੀ ਕਢ ਦਿਤਾ ਗਿਆ ਹੈ।

ਫੌਜੀ ਅਦਾਲਤ ਵਲੋਂ ਦਿਤੀ ਗਈ ਇਸ ਸਜ਼ਾ ਦੀ ਅਜੇ ਉਚ ਫੌਜੀ ਅਧਿਕਾਰੀਆਂ ਵਲੋਂ ਪੁਸ਼ਟੀ ਕੀਤੀ ਜਾਣੀ ਬਾਕੀ ਹੈ।

ਇਸ ਦੇ ਨਾਲ ਹੀ ਉਨ੍ਹਾਂ ਨੂੰ ਇਸ ਫੈਸਲੇ ਵਿਰੁਧ ਰਿਟ ਪਟੀਸ਼ਨ ਦਾਇਰ ਕਰਲ ਦੀ ਪ੍ਰਵਾਨਗੀ ਵੀ ਦੇ ਦਿਤੀ ਗਈ ਹੈ।

ਵੱਡੀ ਪੱਧਰ ਉਤੇ ਜਵਾਨਾਂ ਦੇ ਭਗੌੜੇ ਹੋਣ ਦਾ ਇਹ ਪਹਿਲਾ ਮਾਮਲਾ ਹੈ ਜਿਸ ਵਿਚ ਫੌਜੀ ਅਦਾਲਤ ਵਲੋਂ ਸਜ਼ਾ ਸੁਣਾਈ ਗਈ ਹੈ।

ਇਹ ਵਰਨਣਯੋਗ ਹੈ ਕਿ ਦਸ ਜੂਨ ਨੂੰ ਬਿਹਾਰ ਦੇ ਰਾਮਗੜ੍ਹ ਸੈਂਟਰ ਵਿਚ 48 ਨਾਲ ਕਮਿਸ਼ੰਡ ਅਫਸਰਾਂ ਸਮੇਤ 1100 ਤੋਂ ਵਧੇਰੇ ਜਵਾਨ ਭਗੌੜੇ ਹੋ ਗਏ ਸਨ ਅਤੇ ਉਨ੍ਹਾਂ ਨੇ ਰੈਜੀਮੈਂਟਲ ਸੈਂਟਰ ਦੇ ਕਮਾਂਡੈਂਟ ਬ੍ਰਿਗੇਡੀਅਰ ਐਸ. ਸੀ. ਪੁਰੀ ਦੀ ਹੱਤਿਆ ਕਰ ਦਿਤੀ ਸੀ।

ਇਨ੍ਹਾਂ ਦੋ ਨਾਨ-ਕਮਿਸ਼ੰਡ ਅਫਸਰਾਂ ਦੇ ਕੇਸ ਦੀ ਸੁਣਵਾਈ ਬਿਗ੍ਰੇਡੀਅਰ ਐਚ. ਐਸ. ਲਾਂਬਾ ਦੀ ਅਗਵਾਈ ਹੇਠਲੀ ਪੰਜ ਮੈਂਬਰੀ ਫੌਜੀ ਅਦਾਲਤ ਵਿਚ ਹੋਈ।

ਫੌਜ ਵਿਚ ਬਗਾਵਤ ਲਈ ਵੈਸੇ ਤਾਂ ਮੌਤ ਦੀ ਸਜ਼ਾ ਹੀ ਦਿਤੀ ਜਾਂਦੀ ਹੈ ਪਰ ਖਿਆਲ ਕੀਤਾ ਜਾਦਾ ਹੈ ਕਿ ਜਿਨ੍ਹਾਂ ਹਾਲਤਾਂ ਵਿਚ ਉਨ੍ਹਾਂ ਨੇ ਬਗਾਵਤ ਕੀਤੀ ਸੀ, ਉਨ੍ਹਾਂ ਨੂੰ ਧਿਆਨ ਵਿਚ ਰਖ ਕੇ ਜਵਾਨਾਂ ਪ੍ਰਤੀ ਨਰਮ ਵਤੀਰਾ ਅਪਣਾਇਆ ਗਿਆ ਹੈ।

ਇਨ੍ਹਾਂ ਨਾਨ ਕਮਿਸ਼ੰਡ ਅਫਸਰਾਂ ਦੇ ਵਕੀਲ ਸ੍ਰੀ ਰਾਜਿੰਦਰ ਸਿੰਘ (ਸੁਪਰੀਮ ਕੋਰਟ) ਨੇ ਪੈਰਵੀ ਕਰਦਿਆਂ ਕਿਹਾ ਕਿ ਦਰਬਾਰ ਸਾਹਿਬ ਵਿਚ ਫੌਜੀ ਕਾਰਵਾਈ ਕਾਰਨ ਉਨ੍ਹਾਂ ਦੇ ਜਜ਼ਬਾਤ ਨੂੰ ਭੂਚਾਲ ਵਾਂਗ ਝਟਕਾ ਲੱਗਾ ਸੀ ਅਤੇ ਜਜ਼ਬਾਤ ਦੇ ਰੌਅ ਵਿਚ ਵਹਿ ਕੇ ਭਗੌੜੇ ਹੋਣ ਲਈ ਮਜਬੂਰ ਹੋ ਗਏ ਸਨ ਅਤੇ ਉਨ੍ਹਾਂ ਨੇ ਜਾਣ ਬੁਝ ਕੁ ਬਗਾਵਤ ਨਹੀਂ ਕੀਤੀ ਸੀ।

ਸ੍ਰੀ ਰਾਜਿੰਦਰ ਸਿੰਘ ਨੇ ਕਿਹਾ ਕਿ ਚੁਣੌਤੀ ਭਰੇ ਮਾਹੌਲ 'ਚ ਤਾਂ ਵੱਡੇ ਵੱਡੇ ਬੁਧੀਜੀਵੀਆਂ ਅਤੇ ਰਾਜ ਪ੍ਰਬੰਧਕਾਂ ਵਲੋਂ ਵੀ ਵਫਾਦਾਰੀ ਬਦਲਣ ਦੀਆਂ ਉਦਾਹਰਣਾਂ ਮੌਜੂਦ ਹਨ। ਫਿਰ ਇਨ੍ਹਾਂ ਘਟ ਪੜ੍ਹੇ ਲਿਖੇ ਵਿਅਕਤੀਆ ਨੂੰ ਹਾਲਾਤ ਬਾਰੇ ਪੂਰੀ ਪੂਰੀ ਜਾਣਕਾਰੀ ਵੀ ਨਹੀਂ ਸੀ। ਉਨ੍ਹਾਂ ਕਿਹਾ ਕਿ ਹਾਲਾਤ ਨੂੰ ਧਿਆਨ ਵਿਚ ਰਖਦਿਆਂ ਇਨ੍ਹਾਂ ਜਵਾਨਾਂ ਨੂੰ ਮੁਆਫ ਕਰ ਦਿਤਾ ਜਾਣਾ ਚਾਹੀਦਾ ਹੈ।

ਉਧਰ ਫੌਜੀ ਵਕੀਲ ਮੇਜਰ ਆਰ. ਆਰ. ਕਦਿਯਾਨ ਨੇ ਕਿਹਾ ਕਿ ਇਨ੍ਹਾ ਜਵਾਨਾਂ ਨੇ ਖੁਦ ਆਤਮ ਸਮਰਪਣ ਨਹੀਂ ਕੀਤਾ ਸੀ ਅਤੇ ਉਨ੍ਹਾ ਨੂੰ ਹਥਿਆਰ ਸੁੱਟਣ ਲਈ ਮਜਬੂਰ ਕੀਤਾ ਗਿਆ ਸੀ। ਉਨ੍ਹਾਂ ਕਿਹਾ ਕਿ ਜੇਕਰ ਉਹ ਚਾਹੁੰਦੇ ਤਾਂ ਮਨਮਰਜ਼ੀ ਨਾਲ ਬੈਰਕਾਂ ਵਿਚ ਪਰਤ ਸਕਦੇ ਸਨ। ਉਨ੍ਹਾਂ ਕਿਹਾ ਕਿ ਇਹ ਸਿੱਧੀ ਬਗਾਵਤ ਸੀ ਅਤੇ ਉਨ੍ਹਾ ਨੂੰ ਫੌਜੀ ਕਾਨੂੰਨ ਹੇਠ ਸਖਤ ਸਜ਼ਾ ਮਿਲਣੀ ਚਾਹੀਦੀ ਹੈ

ਆਪਣੇ ਦਿਲ ਨੂੰ ਸੁਣੋ

ਇਕ ਭਿਆਨਕ ਸਚਾਈ। ਹਾਰਟ ਰੋਗ ਅਤੇ ਸਟਰੋਕ ਕਾਰਨ ਓਨੇ ਕੈਨੇਡੀਅਨ ਮਰ ਜਾਂਦੇ ਹਨ ਜਿਨੇ ਬਾਕੀ ਸਾਰੀਆਂ ਬੀਮਾਰੀਆਂ ਮਿਲਾ ਕੇ

ਜੇ ਕਦੀ ਕੋਈ ਵਡਮੁਲਾ ਉਦੇਸ਼ ਹੋ ਸਕਦਾ ਹੈ, ਤਾਂ ਉਹ ਐਹ ਹਾਰਟ-ਫੰਡ ਹੈ। ਬੇਸ਼ਕ ਅਸੀਂ ਏਸ ਪਾਸੇ ਬੜੀ ਉਘੀ ਤਰੱਕੀ ਕਰ ਚੁਕੇ ਹਾਂ। ਫੇਰ ਵੀ ਹਾਰਟ-ਰੋਗ ਅਤੇ ਸਟਰੋਕ ਭਰ ਜਵਾਨੀ ਵਿਚ ਵੀ ਵਾਰ ਕਰ ਸਕਦਾ ਹੈ। ਇਹ ਹਾਲੇ ਵੀ ਛਿਨ-ਮਾਤਰ ਵਿਚ ਅਧਰੰਗ-ਰੋਗੀ ਬਣਾ ਸਕਦਾ ਹੈ ਜਾਂ ਮਾਨੋ ਮਾਰ ਸਕਦਾ ਹੈ, ਬਹੁਤੀ ਵਾਰ ਇਹ ਆਪਣੇ ਘਾਤਕ-ਵਾਰ ਦੀ ਲਾਲ-ਝੰਡੀ ਵੀ ਨਹੀਂ ਦਿਆ ਕਰਦਾ। ਇਹ ਕੋਈ ਸ਼ੰਕੇ ਵਾਲੀ ਗੱਲ ਨਹੀਂ ਕਿ ਹਾਰਟ-ਰੋਗ ਅਤੇ ਸਟਰੋਕ ਕੈਨੇਡਾ ਦਾ ਦੂਰ-ਦਰਸ਼ੀ ਨੰਬਰ ਇਕ ਪ੍ਰਾਬਲਮ ਹੈ।

ਹਾਰਟ-ਫੰਡ ਡਾਲਾ ਐਹ ਨੇਕ ਕੰਮ ਕਰ ਰਿਹਾ ਹੈ :—

1.	ਰੋਗ ਤੇ ਇਲਾਜ-ਖੋਜ ਉਪਰ	70 ਸੈਂਟ
2.	ਅੰਦੋਲਨ (ਕੰਪੇਨ)	08 ਸੈਂਟ
3.	ਪ੍ਰਬੰਧ (ਅਮਲਾ)	06 ਸੈਂਟ
4.	ਵਿਦਿਆ ਅਤੇ ਕੌਮੀ ਪ੍ਰੋਗਰਾਮ	16 ਸੈਂਟ

ਭਾਵ ਹਰ ਡਾਲੇ-ਫੰਡ ਵਿਚੋਂ 86 ਸੈਂਟ ਖੋਜ ਅਤੇ ਪੜ੍ਹਾਈ ਉਪਰ ਖਰਚ ਹੁੰਦੇ ਹਨ।

ਰੋਗ ਕਾਰਨ ਕੰਮ ਦੇ ਘੰਟੇ ਅਤੇ ਕਮਾਈ ਟੁੱਟੀ	1750 ਮਿਲੀਅਨ
ਹਸਪਤਾਲ-ਸੇਵਾ ਤੇ	1400 ਮਿਲੀਅਨ
ਡਾਕਟਰਾਂ ਦੀਆਂ ਫੀਸਾਂ	350 ਮਿਲੀਅਨ
ਦਵਾਈ-ਖਰਚ	200 ਮਿਲੀਅਨ

ਭਾਵ ਹਾਰਟ-ਰੋਗ ਕੈਨੇਡਾ ਦਾ 3700 ਡਾਲਰ ਮਿਲੀਅਨ ਖਰਚ ਕਰਾਉਂਦਾ ਹੈ।

ਤੁਹਾਡਾ ਹਾਰਟ ਫੰਡ ਤੁਹਾਡੇ ਦਾਨ ਦਾ ਬੜਾ ਖਿਆਲ ਰਖਦਾ ਹੈ ਅਤੇ ਏਸ ਫੰਡ ਦੀ ਬੜੀ ਯੋਗਤਾ ਨਾਲ ਵੰਡ ਕਰਦਾ ਹੈ :—

ਸਾਰੇ ਕੈਨੇਡਾ ਵਿਚ 400 ਤੋਂ ਵੱਧ ਖੋਜ-ਟੀਮਾਂ ਦੀ ਸਹਾਇਤਾ ਕਰ ਰਿਹਾ ਹੈ ਕੈਨੇ—ਡਾ ਵਿਚਲੇ ਸਾਰੇ ਮੈਡੀਕਲ ਸਕੂਲ ਅਤੇ ਮੁਖ-ਹਸਪਤਾਲਾਂ ਦੀ ਉਨਤੀ-ਖੋਜ ਲਈ ਮਦਦ ਕਰ ਰਿਹਾ ਹੈ। ਬਹੁਤ ਸਾਰੀਆਂ ਯੋਜਨਾਵਾਂ (ਪ੍ਰਾਜੈਕਟਸ) ਇਨਸਾਨੀ ਲਹੂ-ਨਾੜਾਂ ਦੇ ਸਖਤ ਹੋ ਜਾਣ ਅਤੇ ਹਾਈ ਬਲੱਡ-ਪਰੈਸ਼ਰ ਦੀ ਖੋਜ ਤੇ ਕੇਂਦਰਤ ਹਨ। ਖੋਜੀ ਇਹ ਮਹਿਸੂਸ ਕਰ ਰਹੇ ਹਨ ਕਿ ਇਨ੍ਹਾਂ ਦੋਵਾਂ ਰੋਗਾਂ ਦਾ ਇਲਾਜ ਜਾਂ ਇਨ੍ਹਾਂ ਦੀ ਰੋਕ ਲੱਭਣ ਉਪਰੰਤ ਦਿਲ ਦੇ ਦੌਰੇ ਤੇ ਸਟਰੋਕ ਤੇ ਕਾਬੂ ਪਾ ਲੈਣਾ ਬੜਾ ਸੰਭਵ ਹੈ।

ਹਰ ਸਾਲ ਹਰ ਦਿਲ ਲਈ ਇਕ ਵਧੀਆ ਤੇ ਚੰਗੇਰਾ ਚਾਂਨਸ ਹੈ

ਹਾਰਟ ਅਤੇ ਸਟਰੋਕ ਖੋਜ ਤੋਂ ਬਗੈਰ, ਕਿਸੇ ਹੋਰ ਮੈਡੀਕਲ ਸਾਧਨ ਨੇ ਏਨੀਆਂ ਜਾਨਾਂ ਨਹੀਂ ਬਚਾਈਆਂ।। ਪੇਸ-ਮੇਕਰ, ਕੋਰੋਨਰੀ ਬਾਈ-ਪਾਸ, ਕੋਰੋਨਰੀ ਕੇਅਰ-ਯੂਨਿਟ ਅਤੇ ਜਮਾਂਦਰੂ-ਦਿਲ ਰੋਗ ਦੀ ਸਰਜਰੀ ਆਦਿ। ਸਾਰੀਆਂ ਵਿਧੀਆਂ ਦਾ ਵਿਕਾਸ ਕੈਨੇਡਾ ਵਿਚ ਹੀ ਹੋਇਆ ਹੈ। ਇਨ੍ਹਾਂ ਵਿਧੀਆਂ ਸਦਕਾ 65 ਸਾਲਾਂ ਤੋਂ ਹੇਠਾਂ ਕੈਨੇਡੀਅਨਾਂ ਦੀਆਂ, ਪਿਛਲੇ 25 ਸਾਲਾਂ ਵਿਚ ਹਾਰਟ ਅਤੇ ਸਟਰੋਕ ਮੌਤਾਂ 34 ਪ੍ਰਤੀਸ਼ਤ ਘਟਾਉਣ ਵਿਚ ਸਹਾਇਤਾ ਕੀਤੀ ਹੈ। ਹਰ ਸਾਲ ਉਪਰੋਕਤ ਖੋਜ ਕਾਰਨ ਹਰ ਕਿਸੇ ਦੇ ਚੰਗਿਆਂ ਹੋ ਜਾਣ ਦੇ ਚਾਂਨਸ ਜਾਗੀ ਹਨ।

ਅਜ 30 ਲੱਖ ਕੈਨੇਡੀਅਨ ਹਾਰਟ ਅਤੇ ਲਹੂ-ਨਾੜੀਆਂ ਦੇ ਕਿਸੇ ਨਾ ਕਿਸੇ ਰੋਗ ਦੇ ਰੋਗੀ ਹਨ ਅਤੇ ਜਿਵੇਂ ਜਿਵੇਂ ਕੈਨੇਡਾ ਦੀ ਆਬਾਦੀ ਵਧ ਰਹੀ ਹੈ ਉਹਦੇ ਮੁਤਾਬਕ ਹੀ ਉਪਰੋਕਤ ਖੋਜ ਵਧ ਸਕੇਗੀ। ਸਾਨੂੰ ਤੁਹਾਡੀ ਲੋੜ ਹੈ ਕਿ ਤੁਸੀਂ ਸਾਡੀ ਮਦਦ ਕਰੋ ਤਾਂ ਕਿ ਅਸੀਂ ਤੁਹਾਡੇ ਪਰਵਾਰ ਅਤੇ ਤੁਹਾਡੇ ਮਿਤਰਾਂ ਦੀ ਹਾਰਟ-ਰੋਗ ਤੋਂ ਰਾਖੀ ਕਰ ਸਕੀਏ।

ਕ੍ਰਿਪਾ ਕਰਕੇ ਸਾਡੀ ਹੋਰ ਸਹਾਇਤਾ ਕਰੋ ਅਤੇ ਅਸੀਂ ਯੋਗ ਉਤਰ ਲੱਭ ਸਕਾਂਗੇ ਅਤੇ ਇਹ ਉਤਰ ਜਿਹੜੇ ਹਜ਼ਾਰਾਂ ਜਾਨਾਂ ਬਚਾ ਸਕਣਗੇ।

ਕੈਨੇਡੀਅਨ ਹਾਰਟ ਫੰਡ

ਅਸੀਂ ਭਾਰਤੀਆਂ ਕੈਨੇਡਾ ਦੇਸ਼ ਅਪਣਾ ਲਿਆ ਹੈ। ਏਸ ਸੋਹਣੇ ਦੇਸ਼ ਵਿਚ ਬੇ-ਸ਼ੁਮਾਰ ਸਹੂਲਤਾਂ ਹੈਨ, ਜਿਵੇਂ ਕਿ ਸਿਕਨੇਸ, ਅਨਇੰਪਲਾਇਮੈਂਟ, ਕੰਪਨਸੇਸ਼ਨ, ਕਿੱਤਾ-ਸਿਖਲਾਈ ਭੱਤਾ ਅਤੇ ਬੁਢਾ-ਪੈਨਸ਼ਨ ਆਦਿ। ਮੈਡੀਕਲ ਸਹੂਲਤਾਂ ਦੁਨੀਆਂ ਦੇ ਚੋਟੀ ਦੇ ਦੇਸ਼ਾਂ ਨਾਲੋਂ ਵੀ ਵਧੀਆਂ ਹਨ। ਉਪਰੋਕਤ ਮਹਿਕਮੇ ਜੇ ਕਿਸੇ ਨਾਲ ਬੇ-ਇਨਸਾਫੀ ਜਾਂ ਧੱਕਾ ਕਰਦੇ ਹਨ ਤਾਂ ਸ਼ਿਕਾਇਤ ਕੀਤੀ ਜਾ ਸਕਦੀ ਹੈ, ਭਾਵੇਂ ਇਹ ਲਾਭ-ਪ੍ਰਾਪਤੀ ਸਾਡਾ ਹਰ ਕੈਨੇਡੀਅਨ ਸ਼ਹਿਰੀ ਦਾ ਹੱਕ ਬਣਦਾ ਹੈ ਜਿਸ ਲਈ ਅਸੀਂ ਬੜਾ ਤਤਪਰ ਰਹਿੰਦੇ ਹਾਂ।

ਜਿਥੇ ਹਰ ਸ਼ਹਿਰ ਦੇ ਹੱਕ ਹਕੂਕ ਹੈਨ ਉਥੇ ਹਰ ਸ਼ਹਿਰੀ ਦੇ ਫਰਜ਼ ਅਤੇ ਜ਼ਿੰਮੇਂਵਾਰੀਆਂ ਵੀ ਹਨ। ਅਸੀਂ ਭਾਰਤੀ ਬੜੇ ਫਰਾਖ-ਦਲ ਤੇ ਦਾਨੀ ਵੀ ਕਿਸੇ ਨਾਲੋਂ ਘੱਟ ਨਹੀਂ ਹਾਂ। ਪਰ ਜਾਪਦਾ, ਕਿਸੇ ਕਾਰਨ ਅਸੀਂ ਏਡੀ ਕੰਮ ਦੀ ਪੂਜਯ ਸੰਸਥਾ ਵਲੋਂ ਬੜਾ ਅਵੇਸਲੇ ਹਾਂ। ਇਹ ਸੰਸਥਾ ਤੁਹਾਡੀ ਓਨੀ ਹੀ ਹੈ, ਜਿੰਨੀ ਕਿਸੇ ਚਿਟੇ, ਕਾਲੇ ਪੀਲੇ ਦੀ। ਕ੍ਰਿਪਾ ਕਰਕੇ ਏਸ ਸੰਸਥਾ ਲਈ, ਅਜ ਹੀ ਦਾਨ ਦਾ ਚੈਕ ਹੇਠ ਲਿਖੇ ਪਤੇ ਤੇ ਭੇਜੋ। ਭਗਤ ਕਬੀਰ ਜੀ ਦੇ ਫੁਰਮਾਨ ਨੂੰ, "ਚਿੜੀ ਚੋਂਚ ਭਰ ਲੈ ਗਈ ਰਤਾ ਨਾ ਘਟਿਉ ਨੀਰ, ਦਾਨ ਦੀਏ ਧਨ ਨਾ ਘਟੇ ਕਹਿ ਗਏ ਭਗਤ ਕਬੀਰ", ਫੁਲ ਚੜ੍ਹਾਉ। ਇਹ ਦਾਨ ਟੈਕਸ ਛੋਡ ਹੈ।

Cloverdale Unit
B.C.H.F.
P.O.BOX 1118 Stn. A
Surrey, B.C. V3S 4P5
OR
Heart Foundation
1212 - W. Broadway
Vancouver, B.C. V6H 3V2

ਸੰਸਥਾ ਵਲੋਂ ਭੇਜੇ ਪੈਂਫਲੈਟ ਦਾ ਅਨੁਵਾਦ :
ਰਾਮ ਸਿੰਘ ਢਿੱਲੋ, ਸਰੀ

ਫਿਲਮ ਦਰਪਣ

'ਰਿੱਕੀ' ਆ ਰਿਹਾ ਹੈ...

ਮਨੋਜ ਕੁਮਾਰ ਵਲੋਂ ਪੁੱਤਰ ਕੁਣਾਲ ਗੋਸਵਾਮੀ ਨੂੰ ਹੀਰੋ ਬਨਾਉਣ ਦਾ ਦੂਜਾ ਹੰਭਲਾ, ਫਿਲਮ 'ਰਿੱਕੀ', ਹੁਣ ਤਿਆਰ ਹੈ। ਇਸ ਤੋਂ ਪਹਿਲਾਂ ਕੁਣਾਲ 'ਘੁੰਗਰੂ' ਵਿਚ ਥੋੜ੍ਹੀ ਜਿਹੀ ਛਣਕਾਰ ਪਾ ਕੇ ਲਾਂਭੇ ਹੋ ਗਿਆ ਸੀ। ਡਾਇਰੈਕਟਰ ਅਸ਼ੋਕ ਨੇ 'ਰਿੱਕੀ' ਨੂੰ ਡਾਇਰੈਕਟ ਕੀਤਾ ਹੈ। ਮਨੋਜ ਦੇ ਸਾਲੇ ਭਾਈ ਅਸ਼ੋਕ ਨੇ ਕਦੇ 'ਪੇਂਟਰ ਬਾਬੂ' ਦਾ 'ਮਾਡਰਨ-ਆਰਟ' ਪੇਸ਼ ਕੀਤਾ ਸੀ। ਹੀਰੋਇਨ ਹੈ 1985 ਦੀ ਰੌਸ਼ਨੀ ਮੀਨਾਕਸ਼ੀ ਸ਼ੇਸ਼ਾਧਰੀ। ਹੋਰ ਹਨ ਸ਼ਰਮੀਲਾ ਤੇ ਨੂਤਨ।

ਮਨੋਜ ਕੁਮਾਰ ਦੇ ਕਈ ਮੰਜ਼ਲਾਂ ਕਿਲੇ ਬੰਗਲੇ ਵਿਚ ਕੁਣਾਲ ਨੇ ਸਾਨੂੰ ਦੱਸਿਆ ਕਿ 'ਰਿੱਕੀ' ਦੀ ਕਹਾਣੀ ਡਾਇਲਗ, ਗੀਤ ਤੇ ਐਡੀਟਿੰਗ ਸਭ ਮਨੋਜ ਕੁਮਾਰ ਦੇ ਹਨ। ਏਥੋਂ ਤਕ ਕਿ ਹਰ ਇਕ ਦ੍ਰਿਸ਼ ਦਾ ਸਕਰੀਨ ਪਲੇ ਵੀ ਮਨੋਜ ਕੁਮਾਰ ਨੇ ਲਿਖਿਆ ਹੈ ਪਰ ਮਨੋਜ ਨੇ ਫਿਲਮ 'ਰਿੱਕੀ' ਆਪਣੀ ਡਾਇਰੈਕਸ਼ਨ ਹੇਠ ਤਾਂ ਨਹੀਂ ਬਣਾਈ ਕਿਉਂਕਿ ਫਿਲਮ ਵਿਚ 'ਸੈਕਸ' ਤੇ ਗਲੈਮਰ ਅੰਸ਼ਾਂ ਦਾ ਹੈ।

ਅਸੀਂ ਅਸ਼ੀਰਵਾਦ ਦੇ ਕੇ ਉਠ ਆਏ। ਜੱਸ 'ਸੈਕਸ' ਤੇ ਗਲੈਮਰ ਨੂੰ ਜਿੱਤ ਬਖਸ਼ 'ਆਰਟ' ਮੂਧੇ ਮੂੰਹ ਜਾ ਡਿੱਗੇ। ਇਹੋ ਅਰਦਾਸਾਂ ਕਰਦੇ ਹਨ ਸਾਰੇ।

ਸੰਜੇ ਖਾਨ ਤੇ ਕਿੰਗ ਬਰੂਸ

ਫਿਲਮ ਇੰਡਸਟਰੀ ਵਿਚ ਸੰਜੇ ਖਾਨ ਨੂੰ ਕਿੰਗ ਬਰੂਸ ਮੰਨਿਆ ਜਾਂਦਾ ਹੈ।

ਕਿੰਗ ਬਰੂਸ ਛੇਵੀਂ ਹਾਰ ਤੋਂ ਬਾਅਦ ਜਿੱਤਿਆ ਸੀ ਪਰ ਸੰਜੇ ਖਾਨ ਦੀ ਤਾਂ ਅਜੇ ਤੀਜੀ ਹੀ ਫਿਲਮ ਹੈ 'ਕਾਲਾ ਧੰਦਾ ਗੋਰੇ ਲੋਗ'। ਉਸ ਦੀਆਂ ਪਹਿਲੀਆਂ ਦੋ ਮਹਾਨ 'ਫਲਾਪ' ਫਿਲਮਾਂ ਸਨ 'ਚਾਂਦੀ ਸੋਨਾ' ਤੇ 'ਅਬਦੁੱਲਾ'। ਸੰਜੇ ਖਾਨ ਨੇ ਬੰਬਈ ਦੇ ਬਾਹਰਲੇ ਇਲਾਕੇ ਵਿਚ ਕੁਝ 'ਫਾਈਟ ਸੀਨ' ਮੁਹੰਮਦ ਅਲੀ ਦੀ ਡਾਇਰੈਕਸ਼ਨ ਵਿਚ ਫਿਲਮਾਉਂਦਿਆਂ ਹੋਇਆ ਸਾਨੂੰ ਦੱਸਿਆ ਕਿ ਜੇ ਕਿੰਗ-ਬਰੂਸ ਅਖੀਰ ਵਿਚ ਜਿੱਤਿਆ ਸੀ ਤਾਂ ਕੀ ਸੰਜੇ ਖਾਨ ਨਹੀਂ ਜਿੱਤੇਗਾ। ਪਰ ਇਸ ਜਿੱਤ ਲਈ ਉਸ ਨੂੰ ਚਾਰ ਹੋਰ 'ਫਲਾਪ' ਫਿਲਮਾਂ ਦੇਣੀਆਂ ਪੈਣਗੀਆਂ।


ਪਰ ਇਸ ਵਾਰ ਸੰਜੇ ਖਾਨ ਨੇ ਸ਼ੰਮੀ ਕਪੂਰ, ਸੁਨੀਲ ਦੱਤ, ਅਕਬਰ ਖਾਨ ਅੰਮ੍ਰਿਤਾ ਸਿੰਘ, ਅਨੀਤਾ ਰਾਜ ਆਦਿ ਕਲਾਕਾਰਾਂ ਦਾ ਜਮਘਟਾ ਇਕੱਠਾ ਕੀਤਾ ਹੋਇਆ ਹੈ।

ਸੰਗੀਤ ਲਕਸ਼ਮੀ ਪਿਆਰੇ ਦਾ ਹੈ। ਸੰਜੇ ਖਾਨ ਇਸ ਤੀਸਰੀ ਫਿਲਮ ਨੂੰ ਹੀ ਸਫਲ ਬਨਾਉਣਾ ਚਾਹੁੰਦਾ ਹੈ। ਰੱਬ ਮੇਹਰ ਕਰੇ!

ਸਲਮਾ ਆਗਾ ਕਿੱਥੇ ਹੈ?

ਬੜੀ ਬੇਦਰਦ ਹੈ ਫਿਲਮੀ ਦੁਨੀਆਂ। ਕਦੇ ਉਸ ਨੇ 'ਨਿਕਾਹ' ਵਾਲੀ ਸਲਮਾ ਆਗਾ ਨੂੰ ਸਿਰ ਉਤੇ ਚੁੱਕਿਆ ਸੀ। ਪਰ ਹੁਣ 'ਕਸਮ ਪੈਦਾ ਕਰਨੇ ਵਾਲੇ ਕੀ' ਵਾਲੀ ਸਲਮਾ ਆਗਾ ਗੁਮਨਾਮੀਆਂ ਦੇ ਹਨੇਰੇ ਵਿਚ ਸੁੱਟ ਦਿਤੀ ਹੈ। 'ਅਸ਼ੋਕਾ ਐਪਾਰਟਮੈਂਟਸ' ਵਿਚੋਂ ਪਦਮਿਨੀ ਕੋਲ੍ਹਾਪੁਰੇ ਆਪਣ ਬਗਲੇ ਵਿਚ ਚਲੀ ਗਈ ਹੈ ਪਰ ਸਲਮਾ ਆਗਾ ਅਜੇ ਵੀ ਉਥੇ ਹੀ ਘੁਲ ਰਹੀ ਹੈ। ਤੇ ਉਡੀਕ ਰਹੀ ਹੈ ਰਾਮਾਨੰਦ ਸਾਗਰ ਦੀ ਫਿਲਮ 'ਸਲਮਾ' ਨੂੰ ਜਿਸ ਦਾ ਹੀਰੋ ਰਾਜ ਬੱਬਰ ਹੈ।

ਸਾਨੂੰ ਦੇਖ ਕੇ ਸਲਮਾ ਬੜੀ ਖੁਸ਼ ਹੋਈ ਸੀ। ਡੁੱਬਦੇ ਸੂਰਜਾਂ ਭਾਵ 'ਫਲਾਪ' ਸਟਾਰਾਂ ਨੂੰ ਮਿਲਣ ਆਏ ਲੋਕਾਂ ਨੂੰ ਦੇਖ ਕੇ ਬੜੀ ਖੁਸ਼ੀ ਹੁੰਦੀ ਹੈ। ਸਲਮਾ ਆਗਾ ਵੀ ਏਨੀ ਹੀ ਖੁਸ਼ ਹੋਈ ਸੀ।



ਸਲਮਾ ਆਗਾ ਤੇ ਦੀਪਕ ਪਰਾਸ਼ਰ

ਜ਼ੀਨਤ ਅਮਾਨ ਵੀ ਗਾਇਬ

ਲਓ ਜ਼ੀਨਤ ਅਮਾਨ ਵੀ ਗਾਇਬ ਹੋ ਗਈ। ਨਾ ਅਜ ਉਹ ਫਿਲਮੀ ਪਾਰਟੀਆਂ ਵਿਚ ਦਿੱਸਦੀ ਹੈ ਤੇ ਨਾ ਹੀ ਉਹ ਸ਼ੂਟਿੰਗ ਕਰਦੀ ਹੋਈ ਮਿਲਦੀ ਹੈ। ਉਸ ਦੀਆਂ ਫਿਲਮਾਂ 'ਯਾਦੋਂ ਕੀ ਕਸਮ' (ਜ਼ੀਨੀ ਦਾ ਪਹਿਲਾ ਡਬਲ ਰੋਲ), 'ਬਾਤ ਬਣ ਜਾਏ' ਤੇ 'ਯਾਰ ਕਸਮ' ਉਸ ਨੂੰ ਉਡੀਕ ਰਹੀਆਂ ਹਨ। ਸੁਣਦੇ ਹਾਂ ਉਹ ਇਕ ਦੋ ਦਿਨ ਦੀ ਸ਼ੂਟਿੰਗ ਕਰ ਕੇ

ਫਿਲਮਲੋਕ

ਫੇਰ ਆਪਣੇ ਪ੍ਰੇਮੀ ਫਰੈਂਕ. ਪਾਸ ਕੈਨੇਡਾ ਉਡਾਰੀ ਮਾਰ ਜਾਂਦੀ ਹੈ।

ਬਦਨਸੀਬ ਸੈਂਚਰੀ 'ਅਨਜਾਮ'

'ਸੈਂਚਰੀ ਸੌ ਦੀ ਗਿਣਤੀ ਪੂਰੀ ਹੋਣ ਤੇ ਬਣਦੀ ਹੈ। ਕਪਿਲ ਦੇਵ, ਰਵੀ ਸ਼ਾਸਤਰੀ ਦੀਆਂ ਸੈਂਚਰੀਆਂ ਮਸ਼ਹੂਰ ਹਨ।

ਪਰ ਵਿਚਾਰੀ ਰੱਤੀ ਅਗਨੀਹੋਤਰੀ ਦੀ 'ਸੈਂਚਰੀ' ਬਦਨਸੀਬ ਸਾਬਤ ਹੋਈ,

[redacted]



AMBIKA FOODS

5125 Victoria Drive, Vancouver

PHONE: 327—0295

Special Sale! Special Sale ! ਸਪੈਸ਼ਲ ਸੇਲ ! ਸਪੈਸ਼ਲ ਸੇਲ !

ਲੂਣ ਵਾਲਾ ਬਟਰ Butter Salted $2.25 1 lb.

Sugar ਖੰਡ 4.99 with this coupon & other grocery purchase	Atta Farine ਆਟਾ ਫਰੀਨ 9.89 2 × 10 Kg. bag	Long Grain Rice ਲੌਂਗ ਗਰੇਨ ਰਾਈਸ 10.89 20 kg.	Milk ਦੁੱਧ 3.29 4 lit.	Pachranga Achar ਅਚਾਰ 99¢ big can lb.
Moong ਮੂੰਗੀ 39¢ 1 lb.	Chana Dal ਛੋਲਿਆਂ ਦੀ ਦਾਲ 39¢ 1 lb.	Manh ਮਾਂਹ 39¢ 1 lb.	Black Chana ਕਾਲੇ ਛੋਲੇ 39¢ 1 lb.	Massar ਮਸਰ 39¢ 1 lb.
India Massar ਭਾਰਤੀ ਮਸਰ 19¢	Shona Saag ਸ਼ੋਹਣਾ ਸਾਗ 99¢ each can	Corned Mutton ਕੌਰਨਡ ਮਟਨ 1.69	Bravo Chick Peas ਬਰੇਵੋ ਕਾਬਲੀ ਛੋਲੇ 79¢ 19 oz. can	Rooh Afza Hamdard ਰੂਹ ਅਫਜ਼ਾ 3.99 Bottle
Jeera ਜੀਰਾ 99¢ 1 lb.	Dhania ਧਨੀਆ 99¢ 1 lb.	Methi Seed ਮੇਥਿਆਂ ਦੀ ਬੀਜ 99¢ 1 lb.	Fennal Seeds 99¢ 1 lb.	Chili Powder ਪੀਸੀਆਂ ਲਾਲ ਮਿਰਚਾਂ 89¢ 1 lb.
Chicken Legs ਮੁਰਗੇ ਦੀਆਂ ਲੱਤਾਂ 99¢ 1 lb.	Lamb Chops ਲੈਂਬ ਚਾਪ 1.19 1 lb.	Lamb Shoulder 1.15 1 lb.	Almond ਬਦਾਮ 1.89 1 lb.	Pista ਪਿਸਤਾ 3.99 1 lb.
Cashu Nuts ਕਾਜੂ 3.99 1 lb.	Basmati Rice ਬਾਸਮਤੀ ਚਾਵਲ 59¢ 1 lb.	Puffed Murmurer Rice 1.49 1 lb.	Rice Flakes 99¢ 1 lb.	Khichdi or Khir Rice ਖਿਚੜੀ ਜਾਂ ਖੀਰ ਚਾਵਲ 39¢ 1 lb.
Nabob Tea ਨਵਾਬ ਚਾਹ 3.89 120 bags	Vegetable Oil ਵੈਜੀਟੇਬਲ ਤੇਲ 3.77 3 lit.	Sunflower Oil ਸਨਫਲਾਵਰ ਤੇਲ 26.99 16 lit.	Vegetable Oil ਵੈਜੀਟੇਬਲ ਤੇਲ 17.89 16 lit. Pail	Mazzola Oil ਮਜ਼ੌਲਾ ਤੇਲ 5.89 3 lit.

ਕੁਝ ਅਨੰਦਪੁਰ ਮਤੇ ਬਾਰੇ

*ਹਰਕਿਸ਼ਨ ਸਿੰਘ ਸੁਰਜੀਤ

ਸ਼ਰੋਮਣੀ ਅਕਾਲੀ ਦਲ ਦਾ ਆਨੰਦਪੁਰ ਦਲ ਦਾ ਆਨੰਦਪੁਰ ਸਾਹਿਬ ਮਤਾ, ਜਿਹਦੇ ਬਾਰੇ ਬੀਤੇ ਤਿੰਨ ਸਾਲਾਂ ਤੋਂ ਅਖਬਾਰਾਂ 'ਚ ਚਰਚਾ ਛਿੜੀ ਹੋਈ ਹੈ, ਅਠਵੀਂ ਲੋਕ ਸਭਾ ਦੀ ਚੋਣ ਮੁਹਿੰਮ ਦੌਰਾਨ ਕਾਂਗਰਸ ਆਈ ਵਲੋਂ ਕੇਂਦਰ ਬਿੰਦੂ ਬਣਾਇਆ ਗਿਆ। ਅਸਲ ਵਿਚ ਹੁਕਮਰਾਨ ਪਾਰਟੀ ਨੇ ਮਾਮਲੇ ਨੂੰ ਆਨੰਦਪੁਰ ਮਤੇ 'ਚ ਪੇਸ਼ ਕੀਤੇ ਵੱਖਵਾਦ ਦੇ ਟਾਕਰੇ ਤੇ ਦੇਸ਼ ਦੀ ਏਕਤਾ ਨੂੰ ਖਤਰੇ ਵਜੋਂ ਪੇਸ਼ ਕੀਤਾ। ਕਾਂਗਰਸ ਆਈ ਇਸ ਗਲਤ-ਬਿਆਨੀ ਤੋਂ ਵੀ ਬਾਜ਼ ਨਾ ਆਈ ਕਿ ਵਿਰੋਧੀ ਪਾਰਟੀਆ ਆਨੰਦਪੁਰ ਮਤੇ ਦੀ ਹਮਾਇਤ ਕਰਦੀਆ ਰਹੀਆਂ ਅਤੇ ਇਹ ਪ੍ਰਭਾਵ ਪੈਦਾ ਕੀਤਾ ਗਿਆ ਕਿ ਵਿਰੋਧੀ ਪਾਰਟੀਆਂ ਨੂੰ ਦੇਸ਼ ਦੀ ਏਕਤਾ ਬਾਰੇ ਕੋਈ ਚਿੰਤਾ ਨਹੀਂ ਸੀ।

ਬੀਤੇ ਸਾਢੇ ਤਿੰਨ ਸਾਲਾਂ 'ਚ ਵਾਪਰੀਆਂ ਵਾਰਦਾਤਾਂ (ਜਿਹਨਾਂ 'ਚ ਅਤਿਵਾਦੀਆਂ ਵਲੋਂ ਲਾਲਾ ਜਗਤ ਨਰਾਇਣ ਦੀ ਹੱਤਿਆ, ਪਾਕਿਸਤਾਨ ਨੂੰ ਭਾਰਤ ਦੇ ਹਵਾਈ ਜਹਾਜ ਦਾ ਅਗਵਾ ਖਾਲਿਸਤਾਨ ਦਾ ਝੰਡਾ ਲਹਿਰਾਉਣ, ਦਰਬਾਰ ਸਾਹਿਬ 'ਚ ਹਥਿਆਰ ਜਮਾਂ ਕਰਨ ਅਤੇ ਅਕਾਲੀ ਪਾਰਟੀ ਵਲੋਂ ਅਤਿਵਾਦੀਆਂ ਦੀ ਨਿਖੇਧੀ ਤੇ ਉਨ੍ਹਾਂ ਤੋਂ ਨਿਖੇੜੇ ਤੋਂ ਨਾਂਹ ਅਤੇ ਘੜੀ ਮੁੜੀ ਆਨੰਦਪੁਰ ਮਤੇ ਦੀ ਪਰਵਾਨਗੀ ਦੀ ਮੰਗ ਤੇ ਜੋਰ ਸ਼ਾਮਿਲ ਹੈ) ਦੇ ਪਿਛੋਕੜ 'ਚ ਕਾਂਗਰਸ ਆਈ ਦੇਸ਼ ਦੀ ਏਕਤਾ ਅਤੇ ਅਖੰਡਤਾ ਦੇ ਨਾਹਰੇ ਪਿਛੇ ਦੇਸ਼ ਦੇ ਲੋਕਾਂ ਨੂੰ ਇਕਮੁਠ ਕਰ ਸਕੀ। ਇਸ ਵਿਚ ਕੋਈ ਸ਼ੱਕ ਨਹੀਂ ਕਿ ਸਾਮਰਾਜਵਾਦ ਦੀ ਸਰਪ੍ਰਸਤੀ ਥਲੇ ਸਿੱਖ ਅਤਿਵਾਦੀਆਂ ਵਲੋਂ ਸਾਬਕਾ ਪ੍ਰਧਾਨ ਮੰਤਰੀ ਦੀ ਹੱਤਿਆ ਨੇ ਦੇਸ ਦੇ ਲੋਕਾਂ ਨੂੰ ਹਿਲਾ ਕੇ ਰੱਖ ਦਿਤਾ, ਕਿਉਂ ਜੋ ਬਾਹਰਲੇ ਦੇਸ਼ਾਂ ਤੋਂ ਸਾਮਰਾਜਵਾਦੀਆਂ ਵਲੋਂ ਅਤਿਵਾਦੀ ਅਨਸਰਾਂ ਨੂੰ ਸ਼ਹਿ ਮਿਲ ਰਹੀ ਸੀ ਅਤੇ ਇਹ ਅਨਸਰ ਦੇਸ਼ 'ਚ ਅਸਥਿਰਤਾ ਪੈਦਾ ਕਰਨ ਤੇ ਤੁਲੇ ਹੋਏ ਸਨ। ਕਤਲ ਮਗਰੋਂ ਹੋਏ ਫਸਾਦਾਂ ਕਾਰਨ ਸਿਖ ਫਿਰਕੇ 'ਚ ਗੈਰ ਹੋਣ ਦੀ ਭਾਵਨਾ ਵਧੀ। ਇਹ ਗਲ ਸਾਮਰਾਜਵਾਦ ਲਈ ਸਾਜ਼ਗਾਰ ਰਹੀ। ਪਰ ਬਦਕਿਸਮਤੀ ਨਾਲ ਵਿਰੋਧੀ ਪਾਰਟੀਆਂ ਨੇ ਜੋ ਵਖੇ-ਪਖੀ ਨਹੀਂ, ਇਸ ਗਲ ਨੂੰ ਨਾ ਪਛਾਣਿਆ ਅਤੇ ਆਪਣੇ ਸੰਘਰਸ਼ ਤੇ ਪ੍ਰਚਾਰ 'ਚ ਦੇਸ਼ ਦੀ ਏਕਤਾ ਨੂੰ ਖਤਰੇ ਦਾ ਮਖੌਲ ਉਡਾਇਆ। ਨਤੀਜਾ ਕਾਂਗਰਸ-ਆਈ ਦੇ ਹੱਕ 'ਚ ਵਿਆਪਕ ਸਮਰਥਨ 'ਚ ਨਿਕਲਿਆ।

ਲੋਕੀਂ ਇਹ ਜਾਨਣਾ ਚਾਹੁੰਦੇ ਹਨ ਕਿ ਇਹ ਆਨੰਦਪੁਰ ਮਤਾ ਕੀ ਹੈ, ਕੀ ਇਹ ਵਖਵਾਦੀ ਹੈ ਕਿ ਨਹੀਂ, ਕੀ ਅਕਾਲੀ ਪਾਰਟੀ ਅਜੇ ਵੀ ਇਹਦੇ ਦਮ ਭਰਦੀ ਹੈ ?

ਮਤੇ ਦਾ ਪਿਛੋਕੜ


ਆਜ਼ਾਦੀ ਤੋਂ ਲੈ ਕੇ ਅਕਾਲੀ ਪਾਰਟੀ ਦੋ ਵਾਰੀ ਕਾਂਗਰਸ ਨਾਲ ਹਕੂਮਤ 'ਚ ਭਾਈਵਾਲ ਬਣੀ ਪਹਿਲਾਂ ਆਜ਼ਾਦੀ ਮਿਲਣ ਤੋਂ ਮਗਰੋਂ 1949 ਤੋਂ 1952 ਤਕ, ਤੇ ਦੂਜੀ ਵਾਰੀ ਪੰਜਾਬ ਤੇ ਹਰਿਆਣੇ 'ਚ ਰੀਜਨਲ ਫਾਰਮੂਲੇ ਬਾਰੇ ਸਹਿਮਤੀ ਪਿਛੋਂ ਕਾਂਗਰਸ 'ਚ ਸ਼ਾਮਲ ਹੋਣ ਤੇ 1957-62 ਤੱਕ।

ਰਾਜ ਦੇ ਪੁਨਰ-ਗਠਣ ਮਗਰੋਂ 1967 ਦੀਆਂ ਚੋਣਾਂ 'ਚ ਅਕਾਲੀ ਪਾਰਟੀ ਮੁਖ ਪਾਰਟੀ ਵਜੋਂ ਸਾਹਮਣੇ ਆਈ ਤੇ ਇਸਨੇ ਸਾਂਝੇ ਮੋਰਚੇ ਦੀ ਸਰਕਾਰ ਬਣਾ ਲਈ ਕੇਂਦਰ ਦੀ ਕਾਂਗਰਸ ਸਰਕਾਰ ਨੇ ਇਹ ਸਰਕਾਰ ਉਲਟਾ ਦਿਤੀ ਅਤੇ ਇਸਦੀ ਥਾਂ ਕਾਂਗਰਸ ਆਈ ਦੀ ਹਮਾਇਤ ਵਾਲੀ ਸਰਕਾਰ ਬਣਾ ਲਈ। ਅਖੌਤੀ ਖਾਲਿਸਤਾਨ ਦਾ ਰਾਸ਼ਟਰਪਤੀ,ਲੰਦਨ ਜਾ ਵਸਿਆ ਜਗਜੀਤ ਸਿੰਘ ਚੌਹਾਨ ਇਸ ਸਰਕਾਰ 'ਚ ਖਜਾਨਾ ਮੰਤਰੀ ਸੀ। ਜਨਤਕ ਦਬਾਅ ਥਲੇ ਸਰਕਾਰ ਟੁਟ ਗਈ, ਤੇ ਫਿਰ 1969 ਦੀਆਂ ਚੋਣਾਂ ਮਗਰੋਂ ਅਕਾਲੀ ਪਾਰਟੀ ਨੇ ਸਰਕਾਰ ਬਣਾ ਲਈ। ਇਸ ਵਾਰੀ ਵੀ ਕੇਂਦਰ ਦੀ ਸਰਕਾਰ ਵਲੋਂ ਦਲ-ਬਦਲੀ ਦੁਆਰਾ ਸਰਕਾਰ ਡੇਗਣ ਦੇ ਯਤਨ ਕੀਤੇ ਗਏ ਜੋ ਨਾਕਾਮ ਰਹੇ। ਪਰ 1971 ਦੀਆਂ ਚੋਣਾਂ 'ਚ ਅਕਾਲੀ ਪਾਰਟੀ ਹਾਰ ਗਈ ਅਤੇ ਕਾਂਗਰਸ ਦੀ ਸਰਕਾਰ ਬਣ ਗਈ।

ਇਹ ਦੌਰ ਹੈ ਜਦੋਂ ਸਿੱਖ ਰੂੜੀਵਾਦੀਆਂ ਨੇ ਸਿਰ ਚੁਕਿਆ, ਅਤੇ ਸਿਖਾਂ ਨੂੰ ਅਕਾਲੀ ਪਾਰਟੀ ਪਿਛੇ ਜਥੇਬੰਦ ਕਰਨ ਲਈ ਸਿੱਖ ਫਿਰਕੇ ਨਾਲ ਨਾ ਇਨਸਾਫੀ ਦੇ ਨਾਅਰੇ ਬੁਲੰਦ ਕੀਤੇ ਗਏ। ਅਕਾਲੀ ਦਲ ਦੀ ਨੀਤੀ ਤੇ ਪ੍ਰੋਗਰਾਮ ਨੂੰ ਮੁੜ ਕੇ ਮਿਥਣ ਲਈ 11 ਦਸੰਬਰ 1972 ਨੂੰ ਇਕ ਕਮੇਟੀ ਬਣਾਈ ਗਈ। ਇਸ ਕਮੇਟੀ 'ਚ ਹਰ ਵਿਚਾਰ ਦੇ ਅਕਾਲੀ ਸ਼ਾਮਿਲ ਹੋਏ। 16-17 ਅਕਤੂਬਰ 1973 ਨੂੰ ਆਨੰਦਪੁਰ 'ਚ ਹੋਈ ਅਕਾਲੀ ਦਲ ਦੀ ਵਰਕਿੰਗ ਦੀ ਮੀਟਿੰਗ 'ਚ ਰੀਪੋਰਟ ਪੇਸ਼ ਹੋਈ ਤੇ ਬਹਿਸ ਉਪਰੰਤ ਪ੍ਰਵਾਨ ਕਰ ਲਈ ਗਈ। ਇਹ ਹੈ ਆਨੰਦਪੁਰ ਸਾਹਿਬ ਦਾ ਮਤਾ।

ਇਸ ਮਤੇ ਦੇ ਕਈ ਮਤਲਬ ਕਢੇ ਗਏ। ਜਿਹੜੇ ਚਾਹੁੰਦੇ ਸਨ ਕਿ ਅਤਿਵਾਦੀਆਂ ਤੋਂ ਨਿਖੇੜਾ ਕੀਤਾ ਜਾਏ, ਉਹ ਦਲੀਲ ਦੇਂਦੇ ਕਿ ਇਸ ਮਤੇ 'ਚ ਰਾਜਾਂ ਲਈ ਵਾਧੂ ਅਧਿਕਾਰਾਂ ਦੀ ਮੰਗ ਸ਼ਾਮਿਲ ਹੈ। ਕਈ ਹੋਰ ਦਾਅਵਾ ਕਰਦੇ ਕਿ ਮਤਾ ਸਿਖ ਕੌਮ ਦੇ ਸੰਕਲਪ ਤੇ ਅਧਾਰਤ ਹੈ। ਅਜੇ ਵੀ ਅਕਾਲੀਆਂ ਦੇ ਇਕ ਹਿਸੇ ਵਲੋਂ ਮਤੇ ਦੇ ਦੋ ਅਰਥ ਕਢੇ ਜਾ ਰਹੇ ਹਨ। ਸੰਤ ਲੌਂਗੋਵਾਲ ਦੇ ਪੈਰੋਕਾਰ ਐਲਾਨ ਕਰਦੇ ਹਨ ਕਿ ਉਹ 'ਖਾਲਿਸਤਾਨ' ਦਾ ਵਿਰੋਧ ਕਰਦੇ ਹਨ, ਪਰ ਇਸਦੇ ਬਾਵਜੂਦ ਉਹ ਘੜੀ ਮੁੜੀ ਆਖਦੇ ਫਿਰਦੇ ਹਨ ਕਿ ਉਹ ਆਨੰਦਪੁਰ ਮਤੇ ਦੇ ਪਖ 'ਚ ਹਨ ਤੇ ਇਸਨੂੰ ਸਰਕਾਰ ਨਾਲ ਗੱਲਬਾਤ ਸਮੇਂ ਸ਼ਰਤ ਵਜੋਂ ਪੇਸ਼ ਕਰਦੇ ਹਨ। ਅਤਿਵਾਦੀ ਖੁਲੇ ਰੂਪ 'ਚ ਦਾਅਵਾ ਕਰਦੇ ਹਨ ਕਿ ਉਨ੍ਹਾਂ ਦਾ ਖਾਲਿਸਤਾਨ ਦਾ ਨਾਅਰਾ ਆਨੰਦਪੁਰ ਮਤੇ ਤੇ ਅਧਾਰਤ ਹੈ। ਆਨੰਦਪੁਰ ਮਤੇ ਦੇ ਅਧਿਅਨ ਤੇ ਪਤਾ ਲਗਦਾ ਹੈ ਕਿ ਇਸ ਵਿਚ ਵੱਖਵਾਦ ਦੇ ਬੀਜ ਹਨ, ਤੇ ਜੇ ਇਸ ਤੇ ਚਲਿਆ ਜਾਏ, ਤਾਂ ਇਹਦਾ ਮਤਲਬ ਹੋਵੇਗਾ ਧਾਰਮਿਕ ਰੂੜੀਵਾਦ ਤੇ ਅਧਾਰਤ ਰਾਜ ਦਾ ਨਿਰਮਾਣ, ਜਿਹੜਾ ਧਰਮ ਨਿਰਲੇਪਤਾ ਅਤੇ ਜਮੂਹਰੀਅਤ ਦੇ ਅਸੂਲ ਦੀ ਉਲੰਘਨਾਹੈ।

ਸ਼ਰੋਮਣੀ ਅਕਾਲੀ ਦਲ ਦੇ ਰਾਜਸੀ ਨਿਸ਼ਾਨੇ ਨੂੰ ਪ੍ਰੀਭਾਸ਼ਤ ਕਰਦਿਆਂ ਆਨੰਦਪੁਰ ਮਤਾ ਆਖਦਾ ਹੈ— ਸ਼ਰੋਮਣੀ ਅਕਾਲੀ ਦਲ ਦਾ ਰਾਜਸੀ ਨਿਸ਼ਾਨਾ ਨਿਸ਼ਚੇ ਤੌਰ ਤੇ ਸਾਹਿਬ ਦਸਮੇਂ ਪਾਤਿਸ਼ਾਹ ਦੇ ਆਦੇਸ਼ਾਂ, ਸਿੱਖ ਇਤਹਾਸ ਦੇ ਪੰਨਿਆਂ ਅਤੇ ਖਾਲਸਾ ਪੰਥ ਦੇ ਮਨ ਮੰਦਰ ਵਿਚ ਉਕਰਿਆ ਚਲਿਆ ਆ ਰਿਹਾ ਹੈ, ਜਿਸ ਦਾ ਮਨੋਰਥ 'ਖਾਲਸਾ ਜੀ ਦੇ ਇਸ ਜਨਮ ਸਿਧ ਅਧਿਕਾਰ ਨੂੰ ਦ੍ਰਿਸ਼ਟਮਾਨ ਕਰਨ ਲਈ ਲੋੜੀਂਦੇ ਦੇਸ਼ ਕਾਲ ਅਤੇ ਰਾਜਸੀ ਵਿਧਾਨ ਦੀ ਸਿਰਜਨਾ ਪਰਾਪਤੀ ਸ਼ਰੋਮਣੀ ਅਕਾਲੀ ਦਲ ਤੇ ਬੁਨਿਆਦੀ ਢਾਂਚੇ ਦੀ ਨੀਂਹ ਹੈ।'



ਇਹਦੇ ਵਿਚ 'ਪੰਥ ਦੀ ਨਿਵੇਕਲੀ ਸੁਤੰਤਰ ਪਛਾਣ' ਵਲ ਇਸ਼ਾਰਾ ਹੈ ਅਤੇ 'ਖਾਲਸਾ ਜੀ ਦੇ ਬੋਲ ਬਾਲੇ ਨੂੰ ਲੋੜੀਂਦੇ ਦੇਸ਼-ਕਾਲ ਅਤੇ ਰਾਜਸੀ ਵਿਧਾਨ ਦੀ ਸਿਰਜਨਾ-ਪ੍ਰਾਪਤੀ' ਦੁਆਰਾ ਅੰਤਮ ਟੀਚੇ ਵਜੋਂ ਮਿਥਣਾ ਹੈ। ਦੁਆਰਾ ਇਸ ਨਿਸਾਨੇ ਨੂੰ ਟੀਚੇ ਵਜੋਂ ਬਿਆਨ ਕਰਕੇ ਕਿਵੇਂ ਕਹਿਆ ਜਾ ਸਕਦਾ ਹੈ ਕਿ ਮਤਾ 'ਸਿੱਖ ਕੌਮ' ਦੇ ਖਤਰਨਾਕ ਸਿਧਾਂਤ ਨੂੰ ਪ੍ਰਚਾਰਦਾ ਹੈ। ਮਤੇ 'ਚ ਸਾਫ ਸ਼ਬਦਾਂ 'ਚ ਦਾਅਵਾ ਕੀਤਾ ਗਿਆ ਹੈ ਕਿ ਜਿਥੋਂ ਤਕ ਸਿੱਖਾਂ ਦਾ ਸਬੰਧ ਹੈ ਧਰਮ ਤੇ ਰਾਜਨੀਤੀ ਅੱਡ ਅੱਡ ਨਹੀਂ। ਮਤਾ ਸਿੱਖ ਰਹਿਤ ਮਰਿਆਦਾ ਤੇ ਅਧਾਰਤ ਰਾਜ ਦੀ ਵਕਾਲਤ ਕਰਦਾ ਹੈ।

ਅਸਲ ਵਿਚ, ਅਕਾਲੀ ਪਾਰਟੀ ਦੇ ਉਹ ਆਗੂ ਜਿਹੜੇ ਖਾਲਿਸਤਾਨ ਦੇ ਅਤਿਵਾਦੀ ਨਾਅਰੇ ਅਤੇ ਅਤਿਵਾਦੀਆਂ ਵਲੋਂ ਆਨੰਦਪੁਰ ਮਤੇ ਨੂੰ ਵੱਖਵਾਦ ਦੇ ਮਨੋਰਥ ਲਈ ਵਰਤੇ ਜਾਣ ਤੇ ਤੰਗ ਹਨ, ਉਨ੍ਹਾ ਨੇ ਉਸ ਸਮੇਂ ਆਨੰਦਪੁਰ ਮਤੇ ਦਾ ਵਿਰੋਧ ਨਹੀਂ ਸੀ ਕੀਤਾ। ਉਨ੍ਹਾਂ ਨੂੰ ਇਹ ਪਤਾ ਨਹੀਂ ਸੀ ਕਿ ਸਰਵ ਸੰਮਤੀ ਨਾਲ ਪ੍ਰਵਾਨ ਕੀਤਾ ਗਿਆ ਇਹ ਮਤਾ ਕੀ ਗੰਭੀਰ ਸਿੱਟੇ ਕਢ ਸਕਦਾ ਹੈ। ਅਕਾਲੀ ਪਾਰਟੀ ਵਲੋਂ ਬਾਅਦ 'ਚ ਹੋਈ ਇਕ ਕਾਨਫਰੰਸ 'ਚ ਬਿਨਾਂ ਕਿਸੇ ਬਹਿਸ ਦੇ ਇਸ ਮਤੇ ਦੀ ਪੁਸ਼ਟੀ ਕਰ ਦਿਤੀ ਗਈ। ਚੰਗੇ ਭਾਗੀਂ, ਮਤਾ ਕਾਫੀ ਸਮਾਂ ਅਣਗੌਲਿਆ ਰਿਹਾ ਅਤੇ ਅਕਾਲੀ ਪਾਰਟੀ ਨੇ ਲੋਕਾਂ ਦੇ ਮੁਤਾਲਬਿਆ ਸਬੰਧੀ ਕਈ ਸਾਂਝੇ ਅੰਦੋਲਨਾਂ 'ਚ ਹਿਸਾ ਲਿਆ ਤੇ ਐਮਰਜੰਸੀ ਵਿਰੁਧ ਸੰਘਰਸ਼ ਵੀ ਕੀਤਾ ਇਹ ਸੰਘਰਸ਼ ਐਮਰਜੰਸੀ ਦੇ ਖਾਤਮੇ ਤਕ ਜਾਰੀ ਰਿਹਾ।

ਤਾਕਤ-ਅਜ਼ਮਾਈ 'ਚ ਪੈ ਕੇ ਆਨੰਦਪੁਰ ਦਾ ਮਤਾ ਅੱਖੋਂ ਉਹਲੇ ਰਹਿ ਗਿਆ। 1977 ਦੀਆਂ ਚੋਣਾਂ 'ਚ ਆਨੰਦਪੁਰ ਸਾਹਿਬ ਮਤੇ ਦਾ ਜ਼ਿਕਰ ਤਕ ਨਹੀਂ ਸੀ।

1977 ਦੀਆਂ ਚੋਣਾਂ 'ਚ ਅਕਾਲੀ ਪਾਰਟੀ ਨੇ ਵਡੀ ਬਹੁ-ਗਿਣਤੀ ਪ੍ਰਾਪਤ ਕਰ ਲਈ ਅਤੇ ਜਨਤਾ ਪਾਰਟੀ ਨਾਲ ਮਿਲਕੇ ਸਰਕਾਰ ਬਣਾ ਲਈ। ਅਕਾਲੀ ਪਾਰਟੀ ਕੇਂਦਰ ਮੰਤਰੀ ਮੰਡਲ 'ਚ ਵੀ ਸ਼ਾਮਿਲ ਹੋ ਗਈ। ਰਾਸ਼ਟਰੀ ਮੁਖਧਾਰਾ 'ਚ ਸ਼ਾਮਿਲ ਹੋਣ ਤੇ ਅਕਾਲੀ ਲੀਡਰਸ਼ਿਪ ਨੂੰ ਆਨੰਦਪੁਰ ਮਤੇ ਦੇ ਖਤਰਨਾਕ ਪਹਿਲੂਆਂ ਦਾ ਅਨੁਭਵ ਹੋਇਆ, ਅਤੇ ਉਹ ਕਿਸੇ ਨਾ ਕਿਸੇ ਤਰ੍ਹਾਂ ਇਸ ਝਮੇਲੇ 'ਚੋਂ ਬਾਹਰ ਨਿਕਲਣ ਲਈ ਹਥ ਪੈਰ ਮਾਰਦੀ ਰਹੀ। ਅਕਾਲੀ ਆਗੂ ਇਹ ਪ੍ਰਭਾਵ ਵੀ ਨਹੀਂ ਦੇਣਾ ਚਾਹੁੰਦੇ ਸਨ ਕਿ ਉਨ੍ਹਾਂ ਨੇ ਆਨੰਦਪੁਰ ਮਤਾ ਤਿਆਗ ਦਿਤਾ ਹੈ।

28-29 ਅਕਤੂਬਰ, 1978 ਨੂੰ ਲੁਧਿਆਣੇ 'ਚ ਹੋਈ 18ਵੀਂ ਕੁਲ ਹਿੰਦ ਅਕਾਲੀ ਕਾਨਫਰੰਸ ਨੇ ਇਕ ਹੋਰ ਮਤਾ ਪਾਸ ਕੀਤਾ, ਜਿਹੜਾ ਗੁਰਚਰਨ ਸਿੰਘ ਟੌਹੜਾ ਵਲੋਂ ਪੇਸ਼ ਕੀਤਾ ਗਿਆ ਅਤੇ ਜਿਸਦੀ ਪ੍ਰਕਾਸ਼ ਸਿੰਘ ਬਾਦਲ ਨੇ ਪੁਸ਼ਟੀ ਕੀਤੀ। ਇਹ ਮਤਾ ਵੀ ਸਰਵ ਸੰਮਤੀ ਨਾਲ ਪਾਸ ਕੀਤਾ ਗਿਆ।

ਲੁਧਿਆਣੇ ਦਾ ਮਤਾ

ਪਿਛੇ ਜਿਹੇ ਅਕਾਲੀ ਦਲ ਨੇ ਇਸ ਮਤੇ ਨੂੰ ਆਨੰਦਪੁਰ ਮਤੇ ਵਜੋਂ ਵੰਡਿਆ ਹੈ ਅਤੇ ਇਹਦੇ ਆਧਾਰ ਤੇ ਦਲੀਲ ਪੇਸ਼ ਕੀਤੀ ਹੈ ਕਿ ਮਤਾ ਵਖਵਾਦੀ ਨਹੀਂ। ਇਹ ਮਤਾ ਕੁਲ ਹਿੰਦ ਅਧਿਵੇਸ਼ਨ 'ਚ ਪਾਸ ਕੀਤਾ ਗਿਆ, ਇਸ ਵਾਸਤੇ ਇਸ ਨੇ ਪਹਿਲੇ ਮਤੇ ਦੀ ਥਾਂ ਲੈ ਲਈ, ਪਰ ਅਤਿਵਾਦ ਦੇ ਦਬਾਅ ਕਾਰਨ, ਕਿਸੇ'ਚ ਹਿੰਮਤ ਹੀ ਨਹੀਂ ਸੀ ਕਿ ਉਹ ਅਜਿਹੀ ਵਿਆਖਿਆ ਦੇ ਸਕਦਾ। ਇਹ ਦਸਣ ਲਈ ਕਿ ਅਕਾਲੀ ਅਸਲੀ ਆਨੰਦਪੁਰ ਮਤੇ ਨੂੰ ਤਿਆਗ ਨਹੀਂ ਰਹੀ, ਉਨ੍ਹਾ ਨੇ ਨਵੇਂ ਮਤੇ ਦੇ ਸ਼ੁਰੂ 'ਚ ਲਿਖ ਦਿਤਾ—ਆਨੰਦਪੁਰ ਮਤੇ ਦੀ ਰੌਸ਼ਨੀ 'ਚ ਪ੍ਰਵਾਨ ਹੋਇਆ। ਉਨ੍ਹਾ ਨੇ ਇਹਦਾ ਹਵਾਲਾ ਮਤੇ ਦੇ ਮਜ਼ਮੂਨ ਵਿਚ ਵੀ ਦਿਤਾ ਹੈ ਪਰ ਇਹ ਅਸਲੀ ਆਨੰਦਪੁਰ ਮਤੇ ਨਾਲੋਂ ਅਡਰਾ ਹੈ, ਕਿਉਂ ਜੋ ਇਹਦੇ 'ਚ 'ਪੰਥ ਦੇ ਬੋਲ ਬਾਲੇ' ਅਤੇ ਰਾਜਸੀ ਵਿਧਾਨ ਦੀ ਸਿਰਜਣਾ-ਪ੍ਰਾਪਤੀ ਦੁਆਰਾ ਖਾਲਸਾ ਜੀ ਦੇ ਜਨਮ-ਸਿਧ ਅਧਿਕਾਰ ਨੂੰ ਦ੍ਰਿਸ਼ਟਮਾਨ ਕਰਨ ਲਈ ਲੋੜੀਂਦੇ ਦੇਸ਼ ਕਾਲ ਦਾ ਵਰਨਣ ਨਹੀਂ। ਮਤੇ ਦੇ ਅਖੀਰ 'ਚ ਦਰਜ ਹੈ — ਸ਼ਰੋਮਣੀ ਅਕਾਲੀ ਦਲ ਜਨਤਾ ਸਰਕਾਰ ਤੇ ਜ਼ੋਰ ਦੇ ਕੇ ਆਖਦਾ ਹੈ ਕਿ ਉਹ ਵਖੋ ਵਖਰੇ ਭਾਸ਼ਾਈ, ਸਭਿਆਚਾਰਕ ਤਬਕਿਆਂ, ਧਾਰਮਿਕ ਘਟ ਗਿਣਤੀਆ ਅਤੇ ਲੱਖਾਂ ਕਰੋੜਾਂ ਦੇਸ਼ ਵਾਸੀਆਂ ਦੀ ਆਵਾਜ਼ ਵਲ ਧਿਆਨ ਦੇਵੇ ਅਤੇ ਦੇਸ਼ ਦੇ ਸੰਵਿਧਾਨਕ ਢਾਂਚੇ ਨੂੰ ਹਕੀਕੀ, ਅਰਥ-ਭਰਪੂਰ ਫੈਡਰਲ ਅਸੂਲਾਂ ਤੇ ਨਵੇਂ ਸਿਰੇ ਢਾਲੇ, ਤਾਂ ਜੋ ਦੇਸ਼ ਦੀ ਅਖੰਡਤਾ ਅਤੇ ਕੌਮੀ ਏਕਤਾ ਲਈ ਖਤਰੇ ਦੀ ਸੰਭਾਵਨਾ ਖਤਮ ਹੋਵੇ ਅਤੇ ਰਾਜ ਆਪਣੀਆਂ ਸ਼ਕਤੀਆ ਦੀ ਅਰਥ-ਭਰਪੂਰ ਪਰਤੋਂ ਦੁਆਰਾ ਆਪਣੇਆਪਣੇ ਦਾਇਰੇ 'ਚ ਭਾਰਤ ਦੇ ਲੋਕਾਂ ਦੀ ਤਰੱਕੀ ਤੇ ਖੁਸ਼ਹਾਲੀ ਲਈ ਮੁਫੀਦ ਕਿਰਦਾਰ ਨਿਭਾ ਸਕਣ।

ਇਥੇ ਕੇਂਦਰ-ਰਾਜ ਸਬੰਧਾਂ ਨੂੰ ਨਵੇਂ ਸਿਰੇ ਉਸਾਰਨ ਦੀ ਮੰਗ ਕੀਤੀ ਗਈ ਹੈ, ਤਾਂ ਜੋ ਕੌਮੀ ਏਕਤਾ ਅਤੇ ਦੇਸ਼ ਦੀ ਅਖੰਡਤਾ ਨੂੰ ਖਤਰੇ ਦੀ ਸੰਭਾਵਨਾ ਖਤਮ ਹੋਵੇ, ਅਤੇ ਇਹ ਆਨੰਦਪੁਰ ਮਤੇ 'ਚ ਦਿਤੇ ਵਖਵਾਦ ਦੇ ਵਿਚਾਰ ਦੇ ਐਨ ਉਲਟ ਹੈ। ਲੁਧਿਆਣੇ ਦੇ ਮਤੇ ਨੂੰ ਵੀ ਜਨਤਕ ਰਾਏ ਦੀ ਲਾਮਬੰਦੀ ਲਈ ਸਾਧਨ ਵਜੋਂ ਨਾ ਅਪਨਾਇਆ ਗਿਆ। ਇਹ ਜਿਉਂ ਦਾ ਤਿਉਂ ਪਿਆ ਰਿਹਾ। ਫਿਰ ਇੰਦਰਾ ਗਾਂਧੀ ਤਾਕਤ 'ਚ ਆ ਗਈ, ਅਤੇ ਅਕਾਲੀ ਦਲ ਅੰਦਰੂਨੀ ਸੰਕਟ ਕਾਰਨ ਦੋਫਾੜ ਹੋ ਗਿਆ। ਅਦਾਲੀ ਦਲ ਦੇ ਤਲਵੰਡੀ ਗਰੁਪ ਨੇ ਆਨੰਦਪੁਰ ਮਤੇ ਨੂੰ ਲਾਗੂ ਕਰਵਾਉਣ ਲਈ ਮੋਰਚਾ ਸਾਲ ਭਰ ਚਲਿਆ, ਪਰ ਇਸ ਨੂੰ ਕੋਈ ਹੁੰਗਾਰਾ ਨਾ ਮਿਲਿਆ। ਸ਼ਰੋਮਣੀ ਅਕਾਲੀ ਦਲ ਪਾਣੀਆ ਦੇ ਮਸਲੇ ਤੇ ਪੰਜਾਬ 'ਚ ਮੋਰਚੇ ਦੀ ਅਗਵਾਈ ਕਰ ਰਿਹਾ ਸੀ।

ਇਸੇ ਦੌਰਾਨ ਅਤਿਵਾਦੀ ਆਗੂ, ਭਿੰਡਰਾਂਵਾਲੇ ਨੇ ਐਲਾਨ ਕੀਤਾ ਕਿ ਉਹ ਆਪਣੇ ਦੋ ਬੋਲੀ ਛੁਡਾਉਣ ਲਈ ਦਰਬਾਰ ਸਾਹਿਬ ਵਿਚੋਂ ਮੋਰਚਾ ਛੇੜੇਗਾ। ਮਿਲਣ ਵਾਲੇ ਹੁੰਗਾਰੇ ਤੋਂ ਡਰਦਿਆਂ, ਸ਼ਰੋਮਣੀ ਅਕਾਲੀ ਦਲ ਨੇ ਪੰਥਕ ਕਨਵੈਨਸ਼ਨ ਸੱਦੀ ਤੇ ਇਕ ਮੰਗ ਚਾਰਟਰ ਪਰਵਾਨ ਕੀਤਾ, ਜਿਹਦੇ ਵਿਚ ਭਿੰਡਰਾਂ ਵਾਲੇ ਦੀ ਮੰਗ ਤੋਂ ਇਲਾਵਾ ਆਨੰਦਪੁਰ ਦਾ ਮਤਾ ਵੀ ਸ਼ਾਮਿਲ ਸੀ ਅਤੇ ਧਰਮ ਯੁਧ ਦੇ ਨਾਅਰੇ ਥੱਲੇ ਮੋਰਚਾ ਚਾਲੂ ਕਰ ਦਿਤਾ ਗਿਆ।

ਇਸਦਾ ਨਤੀਜਾ ਅਤਿਵਾਦੀਆਂ ਦੇ ਹੱਥਾਂ ਵਿਚ ਖੇਡਣ ਤੋਂ ਛੁਟ ਹੋਰ ਕੀ ਹੋ ਸਕਦਾ ਸੀ, ਤੇ ਅੰਤ ਨੂੰ ਹੋਇਆ ਵੀ ਇਹੋ ਸੀ।

ਅਕਾਲੀ ਪਾਰਟੀ ਲਈ ਮੁੜਕੇ ਸੋਚਣ ਦੀ ਘੜੀ

ਅਕਾਲੀ ਪਾਰਟੀ ਨੂੰ ਬੀਤੇ ਤਿੰਨ ਸਾਲਾਂ ਦੌਰਾਨ ਵਾਪਰੀਆਂ ਘਟਨਾਵਾਂ ਤੋਂ ਸਬਕ ਸਿਖਣਾ ਹੋਵੇਗਾ। ਆਨੰਦਪੁਰ ਮਤੇ ਬਾਰੇ ਕੋਈ ਦਲੀਲ ਦੇਣ ਦਾ ਕੋਈ ਫਾਇਦਾ ਨਹੀਂ। ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਇਸ ਦੇ ਦੁਹਰਾਏ ਜਾਣ ਤੇ ਉਨ੍ਹਾਂ ਰੂੜੀਵਾਦੀਆਂ ਅਤੇ ਅੱਤਵਾਦੀਆ ਨੂੰ ਹੀ ਬੜਾਵਾ ਮਿਲਿਆ ਹੈ ਜਿਹੜੇ ਖਾਲਿਸਤਾਨ ਦੇ ਵਖਵਾਦੀ ਨਾਅਰੇ ਨੂੰ ਹਵਾ ਦੇ ਰਹੇ ਹਨ। ਧਰਮ ਤੇ ਆਧਾਰ ਤੇ ਰਾਜ ਦਾ ਨਿਰਮਾਣ ਇਕ ਪ੍ਰਤੀਗਾਮੀ ਕਦਮ ਹੈ। ਪਾਕਿਸਤਾਨ ਧਾਰਮਿਕ ਬੰਧਨਾਂ ਦੇ ਆਧਾਰ ਤੇ ਬਣਿਆ, ਪਰ ਉਸਦੀ ਵੀ ਏਕਤਾ ਕਾਇਮ ਨਾ ਰਹੀਂ, ਬੰਗਲਾ ਦੇਸ਼ ਟੁੱਟ ਕੇ ਵਖ ਹੋ ਗਿਆ। ਇਕ ਗੱਲ ਹੋਰ, ਇਸ ਦੇਸ਼ ਦੀ ਏਕਤਾ ਅਤੇ ਅਖੰਡਤਾ ਤੇ ਕਿਸੇ ਹਮਲੇ ਨੂੰ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਜੇ ਅਕਾਲੀ ਲੀਡਰਸ਼ਿਪ ਸਦਾ ਵਾਂਗ ਖਾਲਿਸਤਾਨ ਦੀ ਵਖਵਾਦੀ ਮੰਗ ਦਾ ਵਿਰੋਧ ਕਰਦੀ ਹੈ, ਅਤੇ ਦੇਸ਼ ਦੀ ਏਕਤਾ ਦੀ ਮੁਦਈ ਹੈ ਤਾਂ ਉਹ ਘੜੀ ਮੁੜੀ ਆਨੰਦਪੁਰ ਮਤੇ ਦੀ ਰੱਟ ਕਿਉਂ ਲਾ ਰਹੀ ਹੈ ? ਉਹ ਲੁਧਿਆਣੇ ਦੇ ਮਤੇ 'ਚ ਕੇਂਦਰ ਰਾਜ ਸਬੰਧਾਂ ਬਾਰੇ ਸਟੈਂਡ ਕਿਉਂ ਨਹੀਂ ਲੈਂਦੇ। ਕੇਂਦਰ ਰਾਜ ਸਬੰਧਾਂ ਦਾ ਮਸਲਾ ਸਰਕਾਰੀਆ ਕਮਿਸ਼ਨ ਦੇ ਹਵਾਲੇ ਕੀਤਾ ਜਾ ਸਕਦਾ ਹੈ। ਜੇ ਉਹ ਇਵੇਂ ਕਰ ਲੈਣ ਤਾਂ ਉਨ੍ਹਾ ਨੂੰ ਵੱਖੋ ਵੱਖਰੇ ਰਾਜਾਂ ਵਿਚ ਉਨ੍ਹਾਂ ਲੋਕਾਂ ਦਾ ਸਮਰਥਨ ਮਿਲ ਸਕਦਾ ਹੈ, ਜਿਹੜੇ ਦੇਸ ਦੀ ਏਕਤਾ ਨੂੰ ਮਜਬੂਤ ਕਰਨ ਲਈ ਕੇਂਦਰ ਰਾਜ ਸਬੰਧਾਂ ਨੂੰ ਨਵੇਂ ਸਿਰੇ ਢਾਲਣਾ ਲੋੜਦੇ ਹਨ। ਜੇ ਉਹ ਅਤਿਵਾਦੀਆਂ ਵਲੋਂ ਦਬਾਅ ਥੱਲੇ ਡੋਲਦੇ ਰਹੇ, ਤਾਂ ਦੇਸ਼ ਨੂੰ ਜਾਰ ਅਤੇ ਸਿੱਖਾ ਨੂੰ ਹੋਰ ਨੁਕਸਾਨ ਪੁਜੇਗਾ। ਅਤਿਵਾਦੀਆਂ ਨੂੰ ਪਤਿਆਉਣ ਦੀ ਲੋੜ ਨਹੀਂ। ਚਾਹੀਦਾ ਇਹ ਹੈ ਕਿ ਉਨ੍ਹਾਂ ਦੀ ਨਿਖੇਧੀ ਕੀਤੀ ਜਾਏ। ਅਕਾਲ ਤਖਤ ਦੇ ਜਥੇਦਾਰ ਗਿਆਨੀ ਕਿਰਪਾਲ ਸਿੰਘ ਦੀ ਜਾਨ ਤੇ ਹਮਲਾ ਆਉਣ ਵਾਲੇ ਹਾਲਾਤ ਦਾ ਸੰਕੇਤ ਹੈ। ਅਜ ਵੀ ਆਪ ਸਿੱਖਾਂ ਦੇ ਹਿਤ ਪੰਜਾਬੀ ਲੋਕਾਂ ਦੀ ਏਕਤਾ ਅਤੇ ਦੇਸ਼ ਵਿਚ ਵਸਣ ਵਾਲੇ ਸਮੂਹ ਫਿਰਕਿਆਂ ਦੀ ਏਕਤਾ ਦੀ ਮੰਗ ਕਰਦੇ ਹਨ। ਇਸੇ ਏਕਤਾ ਲਈ ਸ਼ਹੀਦਾਂ ਅਤੇ ਅਕਾਲੀ ਲਹਿਰ ਦੇ ਜੋਧਿਆ ਨੇ ਕੁਰਬਾਨੀਆ ਕੀਤੀਆਂ। ਰਾਜਨੀਤੀ ਨਾਲ ਧਰਮ ਦੀ ਮਿਲਾਵਟ ਨੇ ਦੇਸ਼ ਅਤੇ ਸਿਖ ਫਿਰਕੇ ਲਈ ਤਬਾਹੀ ਮਚਾ ਦਿਤੀ ਹੈ।

ਸਰਕਾਰ ਦੀ ਜ਼ੁਮੇਂਵਾਰੀ

ਸਰਕਾਰ ਵੀ ਇਹ ਸਥਿਤੀ ਪੈਦਾ ਕਰਨ ਦੀ ਜ਼ੁਮੇਂਵਾਰੀ ਤੋਂ ਨਹੀਂ ਬਚ ਸਕਦੀ। ਪਹਿਲਾਂ ਹੀ ਪਤਾ ਲੱਗ ਚੁਕਿਆ ਹੈ ਕਿ ਲਮਕਾਉਣ ਦੀ ਨੀਤੀ ਸਾਨੂੰ ਕਿਥੇ ਲੈ ਗਈ ਹੈ। ਸਰਕਾਰ ਵਲੋਂ ਅਪਣਾਏ ਪਰਸ਼ਾਸਨੀ ਕਦਮ ਸਥਿਤੀ ਆਮ ਵਰਗੀ ਨਹੀਂ ਬਣਾ ਸਕਦੇ, ਅਤੇ ਨਾ ਹੀ ਆਨੰਦਪੁਰ ਮਤੇ ਬਾਰੇ ਘੜੀ ਮੁੜੀ ਰੱਟ ਲਾਈ ਜਾਣਾ, ਜਦੋਂ ਅਕਾਲੀ ਆਪ ਵੱਖਵਾਦੀ ਨਾਅਰੇ ਦੀ ਨਿਖੇਧੀ ਕਰ ਰਹੇ ਹਨ ਅਤੇ ਦੇਸ ਦੀ ਏਕਤਾ ਵਿਚ ਵਿਸ਼ਵਾਸ ਪ੍ਰਗਟਾ ਰਹੇ ਹਨ। ਆਨੰਦਪੁਰ ਮਤੇ ਦਾ ਭਾਰੀ ਨਾਭ ਉਠਾਇਆ ਜਾ ਚੁਕਿਆ ਹੈ। ਹੁਣ ਲੋੜ ਇਸ ਗੱਲ ਦੀ ਹੈ ਕਿ ਅਕਾਲੀਆਂ ਤੋਂ ਵੱਖਵਾਦ ਅਤੇ ਅਤਿਵਾਦੀ ਦੀ ਨਿਖੇਧੀ ਦੇ ਆਧਾਰ ਤੇ ਉਨ੍ਹਾ ਨੂੰ ਸੱਦਾ ਦੇ ਕੇ ਪੰਜਾਬ ਦੇ ਮਸਲੇ ਦਾ ਰਾਜਸੀ ਹਲ ਤਲਾਸ਼ ਕੀਤਾ ਜਾਏ। ਮਰਹੂਮ ਪਰਧਾਨ ਮੰਤਰੀ, ਸ੍ਰੀਮਤੀ ਇੰਦਰਾ ਗਾਂਧੀ ਦੇ ਦੋ ਜੂਨ, 1984 ਦੇ ਬਿਆਨ ਵਿਚ ਇਸਦਾ ਆਧਾਰ ਮਿਲਦਾ ਹੈ। ਅੱਜ ਇਸ ਗੱਲ ਦੀ ਲੋੜ ਵੀ ਹੈ ਕਿ ਸਿੱਖ ਫਿਰਕੇ ਨੂੰ ਇਹ ਵਿਸ਼ਵਾਸ਼ ਦਿਵਾਇਆ ਜਾਏ ਕਿ ਇਹ ਦੇਸ਼ ਉਨ੍ਹਾਂ ਦਾ ਵੀ ਉਨ੍ਹਾਂ ਹੀ ਹੈ ਜਿੰਨਾ ਕਿ ਹੋਰ ਕਿਸੇ ਦਾ। ਸਿੱਖ ਅਤਿਵਾਦ ਦੇ ਟਾਕਰੇ ਲਈ ਕਈ ਇਕ ਕਾਂਗਰਸੀ ਨੇਤਾਵਾਂ ਵਲੋਂ ਦਿਤਾ ਮਹਾਂ ਪੰਜਾਬ ਦਾ ਨਵਾਂ ਨਾਅਰਾ ਮਸਲੇ ਵਿਚ ਹੋਰ ਉਲਝਣਾਂ ਪਾ ਸਕਦਾ ਹੈ, ਅਤੇ ਇਹਦੇ ਨਾਲ ਸਥਿਤੀ ਵਿਚ ਫਿਰਕੂ ਰੰਗਤ ਵਧੇਗੀ। ਦੇਸ਼ ਵਿਚ ਏਕਤਾ ਨੂੰ ਮਜਬੂਤ ਕਰਨ ਦੀ ਲੋੜ ਹੈ, ਅਤੇ ਧਰਮ ਦੇ ਨਾਂ ਤੇ ਵੰਡਵਾਦ ਵਖਵਾਦ ਦੀ ਹਰ ਪ੍ਰਕਾਰ ਦੀ ਅਪੀਲ ਦਾ ਡੱਟ ਕੇ ਮੁਕਾਬਲਾ ਕਰਨ ਦੀ ਲੋੜ ਹੈ, ਭਾਵੇਂ ਇਹ ਆਨੰਦਪੁਰ ਮਤੇ ਦੇ ਰੂਪ ਵਿਚ ਹੋਵੇ, ਭਾਵੇਂ ਹਿੰਦੂ ਫਿਰਕਾਪ੍ਰਸਤੀ ਜਾਂ ਇਸਲਾਮੀ ਰੂੜੀਵਾਦ ਦੇ ਰੂਪ ਵਿਚ।●

ਆਨੰਦਪੁਰ ਸਾਹਿਬ ਨੂੰ ਜ਼ਿਲਾ ਬਨਾਉਣ ਦਾ ਸੁਝਾਅ

ਚੰਡੀਗੜ੍ਹ: ਪੰਜਾਬ ਪ੍ਰਦੇਸ਼ ਕਾਂਗਰਸ (ਆਈ) ਦੇ ਮੀਤ ਪ੍ਰਧਾਨ ਚੌਧਰੀ ਦਰਸ਼ਨ ਸਿੰਘ ਤੇ ਸੀਨੀਅਰ ਕਾਂਗਰਸੀ ਵਿਧਾਇਕ ਸ. ਜਗਦੇਵ ਸਿੰਘ ਜੱਸੋਵਾਲ

ਇਥੇ ਰਾਜਪਾਲ, ਪੰਜਾਬ ਸ੍ਰੀ ਕੇ. ਟੀ. ਸਤਾਰਵਾਲਾ ਨੂੰ ਮਿਲੇ ਅਤੇ ਮੰਗ ਕੀਤੀ ਕਿ ਪਿੰਡ ਹਠੂਰ, ਜਿਥੋਂ ਕਿ ਪੁਰਾਤੱਤਵ ਮਹੱਤਵ ਦੀਆਂ ਵਸਤਾਂ ਮਿਲੀਆਂ ਹਨ, ਨੂੰ ਸਮੂਹਕ ਪੇਂਡੂ ਵਿਕਾਸ ਸਕੀਮ ਹੇਠ ਲਿਆਂਦਾ ਜਾਵੇ ਅਤੇ ਭਾਰਤ ਸਰਕਾਰ ਦੇ ਪੁਰਾਤੱਤਵ ਵਿਭਾਗ ਨੂੰ ਪਿੰਡ 'ਚ ਖੁਦਾਈ ਕਰਨ ਲਈ ਕਿਹਾ ਜਾਵੇ। ਰਾਜਪਾਲ ਨੇ ਦੋਹਾਂ ਨੇਤਾਵਾਂ ਨੂੰ ਭਰੋਸਾ ਦਿਤਾ ਕਿ ਉਹ ਇਹ ਮਾਮਲਾ ਪੁਰਾਤੱਤਵ ਵਿਭਾਗ ਦੇ ਡਾਇਰੈਕਟਰ ਜਨਰਲ ਕੋਲ ਉਠਾਉਣਗੇ।

ਦੋਹਾਂ ਕਾਂਗਰਸੀ ਨੇਤਾਵਾਂ ਨੇ ਆਨੰਦਪੁਰ ਸਾਹਿਬ ਦੀ ਇਤਿਹਾਸਕ ਮਹੱਤਤਾ ਨੂੰ ਵੇਖਦਿਆਂ ਹੋਇਆਂ ਉਸ ਨਗਰ ਨੂੰ ਜ਼ਿਲਾ ਬਨਾਉਣ ਦੀ ਮੰਗ ਵੀ ਕੀਤੀ। ਰਾਜਪਾਲ ਨੇ ਇਸ ਮੰਗ 'ਤੇ ਵੀ ਗੌਰ ਕਰਨ ਦਾ ਭਰੋਸਾ ਦਿਵਾਇਆ।

ਦੋਹਾਂ ਨੇ ਥੀਨ ਡੈਮ ਪ੍ਰਾਜੈਕਟ ਨੂੰ ਜੰਗੀ ਪੱਧਰ 'ਤੇ ਉਸਾਰੇ ਜਾਣ ਦੀ ਮੰਗ ਵੀ ਕੀਤੀ।